41ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਅਵਾਜ਼

# ਤਰਕਸ਼ੀਲ
# TARKSHEEL

ਜੁਲਾਈ-ਅਗਸਤ 2026

* ਪੰਜਾਬ ਵਿਚਲਾ ਬੇਅਦਬੀ ਕਾਨੂੰਨ (2)
* ਮਨੁੱਖ ਨੇ ਵਸਤਰ ਪਹਿਨਣੇ ਕਦੋਂ ਸ਼ੁਰੂ ਕੀਤੇ (4)
* ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਜਿੱਦੀ ਸਾਧੂ (6)
* ਮੌਸਮ ਨੂੰ ਪ੍ਰਭਾਵਿਤ ਕਰ ਰਿਹਾ ਐੱਲ-ਨੀਨੋ (9)



ਕੁਦਰਤ ਦੇ ਇਸ ਸੋਹਣੇ ਦ੍ਰਿਸ਼ ਨੂੰ ਤਬਾਹ ਕਰਨ ਜਾ ਰਿਹਾ

- ਗਰੇਟ ਨਿਕੋਬਾਰ ਪ੍ਰੋਜੈਕਟ

30/-

## ਤਰਤੀਬ


| | | |
|---|---|---|
| 1. | ਪੰਜਾਬ ਵਿਚਲਾ ਬੇਅਦਬੀ ਕਾਨੂੰਨ | 2 |
| 2. | ਮਨੁੱਖ ਨੇ ਵਸਤਰ ਪਹਿਨਣੇ ਕਦੋਂ ਸ਼ੁਰੂ ਕੀਤੇ | 4 |
| 3. | ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਜਿੱਦੀ ਸਾਧੂ | 6 |
| 4. | ਮੌਸਮ ਨੂੰ ਪ੍ਰਭਾਵਿਤ ਕਰ ਰਿਹਾ ਐੱਲ-ਨੀਨੋ | 9 |
| 5. | ਵਾਤਾਵਰਣ ਦੀ ਤਬਾਹੀ - ਗਰੇਟ ਨਿਕੋਬਾਰ ਯੋਜਨਾ | 11 |
| 6. | ਉਹ ਫਿਰਕੂ ਭਾਵਨਾਵਾਂ ਦਾ ਲਾਹਾ ਨਾ ਲੈ ਸਕਿਆ | 13 |
| 7. | ਵਿਗਿਆਨਕ ਸੋਚ: ਸਮੇਂ ਦੀ ਮੁੱਖ ਲੋੜ | 14 |
| 8. | ਨੀਂਦ ਦੇ ਅਣਸੁਲਝੇ ਭੇਦ | 15 |
| 9. | ਸੈੱਲ ਘਟਣ ਅਤੇ ਡੇਂਗੂ ਬੁਖਾਰ ਬਾਰੇ | 16 |
| 10. | ਮੁੜ ਨਹੀਂ ਆਇਆ ਨੌਜਵਾਨ ਦਾ ਭੂਤ | 19 |
| 11. | ਇਸ ਮਹੀਨੇ ਦੇ ਵਿਗਿਆਨੀ | 21 |
| 12. | ਡਾ. ਨਰਿੰਦਰ ਦਬੋਲਕਰ ਅਤੇ ਡਾ. ਐਮ.ਐਮ. ਕੁਲਬਰਗੀ | 22-23 |
| 13. | ਮੰਗਲੀਕ ਦੋਸ਼ | 24 |
| 14. | ਗੋਹ ਬਨਾਮ ਚੰਨਣਗ੍ਰੀਰੀ | 26 |
| 15. | ਵਿਦਿਆਰਥੀ ਪੰਨੇ | 28-29 |
| 16. | ਚੰਦਰ ਸ਼ੇਖਰ ਅਜਾਦ ਅਤੇ ਸ਼ਹੀਦ ਊਧਮ ਸਿੰਘ | 30 |
| 17. | ਵੈੱਬਕੈਮ ਦੀ ਅਨੋਖੀ ਕਹਾਣੀ | 31 |
| 18. | ਜਲ ਧਾਰਾ | 32 |
| 19. | ਕਿਲਾ ਭਾਨਗੜ੍ਹ ਦੇ ਰਹੱਸਾਂ ਦਾ ਪਰਦਾਫਾਸ਼ | 34 |
| 20. | ਚੰਗੀਆਂ ਬਾਲ-ਪੁਸਤਕਾਂ ਬਾਰੇ | 36 |
| 21. | ਜਵਾਨ ਹੋ ਰਹੇ ਬੱਚਿਆਂ ਬਾਰੇ ਕੁਝ ਸੁਝਾਅ | 38 |
| 22. | ਸੰਕਲਪਾਂ ਦੀ ਗਲਤ ਵਿਆਖਿਆ | 41 |
| 23. | ਸਰਗਰਮੀਆਂ | 44 |
| 24. | ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ | 48 |
| 25. | ਸਵਰਨ ਭੰਗੂ ਦੀ ਵਸੀਅਤ | 50 |
| 26. | ਪ੍ਰਤੀਕਰਮ | 53 |
| 27. | ਲੇਖ ਰਚਨਾ ਮੁਕਾਬਲਾ-6 | 55 |






**ਮੁੱਖ ਸੰਪਾਦਕ**

ਰਾਜਪਾਲ ਸਿੰਘ
95018 83486

editortarksheel@gmail.com

**ਸੰਪਾਦਕੀ ਬੋਰਡ**

ਹੇਮ ਰਾਜ ਸਟੈਨੋ 98769 53561
ਪਾਲ ਬਾਗਪੁਰ 94173 13738
ਰਾਮ ਸਵਰਨ ਲੱਖੇਵਾਲੀ 95010 06626
ਵਿਸ਼ਵ ਕਾਂਤ 94170 37843
ਰਨਧੀਰ ਗਿੱਲਪੱਤੀ 98556 56156

**ਮੁੱਖ ਪ੍ਰਬੰਧਕ**

ਸੁਖਵਿੰਦਰ ਬਾਗਪੁਰ
94174 27538

**ਵਿਦੇਸ਼ੀ ਪ੍ਰਤੀਨਿਧ**

ਬੀਰਬਲ ਭਦੌੜ, ਕੈਲਗਿਰੀ
+1 204 894-4371
ਬਲਦੇਵ ਰਹਿਪਾ, ਟਰਾਂਟੋ
+1 41688 17202
ਅੱਛਰ ਸਿੰਘ ਖਰਲਵੀਰ (ਇੰਗਲੈਂਡ)
+1 44 748 635 1185
ਅਵਤਾਰ ਗੋਂਦਾਰਾ (USA)
+1(559)375-2589



**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**

ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਮੋਬਾ. 98769 53561

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨ ਮੈਂਬਰਸ਼ਿਪ : 1500 ਰੁ.
ਸਲਾਨਾ ਚੰਦਾ ਵਿਦੇਸ਼ : 2,000 ਰੁ.
ਜੀਵਨ ਮੈਂਬਰਸ਼ਿਪ ਵਿਦੇਸ਼ : 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

*ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।*

# ਸੰਪਾਦਕੀ

*ਅੱਗ ਅੰਨ੍ਹੀ ਹੈ, ਪਾਗਲ ਹੈ, ਮੂੰਹ ਜ਼ੋਰ ਹੈ,*
*ਇਹ ਨਾ ਸੋਚੀਂ ਕਿ ਸੜਦਾ ਕੋਈ ਹੋਰ ਹੈ;*
*ਲਾਂਬੂ ਏਧਰ ਦੀ ਲੰਘੇ ਜਦੋਂ ਟਹਿਲਦੇ,*
*ਖੌਰੇ ਕਿਹੜੇ ਬਰੂਹਾਂ ਤੇ ਰੁਕ ਜਾਣਗੇ।*

– ਗੁਰਤੇਜ ਕੋਹਾਰਵਾਲਾ

ਅਸੀਂ ਆਪਣੇ ਨੇੜਲੇ ਇਤਿਹਾਸ ਦੀਆਂ ਘਟਨਾਵਾਂ ਤੇ ਨਜ਼ਰ ਮਾਰੀਏ ਤਾਂ ਉਪਰੋਕਤ ਸਤਰਾਂ ਦੀ ਸੱਚਾਈ ਵਾਰ ਵਾਰ ਸਿੱਧ ਹੁੰਦੀ ਦਿਸਦੀ ਹੈ। ਜਿਨ੍ਹਾਂ ਨੇ ਵੀ ਧਾਰਮਿਕ ਜਨੂੰਨ ਦੀ ਅੱਗ ਭੜਕਾਅ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਦੀ ਕੋਸ਼ਿਸ਼ ਕੀਤੀ ਹੈ ਉਹ ਖ਼ੁਦ ਵੀ ਉਸ ਅੱਗ ਵਿੱਚ ਸੜਦੇ ਰਹੇ ਹਨ। 1980 ਦੇ ਦਹਾਕੇ ਵਿੱਚ ਜਦ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੇ ਰਾਜ ਸੱਤਾ ਹਾਸਲ ਕਰਨ ਦੀ ਲੜਾਈ ਵਿੱਚ ਸਿੱਖ ਧਾਰਮਿਕ ਮੁੱਦਿਆਂ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਤਾਂ ਧਾਰਮਿਕ ਜਨੂੰਨ ਦੀ ਅੱਗ ਇਹਨਾਂ ਦੇ ਕਾਬੂ ਵਿੱਚੋਂ ਨਿਕਲ ਕੇ ਇਹਨਾਂ ਨੂੰ ਵੀ ਲਪੇਟੇ ਵਿੱਚ ਲੈ ਗਈ। ਇਹ ਲਾਂਬੂ ਟਹਿਲਦੇ ਹੋਏ ਬਰੂਹਾਂ ਮੂਹਰੇ ਹੀ ਨਹੀਂ ਖੜੇ, ਬਲਕਿ ਘਰਾਂ ਅੰਦਰ ਵੜ ਗਏ। ਇਥੋਂ ਤੱਕ ਕਿ ਇਹ ਲਾਂਬੂ 1, ਸਫ਼ਦਰਜੰਗ ਰੋਡ, ਨਵੀਂ ਦਿੱਲੀ ਦੇ ਅੱਤ ਸੁਰੱਖਿਆ ਵਾਲੇ ਘਰ ਅੰਦਰ ਵੀ ਵੜ ਕੇ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਨੂੰ ਖਤਮ ਕਰ ਗਏ। ਉਸ ਦੌਰ ਵਿੱਚ ਜਿੱਥੇ ਆਮ ਲੋਕਾਂ ਨੇ ਮੌਤਾਂ ਅਤੇ ਦਹਿਸ਼ਤ ਦੇ ਅਥਾਹ ਦੁੱਖ ਝੱਲੇ ਉਥੇ ਇਹ ਧਾਰਮਿਕ ਜਨੂੰਨ ਭੜਕਾਉਣ ਵਾਲੇ ਵੀ ਵਿੱਚੇ ਰਗੜੇ ਗਏ।

ਪਰ ਪੰਜਾਬ ਦੇ ਸਿਆਸਤਦਾਨਾਂ ਨੇ ਇਸ ਤੋਂ ਕੋਈ ਸਬਕ ਨਹੀਂ ਸਿੱਖਿਆ। ਉਸ ਤੋਂ ਬਾਅਦ ਵੀ ਸਿਆਸੀ ਲੜਾਈਆਂ ਆਰਥਿਕ ਨੀਤੀਆਂ ਅਤੇ ਲੋਕਾਂ ਦੇ ਮੁੱਦਿਆਂ ਉੱਤੇ ਲੜਨ ਦੀ ਬਜਾਏ ਉਹ ਧਾਰਮਿਕ ਭਾਵਨਾਵਾਂ ਨੂੰ ਵਰਤਣ ਦੀ ਕੋਸ਼ਿਸ਼ ਵਿੱਚ ਲੱਗੇ ਰਹੇ। ਇਹ ਤਾਂ ਬਹੁਤ ਪਹਿਲਾਂ ਸਪਸ਼ਟ ਹੋ ਚੁੱਕਾ ਸੀ ਕਿ ਕਾਂਗਰਸ ਕੁਝ ਟੇਢੇ ਰੂਪ ਵਿੱਚ, ਅਕਾਲੀ ਦਲ ਦੇ ਵੱਖ-ਵੱਖ ਧੜੇ ਸਿੱਧੇ ਰੂਪ ਵਿੱਚ ਅਤੇ ਹੁਣ ਭਾਰਤੀ ਜਨਤਾ ਪਾਰਟੀ ਦੇਸ਼ ਭਰ ਵਿੱਚ ਨੰਗੇ ਚਿੱਟੇ ਰੂਪ ਵਿੱਚ ਫਿਰਕਾਪ੍ਰਸਤੀ ਦੀ ਇਹ ਖੇਡ ਖੇਡਦੀ ਆ ਰਹੀ ਹੈ। ਪਰ ਹੁਣ ਪੰਜਾਬ ਵਿੱਚ ਸਿਆਸਤ ਨੂੰ ਬਦਲਣ ਦਾ ਵਾਅਦਾ ਕਰਕੇ ਆਈ ਨਵੀਂ ਹੁਕਮਰਾਨ ਆਮ ਆਦਮੀ ਪਾਰਟੀ ਵੀ ਇਸੇ ਰਾਹ ਪਈ ਹੋਈ ਹੈ। ਸਿੱਖ ਧਾਰਮਿਕ ਗ੍ਰੰਥਾਂ ਦੀ ਬੇ-ਅਦਬੀ ਸਬੰਧੀ ਨਵਾਂ ਕਾਨੂੰਨ ਬਣਾ ਕੇ ਉਸ ਨੂੰ ਲੱਗਦਾ ਸੀ ਕਿ ਉਹ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੋਟਾਂ ਵਿੱਚ ਬਦਲ ਲਵੇਗੀ। ਪਰ ਸ਼ਰੀਕ ਪਾਰਟੀ ਨੇ ਆਪਣੇ ਜਥੇਦਾਰ ਰਾਹੀਂ ਫੂਕ ਮਾਰ ਕੇ ਇਨ੍ਹਾਂ ਧਾਰਮਿਕ ਭਾਵਨਾਵਾਂ ਦੇ ਸੇਕ ਨੂੰ ਉਸੇ ਵੱਲ ਮੋੜ ਦਿੱਤਾ ਹੈ। ਬੇ-ਅਦਬੀ ਕਾਨੂੰਨ ਅਤੇ ਗੋਲਕਾਂ ਸਬੰਧੀ ਮਾਨ ਦੇ ਇੱਕ ਬਿਆਨ ਦੇ ਮੁੱਦਿਆਂ ਤੋਂ ਇਲਾਵਾ ਇਸ ਧਾਰਮਿਕ ਅੱਗ ਵਿੱਚ ਇੱਕ ਵੱਡਾ ਝੋਕਾ ਭਗਵੰਤ ਮਾਨ ਦੀ ਵੀਡੀਓ (ਅਸਲੀ ਜਾਂ ਨਕਲੀ) ਦਾ ਵੀ ਲਾਇਆ ਗਿਆ ਹੈ।

ਇਸ ਤੋਂ ਪਹਿਲਾਂ ਇਸੇ ਸਰਕਾਰ ਨੇ, ਲੋਕਾਂ ਨੂੰ ਆਪਣੇ ਮਸਲਿਆਂ ਦੀ ਗੱਲ ਕਰਨ ਤੋਂ ਟਾਲਣ ਲਈ ਸਰਕਾਰੀ ਖਰਚੇ ਉੱਤੇ ਤੀਰਥ ਸਥਾਨਾਂ ਵੱਲ ਤੋਰਿਆ ਹੋਇਆ ਹੈ। ਲੋਕਾਂ ਦੇ ਟੈਕਸਾਂ ਤੋਂ ਇਕੱਠੇ ਕੀਤੇ 312 ਕਰੋੜ ਰੁਪਏ, ਆਮ ਲੋਕਾਂ ਲਈ ਕੋਈ ਸਹੂਲਤ ਪੈਦਾ ਕਰਨ ਜਾਂ ਕਿਸੇ ਉਸਾਰੂ ਯੋਜਨਾ ਉੱਤੇ ਖਰਚਣ ਦੀ ਬਜਾਏ, ਤੀਰਥ ਯਾਤਰਾ ਦੇ ਬਹਾਨੇ ਕੁਝ ਚੋਣਵੇਂ ਲੋਕਾਂ ਨੂੰ ਏਸੀ ਬੱਸਾਂ ਵਿੱਚ ਘੁਮਾਉਣ ਅਤੇ ਸ਼ਾਨਦਾਰ ਹੋਟਲਾਂ ਵਿੱਚ ਠਹਿਰਾਉਣ ਲਈ ਖਰਚ ਕੀਤੇ ਜਾ ਰਹੇ ਹਨ।

ਅਸੀਂ ਸਿਆਸਤ ਨੂੰ ਲੋਕ ਮੁੱਦਿਆਂ ਦੀ ਬਜਾਏ ਧਾਰਮਿਕ ਮੁੱਦਿਆਂ ਵਿੱਚ ਉਲਝਾਉਣ, ਲੋਕਾਂ ਦੇ ਪੈਸੇ ਨੂੰ ਧਾਰਮਿਕ ਯਾਤਰਾਵਾਂ ਉੱਤੇ ਖਰਚਾਂ ਦਾ ਵਿਰੋਧ ਕਰਦੇ ਹਾਂ। ਧਾਰਮਿਕ ਮੁੱਦਿਆਂ ਦੀ ਸਿਆਸਤ ਨੇ ਪੰਜਾਬ ਦਾ ਬੇਥਾਹ ਨੁਕਸਾਨ ਕੀਤਾ ਹੈ ਅਤੇ ਅੱਜ ਪੰਜਾਬ ਵਿੱਚ ਮੁੜ ਉਹੋ ਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ। ਜੋ ਸੱਤਾਧਾਰੀ ਅਤੇ ਸੱਤਾ ਤੋਂ ਬਾਹਰੀ ਹਾਕਮ ਜਮਾਤੀ ਪਾਰਟੀਆਂ ਧਾਰਮਿਕ ਮੁੱਦਿਆਂ ਦੀ ਅਜਿਹੀ ਸਿਆਸਤ ਕਰ ਰਹੀਆਂ ਹਨ ਉਹ ਅੱਗ ਨਾਲ ਹੀ ਖੇਡ ਰਹੀਆਂ ਹਨ। ਸਾਡਾ ਫਿਕਰ ਇਸ ਕਰਕੇ ਵੱਧ ਹੈ ਕਿ ਇਸ ਅੱਗ ਵਿੱਚ ਕੇਵਲ ਇਹ ਅੱਗ ਭੜਕਾਉਣ ਵਾਲਿਆਂ ਨੇ ਹੀ ਝੁਲਸੇ ਨਹੀਂ ਜਾਣਾ, ਬਲਕਿ ਆਮ ਲੋਕਾਂ ਨੇ ਇਹਨਾਂ ਵੱਲੋਂ ਲਾਈ ਅੱਗ ਵਿੱਚ ਵੱਧ ਸੜਨਾ ਹੈ। ਸਾਡਾ ਚੇਤਨ ਲੋਕਾਂ ਦਾ ਇਹ ਫਰਜ ਬਣਦਾ ਹੈ ਕਿ ਅਸੀਂ ਲੋਕਾਂ ਨੂੰ ਇਹਨਾਂ ਲਾਂਬੂਆਂ ਬਾਰੇ ਸੁਚੇਤ ਕਰੀਏ ਜੋ ਪੰਜਾਬ ਦੇ ਮਾਹੌਲ ਵਿੱਚ ਟਹਿਲਣ ਲਈ ਛੱਡੇ ਜਾ ਰਹੇ ਹਨ।

# ਪੰਜਾਬ ਵਿਚਲਾ ਬੇਅਦਬੀ ਕਾਨੂੰਨ, ਇੱਕ ਖ਼ਤਰਨਾਕ ਸਿਆਸਤ

ਪ੍ਰੋ. ਫ਼ੈਜ਼ਾਨ ਮੁਸਤਫ਼ਾ

***ਮੌਜੂਦਾ ਸਰਕਾਰਾਂ ਜਿਨ੍ਹਾਂ ਨੀਤੀਆਂ 'ਤੇ ਚੱਲ ਰਹੀਆਂ ਹਨ ਉਨ੍ਹਾਂ ਨਾਲ ਉਹ ਲੋਕਾਂ ਦੇ ਬੁਨਿਆਦੀ ਮਸਲਿਆਂ ਨੂੰ ਹੱਲ ਕਰਨ ਤੋਂ ਪੂਰੀ ਤਰ੍ਹਾਂ ਅਸਮਰਥ ਸਿੱਧ ਹੋ ਰਹੀਆਂ ਹਨ। ਪਰ ਵੋਟ ਰਾਜਨੀਤੀ ਕਾਰਨ ਉਹ ਲੋਕਾਂ ਨੂੰ ਆਪਣੇ ਮਗਰ ਵੀ ਲਾਕੇ ਰੱਖਣਾ ਚਾਹੁੰਦੀਆਂ ਹਨ। ਇਸ ਲਈ ਉਹ ਲੋਕਾਂ ਦੇ ਅਸਲ ਮਸਲਿਆਂ ਬਾਰੇ ਗੱਲ ਕਰਨ ਦੀ ਬਜਾਏ ਅਜਿਹੇ ਮੁੱਦੇ ਅੱਗੇ ਲੈ ਕੇ ਆਉਂਦੀਆਂ ਹਨ, ਜੋ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਹੁੰਦੇ ਹਨ। ਪਿਛਲੇ ਸਾਲਾਂ ਦੌਰਾਨ ਸਿੱਖ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦਾ ਮੁੱਦਾ ਕਾਫੀ ਭਖਿਆ ਰਿਹਾ ਹੈ। ਅਪ੍ਰੈਲ ਮਹੀਨੇ ਵਿੱਚ ਆਮ ਆਦਮੀ ਪਾਰਟੀ ਨੇ ਇਸ ਮੁੱਦੇ ਨੂੰ ਵਰਤਣ ਲਈ ਇੱਕ ਕਾਨੂੰਨ ਲੈ ਕੇ ਆਂਦਾ ਹੈ ਜਿਸ ਵਿੱਚ ਧਾਰਮਿਕ ਬੇਅਦਬੀ ਦੇ ਮਾਮਲਿਆਂ ਵਿੱਚ ਸਖਤ ਸਜਾਵਾਂ ਦੀ ਵਿਵਸਥਾ ਕੀਤੀ ਗਈ ਹੈ। ਇਸ ਕਾਨੂੰਨ ਦੀ ਸੈਕੂਲਰ ਅਤੇ ਧਾਰਮਿਕ ਦੋਹਾਂ ਪਾਸਿਆਂ ਤੋਂ ਆਲੋਚਨਾ ਹੋ ਰਹੀ ਹੈ। ਧਾਰਮਿਕ ਲੋਕਾਂ ਦਾ ਆਪਣਾ ਨਜ਼ਰੀਆ ਹੈ, ਪਰ ਸੈਕੂਲਰ ਵਿਚਾਰਵਾਨ ਇਸ ਨੂੰ ਵਿਚਾਰ ਪ੍ਰਗਟਾਵੇ ਨੂੰ ਕੁਚਲਣ ਅਤੇ ਵਿਰੋਧੀਆਂ ਖਿਲਾਫ਼ ਦੁਰਵਰਤੋਂ ਦਾ ਸਾਧਨ ਹੋਣ ਵਜੋਂ ਚਿਤਾਵਨੀਆਂ ਦੇ ਰਹੇ ਹਨ। ਇਸ ਪ੍ਰਸੰਗ ਵਿੱਚ ਕਾਨੂੰਨ ਦੇ ਉੱਘੇ ਮਾਹਿਰ ਫੈਜ਼ਾਨ ਮੁਸਤਫਾ ਦਾ ਲੇਖ ਪੇਸ਼ ਕਰ ਰਹੇ ਹਾਂ, ਜੋ ਇਸ ਕਾਨੂੰਨ ਦੇ ਹੋਰ ਦੇਸ਼ਾਂ ਨਾਲ ਤੁਲਨਾ ਕਰਦੇ ਹੋਏ ਇਸ ਦੇ ਖਤਰਿਆਂ ਤੋਂ ਆਗਾਹ ਕਰ ਰਹੇ ਹਨ।***

ਭਾਰਤੀ ਸਿਆਸਤਦਾਨ ਸ਼ਸ਼ੀ ਥਰੂਰ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਭਾਰਤੀ ਜਨਤਾ ਪਾਰਟੀ 2019 ਵਿੱਚ ਸੱਤਾ 'ਚ ਆਉਂਦੀ ਹੈ ਤਾਂ ਭਾਰਤ 'ਹਿੰਦੂ ਪਾਕਿਸਤਾਨ' ਬਣ ਜਾਵੇਗਾ। ਉਸ ਦੀ ਇਸ ਟਿੱਪਣੀ ਉੱਤੇ ਬਹੁਤ ਇਤਰਾਜ਼ ਕੀਤਾ ਗਿਆ ਸੀ, ਪਰ ਹਰ ਲੰਘਦੇ ਦਿਨ ਦੇ ਨਾਲ, ਅਸੀਂ ਇੱਕ ਮੁੱਦੇ 'ਤੇ ਪਾਕਿਸਤਾਨ ਦੇ ਨੇੜੇ ਜਾ ਰਹੇ ਹਾਂ, ਉਹ ਮੁੱਦਾ ਹੈ -ਧਾਰਮਿਕ ਬੇਅਦਬੀ। ਇਹ ਮੇਰੇ ਵਰਗੇ ਲੋਕਾਂ ਲਈ ਬਹੁਤ ਨਿਰਾਸ਼ਾਜਨਕ ਹੈ, ਜੋ ਅਪਰਾਧਿਕ ਕਾਨੂੰਨ ਪੜ੍ਹਾਉਂਦੇ ਹਨ।

ਜ਼ਿਆਦਾਤਰ ਦੇਸ਼ਾਂ ਨੇ ਅਜਿਹੇ ਕਾਨੂੰਨਾਂ ਨੂੰ ਖਤਮ ਕਰ ਦਿੱਤਾ ਹੈ। ਸਿਰਫ ਕੁਝ ਮੁਸਲਿਮ ਦੇਸ਼ਾਂ ਵਿੱਚ ਹੀ ਇਹ ਅਜੇ ਵੀ ਹਨ। ਭਾਰਤ ਨੂੰ ਉਨ੍ਹਾਂ ਦੇ ਪਿਛਾਂਹ ਖਿੱਚੂ ਕਦਮਾਂ 'ਤੇ ਕਿਉਂ ਤੁਰਨਾ ਚਾਹੀਦਾ ਹੈ? ਇਸ ਲੇਖਕ ਨੇ ਭਾਰਤੀ ਨਿਆਯ ਸੰਹਿਤਾ, 2023 ਦੀ ਧਾਰਾ 299 ਵਿੱਚ ਧਰਮਨਿੰਦਾ (blasphemy) ਕਾਨੂੰਨ ਨੂੰ ਸ਼ਾਮਲ ਕਰਨ ਦੇ ਵਿਰੁੱਧ ਇੱਕ ਸੰਯੁਕਤ ਸੰਸਦੀ ਕਮੇਟੀ ਦੇ ਸਾਹਮਣੇ ਜ਼ੋਰਦਾਰ ਦਲੀਲਾਂ ਦਿੱਤੀਆਂ ਸਨ, ਪਰ ਸਰਕਾਰ ਨੇ ਬਸਤੀਵਾਦੀ ਯੁੱਗ ਦੇ ਇਸ ਅਵਸ਼ੇਸ਼ ਨੂੰ ਬਰਕਰਾਰ ਰੱਖਣ ਨੂੰ ਤਰਜੀਹ ਦਿੱਤੀ।

ਧਾਰਮਿਕ ਵਿਸ਼ਵਾਸਾਂ ਨੂੰ ਰਾਜ ਦੁਆਰਾ ਸਮਾਜਿਕ ਨਿਯਮਾਂ ਵਜੋਂ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ, ਕਿਉਂਕਿ ਇਹ ਨਾਗਰਿਕਾਂ ਦੇ ਬੋਲਣ ਦੀ ਆਜ਼ਾਦੀ ਦੇ ਅਧਿਕਾਰ 'ਤੇ ਬੇਲੋੜਾ ਬੋਝ ਪਾਉਂਦਾ ਹੈ।

ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨਵੇਂ ਕਾਨੂੰਨ ਰਾਹੀਂ ਸਿਆਸਤ ਕਰ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੋਧੀ ਸਖ਼ਤ ਕਾਨੂੰਨ ਪਾਸ ਕਰਨ ਲਈ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਗਿਆ ਸੀ। ਪੰਜਾਬ ਦੇ ਕਾਨੂੰਨ ਦੀ ਇਹ ਨਵੀਂ ਵਿਵਸਥਾ, ਪਾਕਿਸਤਾਨ ਦੰਡਾਵਲੀ ਦੀ ਧਾਰਾ 295-ਬੀ ਤੋਂ ਪਰ੍ਹੇ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਜੋ ਵੀ ਪਵਿੱਤਰ ਕੁਰਾਨ ਜਾਂ ਉਸ ਦੇ ਕਿਸੇ ਹਿੱਸੇ ਨੂੰ ਜਾਣਬੁੱਝ ਕੇ ਅਪਮਾਨਜਨਕ ਤਰੀਕੇ ਨਾਲ ਜਾਂ ਕਿਸੇ ਗੈਰਕਾਨੂੰਨੀ ਉਦੇਸ਼ ਲਈ ਵਰਤਦਾ ਹੈ, ਉਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਜਾਵੇਗੀ।" ਪਾਕਿਸਤਾਨੀ ਕਾਨੂੰਨ ਦੇ ਮੁਕਾਬਲੇ, ਪੰਜਾਬ ਦੇ ਨਵੇਂ ਕਾਨੂੰਨ ਵਿੱਚ ਉਮਰ ਕੈਦ ਤੋਂ ਇਲਾਵਾ 25 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਵੀ ਕੀਤੀ ਗਈ ਹੈ ਅਤੇ ਪਾਗਲਪਨ ਜਾਂ ਮਨ ਦੀ ਅਸ਼ਾਂਤੀ ਦੇ ਬਚਾਅ ਨੂੰ ਦੂਰ ਕਰ ਦਿੱਤਾ ਗਿਆ ਹੈ, ਜੋ ਕਿ 1860 ਤੋਂ ਸਾਡੀਆਂ ਕਾਨੂੰਨ ਦੀਆਂ ਕਿਤਾਬਾਂ ਵਿੱਚ ਹੈ।

ਹਾਲ ਹੀ ਵਿੱਚ, ਇਲਾਹਾਬਾਦ ਹਾਈ ਕੋਰਟ ਦੇ ਜਸਟਿਸ ਸੌਰਭ ਸ਼੍ਰੀਵਾਸਤਵ ਨੇ ਕਿਹਾ ਕਿ ਇਹ ਦਾਅਵਾ ਕਿ ਕੋਈ ਵਿਸ਼ੇਸ਼ ਧਰਮ 'ਇਕੋ ਸੱਚਾ ਧਰਮ' ਹੈ, ਦੂਜੇ ਧਰਮਾਂ ਦਾ 'ਅਪਮਾਨ' ਹੈ ਅਤੇ ਇਹ ਭਾਰਤੀ ਨਿਆਂਇਕ ਸੰਹਿਤਾ, 2023 (ਭਾਰਤੀ ਦੰਡਾਵਲੀ ਦੀ ਧਾਰਾ 295-ਏ) ਦੇ ਤਹਿਤ ਈਸ਼ਨਿੰਦਾ ਦੀ ਵਿਵਸਥਾ ਦੇ ਅਧੀਨ ਆਉਂਦਾ ਹੈ। ਖੁਸ਼ਕਿਸਮਤੀ ਨਾਲ, 10 ਅਪ੍ਰੈਲ ਨੂੰ ਸੁਪਰੀਮ ਕੋਰਟ ਨੇ ਫਾਦਰ ਵਿਨੀਤ ਵਿਨਸੈਂਟ ਪਰੇਰਾ ਵਿਰੁੱਧ ਅਪਰਾਧਿਕ ਕਾਰਵਾਈ 'ਤੇ ਰੋਕ ਲਗਾ ਦਿੱਤੀ, ਜਿਸ ਉੱਤੇ ਪ੍ਰਾਰਥਨਾ ਸਭਾਵਾਂ ਦੌਰਾਨ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਲਗਾਇਆ

ਗਿਆ ਸੀ।

ਸਾਡੇ ਸੰਵਿਧਾਨ ਦੀ ਪ੍ਰਸਤਾਵਨਾ ਹਰੇਕ ਨਾਗਰਿਕ ਨੂੰ 'ਵਿਚਾਰ ਪ੍ਰਗਟਾਵੇ, ਵਿਸ਼ਵਾਸ਼ ਅਤੇ ਪੂਜਾ ਦੀ ਆਜ਼ਾਦੀ' ਦੀ ਗਰੰਟੀ ਦਿੰਦੀ ਹੈ। ਇਸ ਲਈ, ਕੋਈ ਵੀ ਵਿਅਕਤੀ ਇਹ ਵਿਸ਼ਵਾਸ ਰੱਖਣ ਦਾ ਹੱਕਦਾਰ ਹੈ ਕਿ ਉਸ ਦਾ ਧਰਮ ਸਭ ਤੋਂ ਉੱਤਮ ਹੈ ਅਤੇ ਉਹ ਇਸ ਨੂੰ ਪ੍ਰਗਟ ਕਰ ਸਕਦਾ ਹੈ। ਧਾਰਾ 19 (2) ਦੇ ਤਹਿਤ ਬੋਲਣ ਦੀ ਇਸ ਆਜ਼ਾਦੀ ਨੂੰ ਘੱਟ ਨਹੀਂ ਕੀਤਾ ਜਾ ਸਕਦਾ।

ਪ੍ਰਾਚੀਨ ਯੂਨਾਨ ਵਿਚ ਧਰਮਨਿੰਦਾ ਦੇ ਜੁਰਮ ਵਿਚ ਦੇਵਤਿਆਂ ਬਾਰੇ ਬੁਰਾ ਬੋਲਣਾ, ਸ਼ਾਂਤੀ ਭੰਗ ਕਰਨਾ ਅਤੇ ਸਰਕਾਰ ਦੇ ਸਿਧਾਂਤਾਂ ਦਾ ਨਿਰਾਦਰ ਕਰਨਾ ਸ਼ਾਮਲ ਸੀ। ਇਕੋ ਰੱਬ ਹੋਣ (monotheism) ਦੇ ਸੰਕਲਪ ਦੀ ਆਮਦ ਨੇ ਈਸ਼ਨਿੰਦਾ ਨੂੰ ਇੱਕ ਨਵਾਂ ਹੁਲਾਰਾ ਦਿੱਤਾ। ਧਰਮਨਿੰਦਾ ਦੀ ਪੱਛਮੀ ਸਮਝ ਦੀ ਸ਼ੁਰੂਆਤ 13 ਵੀਂ ਸਦੀ ਵਿੱਚ ਹੈ, ਜਦੋਂ ਇਹ ਪਾਖੰਡ ਤੋਂ ਵੱਖਰੇ ਅਪਰਾਧ ਦੇ ਰੂਪ ਵਿੱਚ ਵਿਕਸਤ ਹੋਇਆ।

ਇਸਤੋਂ ਬਾਅਦ ਰੱਬ ਦੀ ਸਰਵਉੱਚਤਾ ਨੂੰ ਚੁਣੌਤੀਆਂ ਨੂੰ ਰਾਜ ਦੇ ਅਧਿਕਾਰ ਨੂੰ ਨੁਕਸਾਨ ਪਹੁੰਚਾਉਣ ਦੇ ਰੂਪ ਵਿੱਚ ਮੰਨਿਆ ਜਾਣ ਲੱਗਾ। 1671 ਵਿੱਚ ਜੌਨ ਟੇਲਰ ਨੂੰ ਸਜ਼ਾ ਸੁਣਾਉਂਦੇ ਹੋਏ, ਅੰਗਰੇਜ ਲਾਰਡ ਚੀਫ ਜਸਟਿਸ ਸਰ ਮੈਥਿਊ ਹੇਲ ਨੇ ਦਲੀਲ ਦਿੱਤੀ ਕਿ ਧਰਮ ਉਤੇ ਹਮਲਾ, ਕਾਨੂੰਨ 'ਤੇ ਹੀ ਹਮਲਾ ਹੈ ਅਤੇ ਇਸ ਤਰ੍ਹਾਂ ਧਰਮਨਿੰਦਾ ਨੂੰ ਦੇਸ਼ਧ੍ਰੋਹ ਦੇ ਬਰਾਬਰ ਮੰਨਿਆ ਗਿਆ। ਅਗਲੀਆਂ ਸਦੀਆਂ ਵਿੱਚ, ਪੱਛਮੀ ਦੇਸ਼ਾਂ ਵਿੱਚ 'ਧਰਮ ਵਿਰੋਧੀ ਹੋਣ' ਦੇ ਅਪਰਾਧ ਨੇ ਯੂਰਪੀਅਨ ਸਮਾਜ ਨੂੰ ਇੱਕ 'ਜ਼ੁਲਮੀ ਸਮਾਜ' ਵਿੱਚ ਬਦਲ ਦਿੱਤਾ। ਉਮੀਦ ਹੈ ਕਿ ਪੰਜਾਬ ਇਸ ਰਾਹ ਨਹੀਂ ਜਾਵੇਗਾ।

ਆਮ ਆਦਮੀ ਪਾਰਟੀ ਦੀ ਸਰਕਾਰ ਇਹ ਕਿਉਂ ਨਹੀਂ ਸਮਝਦੀ ਕਿ ਉਸ ਨੂੰ ਧਾਰਮਿਕ ਕਿਤਾਬ ਦੀ ਬੇਅਦਬੀ ਕਰਨ ਦੀ ਬਜਾਏ ਸ਼ਾਸਨ ਦੇ ਵਧੇਰੇ ਮਹੱਤਵਪੂਰਨ ਮੁੱਦਿਆਂ 'ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ? ਨਵੇਂ ਕਾਨੂੰਨ ਦੇ ਤਹਿਤ ਮੁਲਜ਼ਮਾਂ ਨੂੰ ਧਮਕੀਆਂ ਦਾ ਸ਼ਿਕਾਰ ਬਣਾਉਣ ਲਈ ਸਿਰਫ ਦੋਸ਼ ਲਗਾ ਦੇਣੇ ਹੀ ਕਾਫ਼ੀ ਹੋਣਗੇ ਅਤੇ ਜੱਜ ਜਨਤਕ ਵਿਰੋਧ ਪ੍ਰਦਰਸ਼ਨ ਅਤੇ ਮੁਲਜ਼ਮਾਂ ਦੀ ਜਾਨ ਨੂੰ ਖਤਰੇ ਕਾਰਨ ਜ਼ਮਾਨਤ ਵੀ ਨਹੀਂ ਦੇ ਸਕਣਗੇ। ਅਜਿਹੇ ਸਮੇਂ ਜਦੋਂ ਭੀੜ ਵੱਲੋਂ ਸਿਰਫ ਬੀਫ ਰੱਖਣ, ਗਊ ਚੋਰੀ, ਬੱਚਿਆਂ ਨੂੰ ਅਗਵਾ ਕਰਨ, ਬਲਾਤਕਾਰ, ਚੋਰੀ ਆਦਿ ਦੇ ਦੋਸ਼ਾਂ 'ਤੇ ਇੰਨੇ ਸਾਰੇ ਲੋਕ ਮਾਰੇ ਗਏ ਹਨ, ਪੰਜਾਬ ਦਾ ਕਾਨੂੰਨ ਭੀੜ ਦੀ ਹਿੰਸਾ ਨੂੰ ਨਵੀਂ ਗਤੀ ਦੇਵੇਗਾ।

***ਧੰਨਵਾਦ ਸਹਿਤ, ਇੰਡੀਅਨ ਐਕਸਪ੍ਰੈਸ (28-4-26)***

## ਫਿਰਕਾਪ੍ਰਸਤੀ ਦੀ ਸਿਖਲਾਈ

ਪਿੱਛੇ ਜਿਹੇ ਮੈਂ ਦਾਦਕੇ ਪਿੰਡ ਗਈ ਤਾਂ ਦੇਖ ਕੇ ਹੈਰਾਨੀ ਹੋਈ ਕਿ ਪੜ੍ਹੇ ਲਿਖੇ ਮੁੰਡੇ ਧੋਤੀਆਂ ਲਾਈ, ਬੋਦੀਆਂ ਰਖੀ ਫਿਰਦੇ ਨੇ। ਪਤਾ ਲੱਗਾ ਕਿ ਆਰ.ਐਸ.ਐਸ. ਵਾਲੇ ਕੋਈ ਕੈਂਪ ਲਾਉਂਦੇ ਨੇ ਇਹ ਸਭ ਪੱਟੀਆਂ ਪੜ੍ਹਾਉਣ ਲਈ ਕਿ ਸੱਚੇ ਹਿੰਦੂ ਕਿਵੇਂ ਬਣੀਏ। ਕੋਈ ਮਥੁਰਾ ਵ੍ਰਿੰਦਾਬਣ ਗਿਆ, ਇਹ ਸਭ ਸਿਖ ਕੇ ਆਇਆ ਤੇ ਓਹਨੇ ਹੁਣ ਮੁੰਢੀਰ ਮਗਰ ਲਾਈ ਹੋਈ ਸੀ।

ਦੇਸ਼ਾਂ ਤੇ ਵਿਦੇਸ਼ਾਂ 'ਚ ਥਾਂ-ਥਾਂ ਮੁੰਡਿਆਂ ਨੂੰ 'ਦਸਤਾਰਾਂ ਸਜਾਉਣ' ਯਾਨੀ ਪੱਗਾਂ ਬਨ੍ਹਣ ਦੀ ਟ੍ਰੇਨਿੰਗ ਦੇ ਨਾਲ ਸੱਚੇ ਸਿੱਖ ਹੋਣ ਦੀਆਂ ਪੱਟੀਆਂ ਵੀ ਪੜ੍ਹਾਈਆਂ ਜਾ ਰਹੀਆਂ ਹਨ।

ਇਹ ਸਭ ਭੋਲੇ ਜਵਾਕ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਇਤਫ਼ਾਕਨ ਜਨਮ ਮੁਤਾਬਿਕ ਬ੍ਰੇਨਵਾਸ਼ ਕੀਤਾ ਜਾ ਰਿਹਾ ਹੈ।

ਮੁਸਲਮਾਨੀ ਦੇਸ਼ਾਂ ਵਿਚ ਮੱਦਰਸੇ ਖ਼ੂਬ ਜ਼ੋਰਾਂ-ਸ਼ੋਰਾਂ 'ਤੇ ਚੱਲ ਰਹੇ ਹਨ ਜਿਥੇ ਜਵਾਕਾਂ ਨੂੰ ਮੁਸਲਮਾਨੀ ਰਹਿਤ-ਮਰਿਆਦਾ ਸਿਖਾਈ ਜਾ ਰਹੀ ਹੈ।

ਦੂਜੇ ਪਾਸੇ ਪੱਛਮੀ ਦੇਸ਼ਾਂ ਵਿਚ ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪੜ੍ਹਦੇ ਨੌਜਵਾਨ ਧਰਮਾਂ ਦੀ ਕੱਟੜਤਾ ਤੋਂ ਦੂਰ ਹੁੰਦੇ ਸੈਕੂਲਰ ਵਿਚਾਰ ਅਪਨਾਉਣ 'ਚ ਰੁਝੇ ਹੋਏ ਹਨ। ਉਨ੍ਹਾਂ ਦੇ ਵੀ ਕੈਂਪ ਲੱਗਦੇ ਹਨ- ਸਾਇੰਸ, ਨਵੀਂ ਟੈਕਨਾਲੋਜੀ, ਨਵੀਂ ਮੈਡੀਸਨ, ਵਾਤਾਵਰਨ, ਕਲਾ, ਸਾਹਿਤ ਤੇ ਹੋਰ ਸਿਖਣ-ਸਮਝਣ ਤੇ ਦੁਨੀਆਂ 'ਚ ਕੁਝ ਚੰਗਾ ਕਰਨ ਬਾਰੇ।

ਕੱਟੜ ਤੇ ਸੀਮਤ ਸੋਚ-ਸਮਝ ਵਾਲੇ ਰਾਹਾਂ 'ਤੇ ਜਵਾਕਾਂ ਨੂੰ ਤੋਰਨ ਦਾ ਨਤੀਜਾ ਕੀ ਹੋਏਗਾ? ਕੀਹਨੂੰ ਚਿੰਤਾ ਜਾਂ ਪ੍ਰਵਾਹ ਹੈ? ਬਹੁਤਿਆਂ ਨੂੰ ਨਹੀਂ। ਮਾਪੇ ਖ਼ੁਸ਼ ਹਨ ਕਿ ਉਨ੍ਹਾਂ ਦੇ ਜਵਾਕ 'ਉਚੇ-ਸੁੱਚੇ ਚਾਲ ਚਲਣ' ਵਾਲੇ ਬਣ ਰਹੇ ਨੇ। ਪਰ, ਸਚਾਈ ਏਸ ਦੇ ਉਲਟ ਹੈ। ਸਚਾਈ ਇਹ ਕਿ ਇਹ ਜਵਾਕ ਛੋਟੀ ਉਮਰ ਤੋਂ ਹੀ ਇੱਕ ਪਾਸੜ ਸੋਚ-ਸਮਝ ਵਾਲੇ, ਮਨ 'ਚ ਵੰਡਾਂ-ਵਿਤਕਰਿਆਂ ਤੇ ਹਿੰਸਕ ਰੁਚੀਆਂ ਵਾਲੇ ਬਣ ਰਹੇ ਨੇ। ਇਨ੍ਹਾਂ ਦਿਮਾਗਾਂ ਵਿਚ ਕੈਂਸਰ ਦੇ ਸੈਲਾਂ ਦੀ ਬੁਨਿਆਦ ਰੱਖੀ ਜਾ ਚੁੱਕੀ ਹੈ, ਜੀਹਨੇ ਵਕਤ ਨਾਲ ਵਧ-ਫੁੱਲ ਕੇ ਇਨ੍ਹਾਂ ਦੀ ਸਮੁੱਚੀ ਸ਼ਖ਼ਸੀਅਤ ਨੂੰ ਹੀ ਵਰਗਲਾ ਲੈਣਾ ਹੈ। ਇਨ੍ਹਾਂ ਲੋਕਾਂ ਨੂੰ ਨਹੀਂ ਪਤਾ ਕਿ ਇਹ ਕਰਕੇ, ਇਹ ਆਪਣੇ ਹੱਥੀਂ ਹੀ ਆਪਣੇ ਜਵਾਕਾਂ ਨੂੰ ਇਨਸਾਨਾਂ ਵਜੋਂ ਮਾਰ ਰਹੇ ਨੇ !!

ਇਹ ਅਸਲ 'ਚ ਇਨ੍ਹਾਂ ਸਭਿਅਤਾਵਾਂ ਦੇ ਖਤਮ ਹੋਣ ਦੀ ਨਿਸ਼ਾਨੀ ਹੈ। ਸਮੇਂ ਨਾਲ ਨਾ ਤੁਰਨ ਵਾਲੇ ਲੋਕ ਪਿੱਛੇ ਰਹਿ ਜਾਣਗੇ ਅਤੇ ਖ਼ਿਆਲ ਤੇ ਲਿਆਕਤ ਦੇ ਜੋਰ 'ਤੇ ਦੂਜੀਆਂ ਸਭਿਅਤਾਵਾਂ ਅੱਗੇ ਲੰਗ ਜਾਣਗੀਆਂ।

**ਸ਼ਸ਼ੀ ਸਮੁੰਦਰਾ, ਕੈਨੇਡਾ (ਫੇਸਬੁੱਕ ਤੋਂ)**

# ਮਨੁੱਖ ਨੇ ਵਸਤਰ ਪਹਿਣਨੇ ਕਦੋਂ ਸ਼ੁਰੂ ਕੀਤੇ?

*ਰਾਜਪਾਲ ਸਿੰਘ*

ਇਹ ਤਾਂ ਅਸੀਂ ਸਾਰੇ ਜਾਣਦੇ ਹੀ ਹਾਂ ਕਿ ਮਨੁੱਖ ਦੇ ਪੂਰਵਜ ਇੱਕ ਸਮੇ ਹੋਰ ਜੀਵਾਂ ਵਾਂਗ ਕੁਦਰਤੀ ਰੂਪ ਵਿੱਚ ਹੀ ਰਹਿੰਦੇ ਸਨ। ਪਰ ਜਦ ਆਦਿ-ਮਾਨਵ ਮਨੁੱਖ ਬਣਨ ਦੇ ਰਸਤੇ ਅੱਗੇ ਵਧਣ ਲੱਗਾ ਤਾਂ ਉਸਦੀ ਸਰੀਰਕ ਬਣਤਰ ਦੇ ਨਾਲ ਨਾਲ ਉਸ ਦੇ ਜੀਵਨ ਢੰਗ ਵਿੱਚ ਹੋਰ ਵੀ ਬਹੁਤ ਸਾਰੀਆਂ ਤਬਦੀਲੀਆਂ ਆਈਆਂ। ਇਨ੍ਹਾਂ ਵਿੱਚੋਂ ਇੱਕ ਤਬਦੀਲੀ ਇਹ ਸੀ ਕਿ ਉਹ ਆਪਣੇ ਤਨ ਨੂੰ ਕੁਦਰਤੀ ਚੀਜ਼ਾਂ ਨਾਲ ਢਕਣ ਲੱਗ ਪਿਆ। ਪਹਿਲਾਂ ਪਹਿਲ ਉਹ ਆਪਣੇ ਤਨ ਨੂੰ ਕੱਜਣ ਲਈ, ਉਸ ਵੱਲੋਂ ਮਾਰੇ ਗਏ ਜਾਨਵਰਾਂ ਦੀਆਂ ਖੱਲਾਂ ਜਾਂ ਕੁਝ ਮਾਤਰਾ ਵਿੱਚ ਪੌਦਿਆਂ ਦੇ ਛਿਲਕਿਆਂ ਆਦਿ ਨੂੰ ਵਰਤਦਾ ਸੀ, ਕੱਪੜਾ ਤਾਂ ਬਹੁਤ ਬਾਅਦ ਵਿੱਚ ਆਇਆ।

ਇਸ ਵਰਤਾਰੇ ਨਾਲ ਸਬੰਧਿਤ ਬਹੁਤ ਸਾਰੇ ਸਵਾਲ ਬਣਦੇ ਹਨ, ਜਿਨ੍ਹਾਂ ਵਿੱਚੋਂ ਕੁਝ ਦੇ ਜਵਾਬ ਵਿਗਿਆਨੀ ਲੱਭ ਚੁੱਕੇ ਹਨ, ਜਦ ਕਿ ਕੁਝ ਹੋਰ ਸਵਾਲਾਂ ਦੇ ਪੂਰੀ ਤਰ੍ਹਾਂ ਸਹੀ ਜਵਾਬਾਂ ਲਈ ਖੋਜਾਂ ਚੱਲ ਰਹੀਆਂ ਹਨ।

ਇਸ ਸੰਬੰਧ ਵਿੱਚ ਸਭ ਤੋਂ ਪਹਿਲਾ ਸਵਾਲ ਤਾਂ ਇਹੀ ਬਣਦਾ ਹੈ ਕਿ ਆਦਿ-ਮਨੁੱਖ ਨੂੰ ਕੱਪੜਿਆਂ ਦੀ ਲੋੜ ਕਿਉਂ ਪਈ, ਜਦ ਕਿ ਉਸ ਵਰਗ ਦੇ ਹੋਰ ਜੀਵ ਬਿਨਾਂ ਕੱਪੜਿਆਂ ਤੋਂ ਹੀ ਜਿਉਂ ਰਹੇ ਸਨ। ਅਸੀਂ ਜਾਣਦੇ ਹਾਂ ਕਿ ਦੁੱਧ ਚੁੰਘਾਊ ਵਰਗ ਦੇ ਹੋਰ ਬਹੁਤੇ ਜੀਵਾਂ ਵਿੱਚ ਸਰੀਰ ਜੱਤ ਨਾਲ ਢਕਿਆ ਹੁੰਦਾ ਹੈ। ਪਰ ਮਨੁੱਖ ਦੇ ਸਰੀਰ ਉੱਤੇ ਵਾਲ ਬਹੁਤ ਹੀ ਥੋੜੇ ਜਿਹੇ ਹਿੱਸਿਆਂ ਤੇ ਹੁੰਦੇ ਹਨ। ਇਹ ਕਿਉਂ?

ਇਸ ਦਾ ਉੱਤਰ ਵੀ ਜੀਵ ਵਿਕਾਸ ਦੌਰਾਨ ਉਸ ਸਮੇਂ ਦੀਆਂ ਹਾਲਤਾਂ ਵਿੱਚ ਪਿਆ ਹੈ। ਜੀਵ ਵਿਕਾਸ ਦਾ ਅਧਿਐਨ ਕਰਨ ਵਾਲੇ ਜਾਣਦੇ ਹਨ ਕਿ ਮਨੁੱਖ ਦਾ ਦੂਸਰੇ ਪ੍ਰਾਈਮੇਟ ਜੀਵਾਂ ਨਾਲੋਂ ਰਸਤਾ ਉਸ ਸਮੇਂ ਅਲੱਗ ਹੋਇਆ ਜਦ ਕੁਝ ਵਾਤਾਵਰਨ ਦੀਆਂ ਤਬਦੀਲੀਆਂ ਕਾਰਨ ਜੰਗਲ ਬਹੁਤ ਘੱਟ ਗਏ ਸਨ। ਉਸ ਸਮੇਂ ਮਨੁੱਖ ਦੇ ਪੂਰਵਜਾਂ ਨੇ ਜੰਗਲਾਂ ਵਿਚਲੇ ਦਰੱਖਤਾਂ ਨੂੰ ਛੱਡ ਕੇ ਖੁੱਲ੍ਹੇ ਮੈਦਾਨਾਂ ਵਿੱਚ ਵਿਚਰਨਾ ਸ਼ੁਰੂ ਕੀਤਾ। ਅੱਜ ਇਹ ਮੰਨਿਆ ਜਾਂਦਾ ਹੈ ਕਿ ਮਨੁੱਖੀ ਵਿਕਾਸ ਦਾ ਇਹ ਮੁਢਲਾ ਵਰਤਾਰਾ ਅਫਰੀਕਾ ਮਹਾਂਦੀਪ ਵਿੱਚ ਸ਼ੁਰੂ ਹੋਇਆ। ਸੰਘਣੇ ਜੰਗਲਾਂ ਦੇ ਛਾਂਦਾਰ ਮਾਹੌਲ ਨੂੰ ਛੱਡ ਕੇ ਜਦ ਮਨੁੱਖ ਦੇ ਪੂਰਵਜਾਂ ਨੂੰ ਅਫਰੀਕਾ ਦੇ ਖੁੱਲ੍ਹੇ ਗਰਮ ਮੈਦਾਨਾਂ ਵਿੱਚ ਭੱਜ ਨੱਠ ਕਰਨੀ ਪਈ ਤਾਂ ਸਰੀਰ ਲਈ ਜੱਤ ਹਾਨੀਕਾਰਕ ਬਣ ਗਈ। ਇਸ ਦੀ ਬਜਾਏ ਇਹ ਲੋੜ ਬਣਨ ਲੱਗੀ ਕਿ ਚਮੜੀ ਵਿੱਚ ਪਸੀਨਾ ਗ੍ਰੰਥੀਆਂ ਵੱਧ ਤੋਂ ਵੱਧ ਹੋਣ ਤਾਂ ਜੋ ਪਸੀਨਾ ਉੱਡ ਕੇ ਠੰਡਕ ਪੈਦਾ ਹੁੰਦੀ ਰਹੇ। ਇੱਥੇ ਕੁਦਰਤੀ ਚੋਣ ਨੇ ਕੰਮ ਕੀਤਾ ਅਤੇ ਹਜ਼ਾਰਾਂ ਸਾਲਾਂ ਵਿੱਚ ਮਨੁੱਖ ਦੇ ਪੂਰਵਜਾਂ ਦਾ ਸਰੀਰ ਜੱਤ ਦੀ ਬਜਾਏ ਸਾਫ ਚਮੜੀ ਵਾਲਾ ਬਣ ਗਿਆ। ਵਿਗਿਆਨੀਆਂ ਮੁਤਾਬਕ ਢਾਈ ਤੋਂ ਸਾਢੇ ਤਿੰਨ ਲੱਖ ਸਾਲ ਪਹਿਲਾਂ ਦੇ ਸਮੇਂ ਦੌਰਾਨ ਸਾਡਾ ਪੂਰਵਜ ਵਾਲਾਂ ਦੀ ਜੱਤ ਤੋਂ ਰਹਿਤ ਹੋ ਗਿਆ।

ਉਪਰੋਕਤ ਗੱਲ ਨੇ ਅਫਰੀਕਾ ਦੇ ਗਰਮ ਮੌਸਮ ਵਿੱਚ ਤਾਂ ਲਾਭ ਦਿੱਤਾ ਪਰ ਜਦ ਆਦਿ ਮਨੁੱਖ ਨੇ ਠੰਡੇ ਇਲਾਕਿਆਂ ਵੱਲ ਵਧਣਾ ਸ਼ੁਰੂ ਕੀਤਾ ਤਾਂ ਉਸ ਨੂੰ ਆਪਣੀ ਚਮੜੀ ਕਿਸੇ ਹੋਰ ਪਦਾਰਥ ਨਾਲ ਕੱਜਣ ਦੀ ਲੋੜ ਮਹਿਸੂਸ ਹੋਈ। ਇਸ ਤੋਂ ਇਲਾਵਾ ਮੌਸਮ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ ਅਤੇ ਆਦਿ ਮਨੁੱਖ ਨੂੰ ਕੁਝ ਹੋਰ ਬਾਹਰੀ ਚੀਜ਼ਾਂ, ਜਿਵੇਂ ਕੀੜੇ ਮਕੌੜਿਆਂ ਜਾਂ ਕੰਡਿਆਂ ਵਰਗੇ ਤਿੱਖੇ ਪਦਾਰਥਾਂ ਤੋਂ ਆਪਣੀ ਚਮੜੀ ਨੂੰ ਬਚਾਉਣ ਲਈ ਵੀ ਸਰੀਰ ਨੂੰ ਕੱਜਣ ਦੀ ਲੋੜ ਮਹਿਸੂਸ ਹੋਈ। ਇਸ ਦੇ ਲਈ ਆਦਿ ਮਨੁੱਖ ਨੇ ਸਭ ਤੋਂ ਪਹਿਲਾਂ ਤਾਂ ਸ਼ਿਕਾਰ ਕਰਕੇ ਮਾਰੇ ਗਏ ਜਾਨਵਰਾਂ ਦੀਆਂ ਖੱਲਾਂ ਨੂੰ ਸਾਫ ਕਰਕੇ ਆਪਣੇ ਵਸਤਰਾਂ ਵਜੋਂ ਵਰਤਣਾ ਸ਼ੁਰੂ ਕੀਤਾ ਅਤੇ ਇਸ ਦੇ ਨਾਲ ਹੀ ਉਸਨੇ ਕੁਝ ਮਾਤਰਾ ਵਿੱਚ ਪੌਦਿਆਂ ਦੇ ਛਿਲਕੇ ਆਦਿ ਵੀ ਵਰਤੇ।

ਹੁਣ ਇਸ ਤੋਂ ਅਗਲੇ ਸਵਾਲ ਵੱਲ ਆਉਂਦੇ ਹਾਂ, ਜੋ ਇਸ ਆਰਟੀਕਲ ਦੇ ਸਿਰਲੇਖ ਵਿੱਚ ਵੀ ਦਰਜ ਹੈ, ਕਿ ਮਨੁੱਖ ਨੇ ਬਾਕਾਇਦਾ ਵਸਤਰ ਪਹਿਨਣੇ ਸ਼ੁਰੂ ਕਦੋਂ ਕੀਤੇ?

ਇਸ ਦੂਜੇ ਸਵਾਲ ਦਾ ਬਿਲਕੁਲ ਸਹੀ ਜਵਾਬ ਦੇ ਸਕਣਾ ਐਡਾ ਸੌਖਾ ਨਹੀਂ ਸੀ, ਕਿਉਂਕਿ ਸਰੀਰ ਢਕਣ ਲਈ ਜੋ ਵੀ ਮੁਢਲੇ ਵਸਤਰ ਵਰਤੇ ਗਏ ਉਹ ਕੁਦਰਤੀ ਹਾਲਤਾਂ ਵਿੱਚ ਲੰਮਾਂ ਸਮਾਂ ਬਚੇ ਨਹੀਂ ਰਹਿ ਸਕਦੇ ਸਨ, ਜਿਸ ਕਰਕੇ ਉਹ ਵਿਗਿਆਨੀਆਂ ਦੇ ਹੱਥ ਨਹੀਂ ਆਏ। ਇਸ ਸਥਿਤੀ ਵਿੱਚ,



**ਪ੍ਰਚੀਨ ਗੁਫਾਵਾਂ ਵਿਚੋਂ ਲੱਭੀਆਂ, 40 ਹਜ਼ਾਰ ਸਾਲ ਪੁਰਾਣੀਆਂ, ਹੱਡੀ ਤੋਂ ਬਣੀਆਂ ਸੂਈਆਂ**

ਇਸ ਮੁਸ਼ਕਿਲ ਨੂੰ ਵੇਖਦਿਆਂ ਵਿਗਿਆਨੀਆਂ ਨੇ ਹੋਰ ਰਾਹ ਸੋਚੇ। ਇਸ ਸਵਾਲ ਦਾ ਜਵਾਬ ਲੱਭਣ ਵਿੱਚ ਮਨੁੱਖ ਦੇ ਸਰੀਰ ਉੱਤੇ ਪਲਦੀਆਂ ਜੂੰਆਂ ਨੇ ਸਹਾਇਤਾ ਕੀਤੀ।

ਤੁਹਾਨੂੰ ਹੈਰਾਨੀ ਹੋਈ ਹੋਵੇਗੀ ਕਿ ਭਲਾ ਜੂੰਆਂ ਵਰਗੇ ਨਿਗੂਣੇ ਜੀਵ ਨੇ ਵਿਗਿਆਨੀਆਂ ਦੀ ਕੀ ਸਹਾਇਤਾ ਕੀਤੀ। ਆਓ ਇਸ ਬਾਰੇ ਕੁਝ ਜਾਣੀਏ।

ਮਨੁੱਖ ਦੇ ਸਰੀਰ ਉੱਤੇ ਦੋ ਤਰ੍ਹਾਂ ਦੀਆਂ ਜੂੰਆਂ ਪਲਦੀਆਂ ਹਨ : ਇਕ ਉਸਦੇ ਸਿਰ ਦੇ ਵਾਲਾਂ ਵਿੱਚ ਹੁੰਦੀਆਂ ਹਨ, ਜਿੰਨ੍ਹਾਂ ਤੋਂ ਅਸੀਂ ਸਾਰੇ ਜਾਣੂ ਹਾਂ। ਇਹ ਜੂੰਆਂ ਸਿਰ ਦੇ ਵਾਲਾਂ ਵਿੱਚ ਹੀ ਆਂਡੇ ਦਿੰਦੀਆਂ ਹਨ। ਪਰ ਜੂੰਆਂ ਦੀ ਇੱਕ ਹੋਰ ਕਿਸਮ ਵੀ ਮਨੁੱਖੀ ਸਰੀਰ ਤੇ ਪਲਦੀ ਹੈ ਜੋ ਸਿਰ ਦੇ ਵਾਲਾਂ ਵਿੱਚ ਨਹੀਂ ਰਹਿੰਦੀ ਬਲਕਿ ਮਨੁੱਖੀ ਸਰੀਰ ਦੇ ਬਾਕੀ ਹਿੱਸਿਆਂ, ਖਾਸ ਕਰ ਜਣਨ ਅੰਗਾਂ ਅਤੇ ਹੋਰ ਜੋੜਾਂ ਕੋਲ ਰਹਿੰਦੀ ਹੈ। ਇਹ ਦੂਸਰੀ ਕਿਸਮ ਵਾਲੀ ਜੂੰ ਆਪਣੇ ਆਂਡੇ ਮਨੁੱਖੀ ਸਰੀਰ ਦੀ ਬਜਾਏ, ਉਸਦੇ ਕੱਪੜਿਆਂ ਵਿੱਚ ਦਿੰਦੀ ਹੈ। ਇਸ ਤੋਂ ਇਹ ਸਿੱਟਾ ਨਿਕਲਿਆ ਕਿ ਇਸ ਜੂੰ ਦਾ ਵਿਕਾਸ ਤਦ ਹੀ ਹੋਇਆ ਹੋਵੇਗਾ ਜਦ ਮਨੁੱਖ ਨੇ ਬਸਤਰ ਪਹਿਣਨੇ ਸ਼ੁਰੂ ਕੀਤੇ। ਸੋ ਵਿਗਿਆਨੀਆਂ ਨੇ ਇਸ ਦੂਸਰੀ ਕਿਸਮ ਦੀ ਜੂੰ ਦੇ ਡੀ.ਐਨ.ਏ. ਦਾ ਵਿਸ਼ਲੇਸ਼ਣ ਕਰਕੇ ਇਹ ਪਤਾ ਲਗਾਇਆ ਕਿ ਇਸ ਦੂਸਰੀ ਜਾਤੀ ਦੀ ਜੂੰ ਕਦੋਂ ਹੋਂਦ ਵਿੱਚ ਆਈ। ਇਸ ਵਿਸ਼ਲੇਸ਼ਣ ਤੋਂ ਪਤਾ ਚਲਿਆ ਕਿ ਇਹ ਦੂਸਰੀ ਕਿਸਮ ਦੀ ਜੂੰ ਅੱਜ ਤੋਂ ਲਗਪੱਗ 1,70,000 ਸਾਲ ਪਹਿਲਾਂ ਹੋਂਦ ਵਿੱਚ ਆਈ। ਸੋ ਅੱਜ ਵਿਗਿਆਨੀਆਂ ਦੀ ਇਸ ਗੱਲ ਤੇ ਸਹਿਮਤੀ ਹੈ ਕਿ ਮਨੁੱਖ ਨੇ ਬਕਾਇਦਾ ਰੂਪ ਵਿੱਚ ਆਪਣਾ ਸਰੀਰ ਢਕਣਾ ਜਾਂ ਬਸਤਰ ਪਹਿਨਣੇ ਇਕ ਲੱਖ ਸੱਤਰ ਹਜਾਰ ਸਾਲ ਪਹਿਲਾਂ ਸ਼ੁਰੂ ਕੀਤੇ।

**ਵਸਤਰ ਪਹਿਨਣ ਬਾਰੇ ਹੋਰ ਸਬੂਤ ਅਤੇ ਜਾਣਕਾਰੀਆਂ**

* ਕੱਪੜੇ ਪਹਿਨੇ ਹੋਏ ਮਨੁੱਖਾਂ ਦੀਆਂ ਸਭ ਤੋਂ ਪੁਰਾਣੀਆਂ ਮੂਰਤੀਆਂ 11000 ਸਾਲ ਪਹਿਲਾਂ ਦੀਆਂ ਬਣੀਆਂ ਮਿਲਦੀਆਂ ਹਨ। ਇਹਨਾਂ ਤੋਂ ਇਹ ਪਤਾ ਚੱਲਦਾ ਹੈ ਕਿ ਉਸ ਸਮੇਂ ਮਨੁੱਖਾਂ ਵੱਲੋਂ ਕਿਸ ਤਰ੍ਹਾਂ ਨਾਲ ਕੱਪੜੇ ਪਹਿਨੇ ਜਾਂਦੇ ਸਨ।
* ਸਭ ਤੋਂ ਪੁਰਾਣਾ ਸੀਤਾ ਹੋਇਆ ਵਸਤਰ ਮਿਸਰ ਵਿੱਚੋਂ ਮਿਲਿਆ ਹੈ ਜੋ ਪੰਜ ਹਜ਼ਾਰ ਸਾਲ ਪੁਰਾਣਾ ਹੈ।
* ਇਸ ਖੇਤਰ ਦੀ ਇੱਕ ਹੋਰ ਮਹੱਤਵਪੂਰਨ ਖੋਜ, ਹੱਡੀ ਤੋਂ ਬਣੀਆਂ ਸੂਈਆਂ ਹਨ ਜੋ 40 ਹਜ਼ਾਰ ਸਾਲ ਪੁਰਾਣੀਆਂ ਹਨ। ਇਹ ਸੂਈਆਂ ਸਾਇਬੇਰੀਆ ਦੀ ਦੈਨੀਸੋਵਾ ਗੁਫਾ ਵਿੱਚੋਂ ਮਿਲੀਆਂ ਸਨ। ਇਨ੍ਹਾਂ ਸੂਈਆਂ ਤੋਂ ਪਤਾ ਚੱਲਦਾ ਹੈ ਕਿ ਪੂਰਵ ਇਤਿਹਾਸਕ ਮਾਨਵ 40 ਹਜਾਰ ਸਾਲ ਤੋਂ ਵੀ ਪਹਿਲਾਂ ਖੱਲਾਂ ਆਦਿ ਨੂੰ ਆਪਣੇ ਸਰੀਰ ਦੇ ਹਿਸਾਬ ਨਾਲ ਕੱਟ ਕੇ ਸਿਉਂਣ ਦੇ ਕਾਬਲ ਹੋ ਚੁੱਕਾ ਸੀ।

**ਸੋਮੇ**


1. ‘When....’ Writer- Bal Phondke, published by National Book trust.
2. When humans start wearing clothes. - www. livescience.com
3. Free history of nakedness and clothing - Wikipedia
4. BBC Science Focus magazine

# ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਜਿੱਦੀ ਸਾਧੂ

*ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਪੰਜਾਬੀ ਸਮਾਜ ਵਿੱਚ ਅਗਾਂਹਵਧੂ ਵਿਚਾਰਾਂ ਅਤੇ ਮਾਨਵਤਾਵਾਦੀ ਕਦਰਾਂ-ਕੀਮਤਾਂ ਨੂੰ ਫੈਲਾਉਣ ਵਿੱਚ ਵੱਡਾ ਰੋਲ ਹੈ। ਸ਼ਾਇਦ ਹੀ ਕਿਸੇ ਹੋਰ ਲੇਖਕ ਨੇ ਪੰਜਾਬੀ ਪਾਠਕਾਂ ਦੀ ਸੋਚ ਉੱਤੇ ਐਨਾ ਗਹਿਰਾ ਅਸਰ ਪਾਇਆ ਹੋਵੇ। ਬਹੁਤ ਨਰਮ ਸੁਭਾਅ ਅਤੇ ਗੱਲਬਾਤ ਵਿੱਚ ਸਲੀਕੇ ਨੂੰ ਪਹਿਲ ਦੇਣ ਵਾਲੇ ਦਾਰ ਜੀ ਆਪਣੇ ਵਿਚਾਰਾਂ ਉੱਤੇ ਦ੍ਰਿੜਤਾ ਨਾਲ ਪਹਿਰਾ ਦਿੰਦੇ ਸਨ। ਉਨ੍ਹਾਂ ਦੇ ਜੀਵਨ ਵਿੱਚ ਵਾਪਰੀ ਹੇਠਲੀ ਘਟਨਾ ਉਨ੍ਹਾਂ ਦੇ ਇਸੇ ਗੁਣ ਨੂੰ ਦਰਸਾਉਂਦੀ ਹੈ। ਇਸ ਘਟਨਾ ਦਾ ਸਮਾਂ ਆਜ਼ਾਦੀ ਤੋਂ ਪਹਿਲਾਂ ਸੰਨ 1939 ਦਾ ਹੈ। ਇਹ ਲੇਖ ਉਨ੍ਹਾਂ ਦੀ ਜੀਵਨ ਕਹਾਣੀ ਦੇ ਦੂਜੇ ਭਾਗ (ਮੰਜ਼ਿਲ ਦਿਸ ਪਈ) ਵਿਚੋਂ ਲਿਆ ਗਿਆ ਹੈ। ਇਹ ਲੇਖ ਤਰਕਸ਼ੀਲ ਵਿੱਚ ਛਾਪਣ ਲਈ ਉਨ੍ਹਾਂ ਦੇ ਦੋਹਤੇ ਅਤੇ ਨਾਮਵਰ ਲੇਖਕ ਸੁਕੀਰਤ ਜੀ ਨੇ ਸੁਝਾਇਆ ਸੀ, ਜਿਸ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ।*

ਦਸ ਜੂਨ ਨੂੰ ਇੱਕ ਨਾਂਗੇ ਸਾਧੂ ਮੇਰੇ ਘਰ ਆਏ । ਮੈਂ ਸਤਿਕਾਰ ਨਾਲ ਪੁੱਛਿਆ, "ਬਾਵਾ ਜੀ ਦਾ ਕੀ ਹੁਕਮ ਹੈ?"

'ਗਊਸ਼ਾਲਾ ਲਈ ਤੂੜੀ ਦਾ ਗੱਡਾ ਮੰਗਣ ਆਇਆ ਹਾਂ।' ਉਨ੍ਹਾਂ ਆਖਿਆ। ਮੈਂ ਬਿਨੈ ਕੀਤੀ, '"ਇਹੋ ਜਿਹੀਆਂ ਗਊਸ਼ਾਲਾਵਾਂ ਸਾਡੇ ਦੇਸ ਵਿਚ ਆਮ ਹਨ, ਉਹਨਾਂ ਦੀ ਸਾਰਥਕਤਾ ਉਤੇ ਮੈਨੂੰ ਸ਼ੰਕਾ ਹੈ । ਮੈਂ ਤੁਹਾਡੀ ਗਊਸ਼ਾਲਾ ਵੇਖਣ ਆਵਾਂਗਾ, ਤੇ ਫੇਰ ਫ਼ੈਸਲਾ ਕਰਾਂਗਾ।'

ਬਾਵਾ ਜੀ ਬੜੇ ਨਾਰਾਜ਼ ਹੋ ਕੇ ਬੋਲੇ, 'ਮੈਂ ਕਿਸੇ ਰਾਜੇ ਕੋਲੋਂ ਵੀ ਕਦੇ ਇਨਕਾਰ ਨਹੀਂ ਲਿਆ, ਕੌਣ ਹੈਂ ਤੂੰ ਮੈਨੂੰ ਇਨਕਾਰ ਕਰਨ ਵਾਲਾ!' ਤੇ ਹੱਥਲਾ ਫੌੜ੍ਹ ਜ਼ਮੀਨ ਉਤੇ ਮਾਰ ਕੇ ਬੋਲੇ, 'ਤੇਰਾ ਅਸੂਲ ਮਸੂਲ ਮੈਂ ਤੋੜ ਕੇ ਹੀ ਏਥੋਂ ਹਿੱਲਾਂਗਾ।'

ਤੇ ਉਹ ਮੇਰੀ ਕੋਠੀ ਸਾਹਮਣੇ ਧਰਨਾ ਮਾਰ ਕੇ ਬਹਿ ਗਏ। ਮੈਂ ਫੇਰ ਬੇਨਤੀ ਕੀਤੀ ਕਿ ਉਹ ਪ੍ਰਸ਼ਾਦਾ ਛਕਣ, ਰਾਤ ਬਿਸਰਾਮ ਕਰਨ, ਕੋਈ ਹੋਰ ਸੇਵਾ ਦੱਸਣ ਪਰ ਮੇਰਾ ਅਸੂਲ ਤੋੜਨ ਦੀ ਜ਼ਿੱਦ ਨਾ ਕਰਨ। ਤਸ਼ੱਦਦ ਮੈਨੂੰ ਵੰਗਾਰਦਾ ਹੈ। ਪਰ ਉਨ੍ਹਾਂ ਧਰਨਾ ਮਾਰ ਹੀ ਦਿੱਤਾ।

ਇਹਨਾਂ ਬਾਵਾ ਜੀ ਦਾ ਧਰਨਾ ਬੜਾ ਮਸ਼ਹੂਰ ਸੀ, ਇਹ ਲਾਲਚੀ ਬਿਲਕੁਲ ਨਹੀਂ, ਜੀਵਨ ਸਾਦਾ ਸੀ, ਪਰ ਉਪਕਾਰੀ ਹੋਣ ਦਾ ਅਭਿਮਾਨ ਵੀ ਅਥਾਹ ਸੀ। ਧਰਨੇ ਦੇ ਹਠੀ ਸਨ। ਤੰਗ ਇਨ੍ਹਾਂ ਕੋਲੋਂ ਕਈ ਲੋਕ ਪੈ ਜਾਂਦੇ ਸਨ, ਪਰ ਅਖ਼ੀਰ ਵਿਚ ਪੈ ਪੁਆ ਕੇ ਧਰਨਾ ਉਠਾ ਲੈਂਦੇ ਸਨ। ਇਨ੍ਹਾਂ ਦਾ ਕੋਈ ਧਰਨਾ ਅਜੇ ਤਕ ਫ਼ੇਲ੍ਹ ਨਹੀਂ ਸੀ ਹੋਇਆ। ਜਿਸ ਕਰਕੇ ਇਨਕਾਰ ਸੁਣਿਆ ਨਹੀਂ, ਕਿ ਇਨ੍ਹਾਂ ਧਰਨਾ ਮਾਰਿਆ ਨਹੀਂ।

ਰਾਤੀਂ ਮੈਂ ਇਨ੍ਹਾਂ ਨੂੰ ਦੁੱਧ ਭੇਜਿਆ, ਉਹ ਇਨ੍ਹਾਂ ਪੀ ਲਿਆ, ਖਾਣਾ ਵੀ ਪ੍ਰਵਾਨ ਕਰ ਲਿਆ। ਦੂਜੀ ਰਾਤ ਬੜੀ ਬਾਰਸ਼ ਆਈ, ਕਿਸੇ ਛੱਤ ਹੇਠਾਂ ਚਲੇ ਜਾਣ ਲਈ ਮੈਂ ਇਨ੍ਹਾਂ ਨੂੰ ਆਖਿਆ, ਉਹ ਇਨ੍ਹਾਂ ਨਾ ਮੰਨਿਆ। ਹਾਰ ਕੇ ਮੈਂ ਇਨ੍ਹਾਂ ਉਤੇ ਇਕ ਤ੍ਰਿਪਾਲ ਪਾ ਦਿੱਤੀ।

ਬਾਵਾ ਜੀ ਦਾ ਆਵਾਜ਼ਾ ਇਹੀ ਸੀ : "ਇਹਨਾਂ ਪਾਪੀਆਂ ਨੂੰ ਰਾਹ ਪਾ ਕੇ ਜਾਵਾਂਗਾ; ਇਹਨਾਂ ਦੀਆਂ ਕੋਠੀਆਂ ਦੀ ਇੱਟ ਨਾਲ ਇੱਟ ਵਜਾ ਕੇ ਜਾਵਾਂਗਾ।'

ਗਰਮੀਆਂ ਦੀ ਰੁੱਤੇ, ਅਸੀਂ ਸਾਰੇ ਕੋਠੀਆਂ ਦੇ ਘਾਹ-ਚਮਨਾਂ ਵਿਚ ਸੌਂਦੇ ਸਾਂ। ਬਾਵਾ ਜੀ ਬੜਾ ਸ਼ੋਰ ਕਰਨ ਲੱਗ ਪਏ। ਮੈਂ ਇਨ੍ਹਾਂ ਨੂੰ ਚੁਕਵਾ ਕੇ ਪ੍ਰੀਤ ਨਗਰ ਦੀ ਹੱਦ ਉਤੇ ਪੁਚਾ ਦਿੱਤਾ। ਇਨ੍ਹਾਂ ਉਥੇ ਟਿਕੇ ਰਹਿਣਾ ਪ੍ਰਵਾਨ ਕਰ ਲਿਆ। ਇਨ੍ਹਾਂ ਲਈ ਇਹ ਸਾਬਤ ਵੀ ਚੰਗਾ ਹੋਇਆ। ਏਥੇ ਅਸੀਂ ਕੋਈ ਭੀੜ ਇਕੱਠੀ ਨਹੀਂ ਸਾਂ ਹੋਣ ਦੇਂਦੇ। ਓਥੇ ਸ਼ਰਧਾਲੂ ਆਉਣ ਲੱਗ ਪਏ, ਆਪਣੀ ਹੱਥੀਂ ਇਹ ਰੋਟੀ ਖਾਂਦੇ ਨਹੀਂ ਸਨ, ਕਿਸੇ ਦੇ ਹੱਥੋਂ ਮੂੰਹ ਵਿਚ ਗਰਾਹੀਆਂ ਪਾਇਆਂ ਹੀ ਖਾਂਦੇ ਸਨ। ਸਾਡਾ ਤਾਂ ਲਾਂਗਰੀ ਗਰਾਹੀਆਂ ਪਾ ਜਾਂਦਾ ਸੀ, ਓਥੇ ਗਰਾਹੀਆਂ ਦੇਣ ਵਾਲੀਆਂ ਬੀਬੀਆਂ ਵੀ ਪਹੁੰਚ ਪਈਆਂ। ਸ਼ਰਧਾਲੂਆਂ ਨੇ ਧੁੱਪੋਂ ਬਚਣ ਲਈ ਇੱਕ ਝੌਂਪੜੀ ਵੀ ਬਣਾ ਦਿੱਤੀ। ਚੰਗਾ ਡੇਰਾ ਜੰਮ ਗਿਆ।

ਬਾਵਾ ਜੀ ਸਵੇਰੇ ਉਠ ਕੇ ਉੱਚੀ ਉੱਚੀ ਪਾਠ ਕਰਦੇ,

ਤੇ ਪਾਠ ਮੁਕਾ ਕੇ ਸਾਡੇ ਵਲ ਮੂੰਹ ਕਰ ਕੇ ਖੜ ਜਾਂਦੇ ਤੇ ਲਲਕਾਰਦੇ, 'ਪਾਪੀਓ ਫਨਾਂਹ ਕਰ ਦਿਆਂਗਾ, ਫੂਕ ਸੁੱਟਾਂਗਾ।' ਲੋਕ ਬਾਵਾ ਜੀ ਦੇ ਸਰਾਪਾਂ ਤੋਂ ਪਰੇਸ਼ਾਨ ਹੋ ਰਹੇ ਸਨ, ਮੱਥੇ ਟੇਕਦੇ, ਚਰਨ-ਧੂੜ ਲੈਂਦੇ ਤੇ ਕਈ ਸਾਨੂੰ 'ਹੈਂਸਿਆਰੇ ਤੇ ਨਿਰਦਈ ਸਮਝਦੇ ਸਨ।

ਮੈਨੂੰ ਸਰਾਪਾਂ ਦਾ ਜ਼ਾਤੀ ਤਜਰਬਾ ਕੋਈ ਨਹੀਂ ਸੀ। ਮੈਂ ਏਸ ਨੂੰ ਪਰਖ ਦਾ ਮੌਕਾ ਸਮਝ ਲਿਆ। ਮੇਰੇ ਕੋਲ ਕਈ ਸਿਫ਼ਾਰਸ਼ਾਂ ਆਉਂਦੀਆਂ। ਏਥੋਂ ਤਕ ਕਿ ਪੁਲੀਸ ਦੇ ਅਫ਼ਸਰ ਵੀ ਇਹੀ ਕਹਿਣ ਆਉਂਦੇ, 'ਚਲੋ ਤੋਰੋ ਸੂ, ਤੁਸਾਂ ਇਹ ਤਮਾਸ਼ਾ ਕਰਾ ਕੇ ਕੀ ਲੈਣਾ ਹੈ?' ਕਿਸੇ ਸਰਕਾਰੀ ਅਫ਼ਸਰ ਨੇ ਸਾਨੂੰ ਨਾ ਅਖ਼ਲਾਕੀ ਤੇ ਨਾ ਕਾਨੂੰਨੀ ਸਹਾਇਤਾ ਭੇਟ ਕੀਤੀ। ਸਗੋਂ ਤਾੜਨਾ ਜਿਹੀ ਕੀਤੀ, ਕਿ ਜੇ ਬਾਵਾ ਮਰ ਗਿਆ ਤਾਂ ਇਲਾਕੇ ਵਿਚ ਹੰਗਾਮਾ ਮੱਚ ਜਾਏਗਾ, ਤੇ ਪ੍ਰੀਤ ਨਗਰ ਦਾ ਭਵਿੱਖ ਸ਼ਾਇਦ ਖ਼ਤਮ ਹੀ ਹੋ ਜਾਵੇ।

ਪਰ ਮੈਂ ਸਮਝ ਰਿਹਾ ਸਾਂ ਕਿ ਜਿਨ੍ਹਾਂ ਲੋਕਾਂ ਨੇ ਇਨ੍ਹਾਂ ਦੇ ਧਰਨੇ ਪ੍ਰਵਾਨ ਕਰ ਲਏ ਹਨ, ਉਹੀ ਬਾਵਾ ਜੀ ਦੇ ਤੇ ਸਾਡੇ ਕਸ਼ਟ ਦੇ ਜ਼ਿੰਮੇਵਾਰ ਹਨ। ਆਪਣੇ ਨਿੱਕੇ ਜਿਹੇ ਸੌਖ ਲਈ ਉਨ੍ਹਾਂ ਕਈ ਗੁੰਝਲਾਂ ਦਾ ਮੁੱਢ ਬੰਨ੍ਹ ਦਿੱਤਾ ਹੈ। ਮੈਂ ਭਰੋਸੇ ਤੇ ਬੜੀ ਸ਼ਰਧਾ ਨਾਲ ਆਪਣੇ ਆਪ ਨੂੰ ਏਸ ਤਜਰਬੇ ਲਈ ਭੇਟ ਕਰਦਾ ਹਾਂ। ਜੇ ਤਾਂ ਬਾਵਾ ਜੀ ਦੇ ਸਰਾਪ ਅਨੁਸਾਰ ਸਾਡੀਆਂ ਕੋਠੀਆਂ ਢਹਿ ਗਈਆਂ, ਤਾਂ ਸਾਡੇ ਵਰਗੇ ਪਾਪੀਆਂ ਕੋਲੋਂ ਲੋਕਾਂ ਦੀ ਖ਼ਲਾਸੀ ਹੋ ਜਾਏਗੀ। ਫੇਰ 'ਪ੍ਰੀਤ ਲੜੀ' ਕਿਸੇ ਨੂੰ ਗੁੰਮ-ਰਾਹ ਨਹੀਂ ਕਰ ਸਕੇਗੀ, ਤੇ ਜੇ ਕੋਠੀਆਂ ਨਾ ਢੱਠੀਆਂ ਤਾਂ ਲੋਕ ਜ਼ਰੂਰ ਸੋਚਣਗੇ ਤੇ ਲੋਕ-ਰਾਏ ਮਜ਼ਬੂਤ ਬਣਾਨਗੇ।

ਆਪਣੇ ਗੁਆਂਢੀ ਪੇਂਡੂ ਭਰਾਵਾਂ ਨੂੰ ਮੈਂ ਏਸ ਘਟਨਾ ਉਤੇ ਵਿਚਾਰ ਕਰਨ ਲਈ ਆਖਦਾ, ਲਿਖਦਾ ਤੇ ਪ੍ਰੇਰਦਾ ਸਾਂ। ਜਿਹੜੀ ਵੀ ਘਟਨਾ ਸਾਹਮਣੇ ਆਵੇ, ਉਹਦੇ ਨਾਲ ਇਨਸਾਫ਼ ਕਰਨ ਦਾ ਜਤਨ ਕੀਤਾ ਜਾਵੇ। ਲਾ-ਪਰਵਾਹ ਜਿਹਾ ਰੌਂ, ਅੱਜ ਮੇਰੀ, ਕਲ੍ਹ ਤੁਹਾਡੀ ਮੁਸ਼ਕਲ ਬਣ ਜਾਵੇਗਾ। ਹਰ ਘਟਨਾ ਬਾਰੇ ਰਾਏ ਬਣਾਨਾ ਤੇ ਲੋੜ ਸਮੇਂ ਪ੍ਰਗਟ ਕਰਨਾ ਸਾਡਾ ਭਾਈਚਾਰਕ ਫ਼ਰਜ਼ ਹੈ। ਕੀ ਕਿਸੇ ਕੰਮੀਂ ਲੱਗੇ ਮੁਲਕ ਵਿਚ ਇਹ ਘਟਨਾ ਵਾਪਰ ਸਕਦੀ ਹੈ? ਕੀ ਕਿਸੇ ਨੂੰ ਇਸ ਤਰ੍ਹਾਂ ਆਪਣਾ ਵਕਤ ਹਰਜ ਕਰ ਕੇ ਦੂਜਿਆਂ ਦਾ ਅਮਨ ਖ਼ਰਾਬ ਕਰਨ ਦੀ ਖੁੱਲ੍ਹ ਦਿੱਤੀ ਜਾ ਸਕਦੀ ਹੈ? ਜ਼ਿੰਦਗੀ ਵਿਚੋਂ ਹਰ ਕਿਸਮ ਦਾ ਤਸ਼ੱਦਦ ਕੱਢੇ ਬਿਨਾਂ ਕਿਸੇ ਸੁਹਣੀ ਸਭਿਅੱਤਾ ਦਾ ਸੁਪਨਾ ਨਹੀਂ ਵੇਖਿਆ ਜਾ ਸਕਦਾ। ਘਰਾਂ ਵਿਚੋਂ, ਬਰਾਦਰੀ ਵਿਚੋਂ, ਹਕੂਮਤ ਵਿਚੋਂ - ਤਸ਼ੱਦਦ ਕੱਢੇ ਬਿਨਾਂ ਮਜ਼ਬੂਤ ਲੋਕ-ਰਾਏ ਨਹੀਂ ਬਣ ਸਕਦੀ । ਤੇ ਮਜ਼ਬੂਤ ਲੋਕ-ਰਾਏ ਹੀ ਹਰ ਕਿਸੇ ਦੀ ਮਿੱਤਰ ਕੋਤਵਾਲ ਹੁੰਦੀ ਹੈ।

ਨਾ ਅਖ਼ਬਾਰਾਂ, ਤੇ ਨਾ ਸਰਕਾਰ, ਤੇ ਨਾ ਕਿਸੇ ਨੇਤਾ ਨੇ ਸਾਡੀ ਮਦਦ ਕੀਤੀ। ਅਸੀਂ ਇਕੱਲੇ ਹੀ ਇਹ ਅਨੋਖੀ ਲੜਾਈ ਲੜਦੇ ਰਹੇ। ਬਾਵਾ ਜੀ ਨੇ ਕਈ ਸਾਧੂ ਫ਼ਕੀਰ ਆਪਣੇ ਕੋਲ ਬੁਲਾ ਲਏ। ਲੋਕਾਂ ਵਿਚ ਸਾਧੂਆਂ ਲਈ ਏਨੀ ਸ਼ਰਧਾ ਸੀ, ਕਿ ਉਹ ਸਭ ਨੂੰ ਖਾਣ ਨੂੰ ਦੇਂਦੇ ਰਹੇ। ਬਾਵਾ ਜੀ ਨੇ ਇੱਕ ਬਾਉਲੀ ਪੁੱਟਣੀ ਸ਼ੁਰੂ ਕਰ ਦਿੱਤੀ। ਓੜਕ ਗਾਲ੍ਹਾਂ ਦੀ ਬੰਬਾਰੀ ਉਨ੍ਹਾਂ ਬੰਦ ਕਰ ਦਿੱਤੀ, ਤੇ ਵਿਚੋਲੇ ਘੱਲਣੇ ਸ਼ੁਰੂ ਕਰ ਦਿੱਤੇ। ਲਗ ਪਗ ਨੌਂ ਮਹੀਨੇ ਇਹ ਮੋਰਚਾ ਉਨ੍ਹਾਂ ਦਾ ਚਲਦਾ ਰਿਹਾ। ਉਨ੍ਹਾਂ ਦਾ ਆਪਣਾ ਡੇਰਾ (ਰਾਮ ਤੀਰਥ ਵਾਲਾ) ਸੁੰਨ-ਮਸਾਨ ਹੁੰਦਾ ਜਾ ਰਿਹਾ ਸੀ। ਜਿਹੜੀਆਂ ਦਰਜਨ, ਅੱਧੀ ਦਰਜਨ ਲੰਗੀਆਂ ਲੂਲ੍ਹੀਆਂ ਗਊਆਂ ਡੇਰੇ ਵਿਚ ਹੈ ਸਨ, ਉਹਨਾਂ ਵਿਚੋਂ ਇੱਕ ਅੱਧ ਮਰਨੀ ਸ਼ੁਰੂ ਹੋ ਗਈ। ਬਾਵਾ ਜੀ ਦਾ ਸੰਦੇਸ਼ ਆਇਆ ਕਿ ਜੇ ਇੱਕ ਰੁਪਈਆ ਵੀ ਉਨ੍ਹਾਂ ਦੀ ਤਲੀ ਉਤੇ ਧਰ ਕੇ ਮੈਂ ਵਿਦੈਗੀ ਲਈ ਆਖ ਦਿਆਂ ਤਾਂ ਉਹ ਚਲੇ ਜਾਣਗੇ। ਪਰ ਏਉਂ ਕੀਤਿਆਂ ਉਨ੍ਹਾਂ ਦਾ ਧਰਨਾ ਕਾਮਯਾਬ ਹੋ ਜਾਂਦਾ ਸੀ । ਉਨ੍ਹਾਂ ਦੇ ਸਰਾਪਾਂ ਦੇ ਬਾਵਜੂਦ ਮੈਨੂੰ ਉਨ੍ਹਾਂ ਨਾਲ ਕੋਈ ਨਫ਼ਰਤ ਨਹੀਂ ਸੀ ਆਈ। ਉਹ ਜੇ ਬੀਮਾਰ ਹੋ ਜਾਂਦੇ ਤਾਂ ਉਨ੍ਹਾਂ ਦੇ ਇਲਾਜ ਲਈ ਮੈਂ ਹਰ ਜਤਨ ਕਰਦਾ, ਪਰ ਉਨ੍ਹਾਂ ਦੇ ਧਰਨੇ ਨਾਲ ਮੇਰਾ ਡੂੰਘਾ ਵਿਰੋਧ ਸੀ ।

*ਬਾਵਾ ਜੀ ਦਾ ਸੰਦੇਸ਼ ਆਇਆ ਕਿ ਜੇ ਇੱਕ ਰੁਪਈਆ ਵੀ ਉਨ੍ਹਾਂ ਦੀ ਤਲੀ ਉਤੇ ਧਰ ਕੇ ਮੈਂ ਵਿਦੈਗੀ ਲਈ ਆਖ ਦਿਆਂ ਤਾਂ ਉਹ ਚਲੇ ਜਾਣਗੇ। ਪਰ ਏਉਂ ਕੀਤਿਆਂ ਉਨ੍ਹਾਂ ਦਾ ਧਰਨਾ ਕਾਮਯਾਬ ਹੋ ਜਾਂਦਾ ਸੀ। ਉਨ੍ਹਾਂ ਦੇ ਸਰਾਪਾਂ ਦੇ ਬਾਵਜੂਦ ਮੈਨੂੰ ਉਨ੍ਹਾਂ ਨਾਲ ਕੋਈ ਨਫ਼ਰਤ ਨਹੀਂ ਸੀ ਆਈ। ਉਹ ਜੇ ਬੀਮਾਰ ਹੋ ਜਾਂਦੇ ਤਾਂ ਉਨ੍ਹਾਂ ਦੇ ਇਲਾਜ ਲਈ ਮੈਂ ਹਰ ਜਤਨ ਕਰਦਾ, ਪਰ ਉਨ੍ਹਾਂ ਦੇ ਧਰਨੇ ਨਾਲ ਮੇਰਾ ਡੂੰਘਾ ਵਿਰੋਧ ਸੀ।*

ਅਖ਼ੀਰ ਉਨ੍ਹਾਂ ਆਖ ਭੇਜਿਆ ਕਿ ਜੇ ਉਨ੍ਹਾਂ ਦੇ ਪਾਠ ਲਈ ਮੈਂ ਗੁਰੂ ਗ੍ਰੰਥ ਸਾਹਿਬ ਦੀ ਇੱਕ ਬੀੜ ਮੰਗਾ ਦਿਆਂ, ਤਾਂ ਉਹ ਏਥੇ ਇੱਕ ਭੋਗ ਪਾ ਕੇ ਆਪੇ ਚਲੇ ਜਾਣਗੇ ।

ਤੂੜੀ ਦਾ ਗੱਡਾ ਤਾਂ ਕੀ ਮੈਂ ਇੱਕ ਪੰਡ ਤਕ (ਜਦੋਂ ਉਨ੍ਹਾਂ ਆਪਣੀ ਮੰਗ ਛੋਟੀ ਕਰ ਲਈ) ਦੇਣੀ ਨਹੀਂ ਸੀ ਮੰਨੀ, ਦੋ ਰੁਪਈਆਂ ਦੇ ਬਾਅਦ ਉਹਨਾਂ ਦੀ ਮੰਗ ਦੋ ਟਕਿਆਂ ਤਕ ਵੀ ਆ ਗਈ ਸੀ — ਉਹ ਵੀ ਮੈਂ ਨਹੀਂ ਸੀ ਮੰਨੀ, ਪਰ ਪਾਠ ਕਰਨ ਲਈ ਵੀਹ ਪੰਝੀ ਰੁਪਈਏ ਖ਼ਰਚ ਕੇ ਮੈਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਉਨ੍ਹਾਂ ਨੂੰ ਮੰਗਾ ਦਿੱਤੀ। ਉਨ੍ਹਾਂ ਭੋਗ ਪਾਇਆ, ਮੈਨੂੰ ਸੱਦਿਆ, ਮੈਂ ਉਨ੍ਹਾਂ ਦੇ ਕੋਲ ਗਿਆ, ਪ੍ਰਸ਼ਾਦ ਲਿਆ। ਪਰ ਮੇਰੇ ਵਲੋਂ ਇਹ ਕੋਈ ਸ਼ਰਤ ਨਹੀਂ ਸੀ, ਕਿ ਉਹ ਜ਼ਰੂਰ ਉਥੋਂ ਚਲੇ ਜਾਣ। ਗੁਰੂ ਗ੍ਰੰਥ ਸਾਹਿਬ ਲੈ ਕੇ ਦੇਣ ਵਿਚ ਮੇਰਾ ਮਨੋਰਥ ਇਹ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਹੋਂਦ ਨਾਲ ਵਾਯੂ-ਮੰਡਲ ਕੁਝ ਕੋਮਲ ਹੋ ਜਾਏਗਾ, ਤੇ ਉਹ ਸਰਾਪਾਂ ਦੀ ਕਹਾਣੀ ਬੰਦ ਕਰ ਦੇਣਗੇ।

ਦੂਜੇ ਦਿਨ ਉਨ੍ਹਾਂ ਮੈਨੂੰ ਬੁਲਾ ਭੇਜਿਆ ਕਿ ਜੇ ਉਨ੍ਹਾਂ ਨੂੰ ਮੈਂ ਟਾਂਗੇ ਉਤੇ ਆਪ ਚੜ੍ਹਾਣ ਆਵਾਂ, ਤਾਂ ਉਹ ਚਲੇ ਜਾਣਗੇ। ਟਾਂਗਾ ਮੈਂ ਮੰਗਾ ਦਿੱਤਾ, ਬਾਵਾ ਜੀ ਹਮੂੰ ਹਮੂੰ ਕਰਦੇ ਤੇ ਸਾਨੂੰ ਸਾਰਿਆਂ ਨੂੰ ਅਸੀਸਾਂ ਦੇਂਦੇ ਟਾਂਗੇ ਵਿਚ ਚੜ੍ਹ ਗਏ, ਤੇ ਪੂਰੇ ਨੌਂ ਮਹੀਨਿਆਂ ਬਾਅਦ ਆਪਣੇ ਡੇਰੇ ਪਹੁੰਚੇ। ਸਾਡੇ ਡੇਰੇ ਦਾ ਅਮਨ ਵੀ ਓੜਕ ਮੁੜ ਪਿਆ।

ਏਸ ਘਟਨਾ ਦਾ ਅਸਰ ਇਹ ਹੋਇਆ ਕਿ ਬਾਵਾ ਜੀ ਦਾ ਫੇਰ ਕੋਈ ਧਰਨਾ ਏਸ ਪਾਸੇ ਅਸਾਂ ਸੁਣਿਆਂ ਨਹੀਂ । ਕਈ ਸਾਲਾਂ ਬਾਅਦ ਮੈਂ ਮਿਲਣ ਆਏ ਇੱਕ ਪੇਂਡੂ ਵੀਰ ਸੁਨੇਹੀ ਕੋਲੋਂ ਬਾਵਾ ਜੀ ਬਾਰੇ ਪੁੱਛਿਆ, ਉਸ ਮੈਨੂੰ ਬੜੀ ਦਿਲਚਸਪ ਕਹਾਣੀ ਸੁਣਾਈ।

"ਬਾਵਾ ਬਾਲਣ ਮੰਗਣ ਚੜ੍ਹਿਆ ਹੋਇਆ ਸੀ, ਮੇਰੀ ਪੈਲੀ ਬੰਨੇ ਖਲੋਤਾ ਕਿੱਕਰ ਵੇਖ ਕੇ ਉਸ ਮੰਗ ਪਾਈ। ਮੈਂ ਮੰਨ ਗਿਆ, ਪਰ ਕਿਕਰ ਦਾ ਹੇਠਲਾ ਮੋਟਾ ਤਣਾ ਛੇ ਸੱਤ ਫੁੱਟ ਮੇਰੇ ਕਿਸੇ ਕੰਮ ਆਉਣ ਵਾਲਾ ਸੀ, ਉਹ ਛੱਡ ਕੇ ਬਾਕੀ ਸਾਰਾ ਬਾਲਣ ਬੇਸ਼ਕ ਉਹ ਲੈ ਜਾਏ। ਕਿੱਕਰ ਉਸ ਵਢਾ ਲਿਆ, ਗੱਡਾ ਬਾਲਣ ਦਾ ਚਲਾ ਵੀ ਗਿਆ। ਦੂਜਾ ਗੱਡਾ ਲਿਆ ਕੇ ਉਸ ਮੋਟਾ ਤਣਾ ਵੀ ਲੱਦਣਾ ਸ਼ੁਰੂ ਕਰ ਦਿੱਤਾ। ਮੈਂ ਵਰਜਿਆ ਤਾਂ ਉਸ ਆਪਣੀ ਆਦਤ ਤੋਂ ਮਜਬੂਰ ਤੁਰੰਤ ਧਰਨਾ ਮਾਰ ਦਿੱਤਾ। ਦੋ ਤਿੰਨ ਦਿਨ ਮੈਂ ਆਖਦਾ ਰਿਹਾ, ਪਰ ਉਹ ਭਲਾ ਕਾਹਨੂੰ ਮੰਨਦਾ ਸੀ। ਮੈਨੂੰ ਗੁੱਸਾ ਆ ਗਿਆ। ਵੇਲ਼ਾ ਸ਼ਾਮ ਦਾ ਸੀ। ਮੈਂ ਆਪਣੇ ਪੁੱਤਰ ਨੂੰ ਆਖਿਆ, 'ਜਾ ਪਿੰਡੋਂ ਮਿੱਟੀ ਦੇ ਤੇਲ ਦਾ ਪੀਪਾ ਲਿਆ, ਮੈਂ ਇਹਦਾ ਪਿੱਟਣਾ ਹੀ ਮੁਕਾ ਦਿਆਂ।"

"ਮੈਂ ਬਾਵੇ ਨੂੰ ਤਾੜਨਾ ਕੀਤੀ, ਕਿ ਲਕੜ ਕਾਠ ਉਹਦੇ ਦੁਆਲੇ ਚਿਣ ਕੇ, ਮਿੱਟੀ ਦਾ ਤੇਲ ਪਾ ਕੇ ਮੈਂ ਅੱਗ ਲਾ ਦੇਣੀ ਏ, ਤੇ ਉਹਦਾ ਫਸਤਾ ਹੀ ਵੱਢ ਘੱਤਾਂਗਾ।"

"ਬਾਵਾ ਮਟਕ ਮਾਰੀ ਬੈਠਾ ਰਿਹਾ, ਤੇ ਮੈਂ ਉਹਦੇ ਦੁਆਲੇ ਲਕੜ ਕਾਠ ਚਿਣਦਾ ਗਿਆ। ਚੰਗਾ ਢੇਰ ਲੱਕ ਤਕ ਪਹੁੰਚ ਗਿਆ ਤਾਂ ਮੇਰਾ ਪੁੱਤਰ ਪੀਪਾ ਲੈ ਕੇ ਆ ਗਿਆ; ਪਤਾ ਨਹੀਂ ਵਿਚ ਤੇਲ ਸੀ ਕਿ ਪਾਣੀ ਸੀ, ਪਰ ਜਦੋਂ ਉਸ ਨੇ ਪੀਪਾ ਚਿਤਾ ਕੋਲ ਲਿਆ ਕੇ ਧਰ ਦਿੱਤਾ ਤਾਂ ਬਾਵਾ ਘਬਰਾ ਗਿਆ। ਉਸ ਨੂੰ ਡਰ ਪੈ ਗਿਆ ਕਿ ਇਹ ਸਿਰ-ਫਿਰੇ ਜੱਟ ਉਹਨੂੰ ਸੱਚੀਂ ਮੁੱਚੀਂ ਸਾੜ ਫੂਕਣਗੇ। ਉਹ ਹੰਭਲਾ ਮਾਰ ਕੇ ਉਠਿਆ, ਤੇ ਓਨਾ ਚਿਰ ਨੱਠਾ ਹੀ ਗਿਆ, ਜਿੰਨਾਂ ਚਿਰ ਉਹ ਸਾਨੂੰ ਦਿਸਣੋਂ ਹੀ ਨਹੀਂ ਹਟ ਗਿਆ। ਦੂਜੇ ਦਿਨ, ਓਸ ਤਣੇ ਤੋਂ ਸਿਵਾ ਬਾਕੀ ਸਾਰਾ ਰਿਹਾ ਖਿਹਾ ਬਾਲਣ ਚੁਣ ਚੁਣਾ ਕੇ, ਗੱਡ ਵਿਚ ਲੱਦ ਕੇ ਮੈਂ ਉਹਦੇ ਡੇਰੇ ਛੱਡ ਆਇਆ। .......ਉਹਦੇ ਐਨੇ ਸਰਾਪਾਂ ਨੇ ਤੁਹਾਡੀ ਕਿਹੜੀ ਲੱਤ ਭੰਨ ਛੱਡੀ ਸੀ।"

ਏਸ ਬਾਵਾ ਜੀ ਦੀ ਜ਼ਿੱਦ ਬੜੀ ਮਸ਼ਹੂਰ ਸੀ; ਪਰ ਜਾਪਦੈ, ਪ੍ਰੀਤ ਨਗਰ ਦੇ ਧਰਨੇ ਬਾਅਦ ਇਹਨਾਂ ਨੇ ਆਪਣੀ ਹਾਰ ਵਿਚ ਨਾਟਕੀ ਅੰਸ਼ ਪਾਣ ਦਾ ਹੁਨਰ ਅਜ਼ਮਾਣਾ ਵੀ ਸ਼ੁਰੂ ਕਰ ਦਿੱਤਾ ਸੀ।

ਕੁਝ ਸਮੇਂ ਬਾਅਦ ਬਾਵਾ ਜੀ ਨੇ ਇੱਕ ਟੋਕਰਾ ਫਲਾਂ ਦਾ ਪ੍ਰੀਤ ਨਗਰ ਦੇ ਬੱਚਿਆਂ ਲਈ ਘਲਿਆ ਸੀ, ਜਿਥੇ ਜਵਾਬ ਵਿਚ ਮੈਂ ਉਨ੍ਹਾਂ ਦੇ ਡੇਰੇ ਗਿਆ ਸਾਂ, ਤੇ ਫਲਾਂ ਦੀ ਕੀਮਤ ਨਾਲੋਂ ਬਹੁਤੀ ਰਕਮ ਉਨ੍ਹਾਂ ਨੂੰ ਭੇਟ ਕਰ ਆਇਆ ਸਾਂ। ਇਨ੍ਹਾਂ ਦੇ ਬਹੁਤੇ ਕੰਮ ਪ੍ਰਸ਼ੰਸਾ ਦੇ ਹੱਕਦਾਰ ਵੀ ਸਨ। ਇਹ ਜਿਥੇ ਜਾਣ ਕਹੀ ਫੌੜ੍ਹਾ ਨਾਲ ਰਖਦੇ ਸਨ। ਰਸਤਾ ਜੇ ਸਫ਼ਾਈ ਮੰਗਦਾ ਹੋਵੇ, ਮੁਰੰਮਤ ਮੰਗਦਾ ਹੋਵੇ, ਇਹ ਆਪ ਕਰਦੇ ਹਨ। ਸਿਰਫ਼ ਉਪਕਾਰੀ ਜੀਵਨ ਦੇ ਅਭਿਮਾਨ ਤੋਂ ਛੁਟਕਾਰਾ ਨਹੀਂ ਸਨ ਪਾ ਸਕੇ, ਜਿਸ ਕਰਕੇ ਕਈ ਵਾਰੀ ਧਰਨੇ ਦੀ ਸਮੱਸਿਆ ਵਿਚ ਫਸ ਜਾਂਦੇ ਹਨ। ਪਹਿਲਾਂ ਸਰਾਪਾਂ ਦਾ ਡਰਾਵਾ ਇਨ੍ਹਾਂ ਦਾ ਬੜਾ ਅਮੋੜ ਹੁੰਦਾ ਸੀ, ਪਰ ਫਿਰ ਮੈਂ ਸੁਣਿਆਂ, ਹੁਣ ਇਹ ਸਰਾਪ ਦੇਣੋਂ ਸੰਕੋਚ ਕਰਦੇ ਹਨ।

# ਮੌਸਮ ਨੂੰ ਪ੍ਰਭਾਵਿਤ ਕਰ ਰਿਹਾ ਐੱਲ ਨੀਨੋ (El nino) ਦਾ ਵਰਤਾਰਾ

**-ਪ੍ਰੇਮਜੀਤ**

*ਸੋਸ਼ਲ ਮੀਡੀਆ ਨਾਲ ਜੁੜੇ ਸਾਡੇ ਪਾਠਕ ਇਹ ਪੜ੍ਹ ਸੁਣ ਹੀ ਰਹੇ ਹੋਣਗੇ ਕਿ ਇਸ ਸਾਲ ਐੱਲ ਨੀਨੋ ਦੇ ਵਰਤਾਰੇ ਕਾਰਣ ਸਾਡੇ ਦੇਸ਼ ਵਿੱਚ ਵਰਖਾ ਆਮ ਨਾਲੋਂ ਘੱਟ ਅਤੇ ਗਰਮੀ ਵੱਧ ਪੈਣ ਦੀ ਸੰਭਾਵਨਾ ਬਣੀ ਹੋਈ ਹੈ। ਇਹ ਐੱਲ ਨੀਨੋ ਦਾ ਵਰਤਾਰਾ ਕੀ ਹੈ? ਧਰਤੀ ਦੇ ਕਿਹੜੇ ਖੇਤਰਾਂ ਵਿੱਚ ਇਸਦਾ ਵੱਧ ਅਸਰ ਹੋਣਾ ਹੈ? ਕਿੰਨਾ ਕੁ ਅਸਰ ਹੋਣਾ ਹੈ? ਇਸ ਲੇਖ ਵਿੱਚ ਇਨ੍ਹਾਂ ਸਾਰੇ ਸਵਾਲਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।*

ਸੰਸਾਰ ਭਰ ਦੇ ਮੌਸਮ ਵਿੱਚ ਭਾਰੀ ਗੜਬੜੀ ਪੈਦਾ ਕਰਨ ਵਾਲੇ ਕੁਦਰਤੀ ਵਰਤਾਰੇ, ਐੱਲ ਨੀਨੋ (El nino) ਨੇ ਵਿਸ਼ੇਸ਼ ਤੌਰ 'ਤੇ ਏਸ਼ੀਆਈ ਮੁਲਕਾਂ ਅਤੇ ਆਸਟਰੇਲੀਆ ਨੂੰ ਫਿਕਰਾਂ ਵਿੱਚ ਪਾ ਦਿੱਤਾ ਹੈ। ਇਸ ਨਾਲ ਇੱਕ ਪਾਸੇ ਆਸਟਰੇਲੀਆ ਤੇ ਏਸ਼ੀਆ ਦੇ ਦੇਸ਼ਾਂ ਵਿੱਚ ਮੌਨਸੂਨੀ ਵਰਖਾ ਘੱਟ ਹੋਣ ਕਾਰਨ ਸੋਕੇ ਵਾਲੇ ਹਾਲਾਤ ਬਣ ਰਹੇ ਹਨ ਅਤੇ ਦੂਜੇ ਪਾਸੇ ਉੱਤਰੀ ਅਤੇ ਦੱਖਣੀ ਅਮਰੀਕੀ ਮਹਾਂਦੀਪਾਂ ਦੇ ਪੱਛਮੀ ਖੇਤਰਾਂ ਵਿੱਚ ਆਮ ਨਾਲੋਂ ਬਹੁਤ ਜਿਆਦਾ ਬਾਰਸ਼ਾਂ ਹੋਣ ਨਾਲ ਹੜ੍ਹਾਂ ਵਰਗੀ ਸਥਿਤੀ ਪੈਦਾ ਹੋ ਸਕਦੀ ਹੈ। ਇਸ ਤਰ੍ਹਾਂ ਐੱਲ ਨੀਨੋ ਦੇ ਪ੍ਰਭਾਵ ਕਰਕੇ ਇਹਨਾਂ ਦੋਵਾਂ ਪਾਸਿਆਂ ਦੇ ਖੇਤਰਾਂ ਦੀ ਆਰਥਿਕਤਾ ਮਾੜੇ ਰੁੱਖ ਪ੍ਰਭਾਵਿਤ ਹੋਣ ਦੇ ਆਸਾਰ ਬਣੇ ਹੋਏ ਹਨ।

**ਕੀ ਹੈ ਐੱਲ ਨੀਨੋ?**- ਐੱਲ ਨੀਨੋ ਸਪੈਨਿਸ਼ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਸ਼ਾਬਦਿਕ ਅਰਥ ਹੈ 'ਛੋਟਾ ਮੁੰਡਾ'। ਇਸ ਤੋਂ ਉਲਟ ਵਰਤਾਰੇ ਨੂੰ ਲਾ ਨੀਨਾ (La nina) ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ 'ਛੋਟੀ ਲੜਕੀ'।ਐੱਲ ਨੀਨੋ ਸ਼ਬਦ ਨੂੰ ਸਭ ਤੋਂ ਪਹਿਲਾਂ ਦੱਖਣੀ ਅਮਰੀਕਾ ਦੇ ਮਛੇਰਿਆਂ ਨੇ 17ਵੀਂ ਸਦੀ ਵਿੱਚ ਵਰਤਿਆ।ਜਦੋਂ ਪ੍ਰਸ਼ਾਂਤ ਮਹਾਂਸਾਗਰ ਦੇ ਭੂਮੱਧ ਰੇਖਾ ਅਤੇ ਇਸ ਦੇ ਵਿਚਕਾਰਲੇ ਖੇਤਰ ਦਾ ਪਾਣੀ ਆਮ ਨਾਲੋਂ ਵੱਧ ਗਰਮ ਹੋ ਜਾਂਦਾ ਹੈ ਤਾਂ ਐੱਲ ਨੀਨੋ ਨੂੰ ਬਣਨ ਦੇ ਅਸਾਰ ਪੈਦਾ ਹੋ ਜਾਂਦੇ ਹਨ।ਮਹਾਂਸਾਗਰ ਦਾ ਪਾਣੀ ਗਰਮ ਹੋਣ ਦੇ ਨਾਲ ਵਾਯੂ ਮੰਡਲ ਦਾ ਅਸੰਤੁਲਿਤ ਦਬਾਅ ਹੋਣ ਦੀ ਜਟਿਲ ਪ੍ਰਕਿਰਿਆ ਇਸ ਵਰਤਾਰੇ ਦਾ ਮੁੱਖ ਕਾਰਕ ਹੈ।ਮਹਾਂਸਾਗਰ ਦੇ ਉਕਤ ਖੇਤਰਾਂ ਦਾ ਆਮ ਨਾਲੋਂ ਤਾਪਮਾਨ ਦੋ ਦਰਜੇ ਸੈਲਸੀਅਸ ਵਧਣ ਅਤੇ ਵਾਯੂ ਮੰਡਲ ਦੇ ਦਬਾਅ ਦੀ ਜੁਗਲਬੰਦੀ ਨਾਲ ਵਪਾਰਕ ਪੌਣਾਂ ਅਤੇ ਸਮੁੰਦਰੀ ਰੌਆਂ ਗਰਮ ਪਾਣੀ ਨੂੰ ਧੱਕ ਕੇ ਆਸਟਰੇਲੀਆ ਤੇ ਏਸ਼ੀਆ ਵੱਲ ਲੈ ਜਾਂਦੀਆਂ ਹਨ। ਇਸ ਕਿਰਿਆ ਨਾਲ ਇਨ੍ਹਾਂ ਖੇਤਰਾਂ ਦੀਆਂ ਜਲਵਾਸ਼ਪਾਂ ਨਾਲ ਲੱਦੀਆਂ ਮੌਨਸੂਨ ਪੌਣਾਂ ਦੀ ਗਤੀ ਮੱਧਮ ਹੋ ਜਾਂਦੀ ਹੈ। ਕਈ ਹਾਲਤਾਂ ਵਿੱਚ ਤਾਂ ਮੌਨਸੂਨ ਪੌਣਾਂ ਉਲਟ ਦਿਸ਼ਾ ਵਿੱਚ ਵਗਣ ਲਗਦੀਆਂ ਹਨ ਅਤੇ ਜਮੀਨ ਉਪਰ ਵਰ੍ਹਨ ਵਾਲਾ ਮੀਂਹ ਹਿੰਦ ਮਹਾਸਾਗਰ ਵਿੱਚ ਹੀ ਵਰ੍ਹ ਜਾਂਦਾ ਹੈ। ਇਸ ਨਾਲ ਜਮੀਨੀ ਖੇਤਰਾਂ ਵਿੱਚ ਸੋਕੇ ਵਾਲੀ ਸਥਿਤੀ ਬਣ ਜਾਂਦੀ ਹੈ।ਉਧਰ ਪ੍ਰਸ਼ਾਂਤ ਮਹਾਂਸਾਗਰ ਦਾ ਗਰਮ ਪਾਣੀ ਆਸਟਰੇਲੀਆ ਤੇ ਏਸ਼ੀਆ ਵੱਲ ਆਉਣ ਕਰਕੇ ਹੇਠਲਾ ਠੰਡਾ ਪਾਣੀ ਉੱਪਰ ਆ ਜਾਂਦਾ ਹੈ, ਜਿਸ ਨਾਲ ਉੱਤਰੀ ਅਤੇ ਦੱਖਣੀ ਅਮਰੀਕੀ ਮਹਾਂਦੀਪਾਂ ਦੇ ਪੱਛਮੀ ਖੇਤਰਾਂ ਵਿੱਚ ਬਾਰਿਸ਼ ਦੇ ਅਨੁਕੂਲ ਪ੍ਰਸਥਿਤੀਆਂ ਬਣ ਜਾਂਦੀਆਂ ਹਨ। ਇਹਨਾਂ ਖੇਤਰਾਂ ਵਿੱਚ ਮੋਹਲੇਧਾਰ ਵਰਖਾ ਹੁੰਦੀ ਹੈ ਅਤੇ ਅਕਸਰ ਹੀ ਹੜ੍ਹਾਂ ਵਰਗੇ ਹਾਲਾਤ ਬਣ ਜਾਂਦੇ ਹਨ।

ਇਸ ਕੁਦਰਤੀ ਵਰਤਾਰੇ ਦੇ ਤਿੰਨ ਪੜਾਅ ਹਨ – 1.ਐੱਲ ਨੀਨੋ ਪਾਣੀ ਦਾ ਤਾਪਮਾਨ ਆਮ ਨਾਲੋਂ ਵਧਣ ਨਾਲ ਪੈਦਾ ਹੁੰਦਾ ਹੈ।2. ਇਸ ਤੋਂ ਉਲਟ ਪਾਣੀ ਦਾ ਤਾਪਮਾਨ ਆਮ ਨਾਲੋਂ ਘਟਣ ਨਾਲ ਲਾ ਨੀਨਾ ਵਾਲੀ ਸਥਿਤੀ ਬਣ ਜਾਂਦੀ ਹੈ। 3. ਇਹਨਾਂ ਦੋਹਾਂ ਦੇ ਵਿਚਕਾਰ ਵਾਲੀ ਸਥਿਤੀ ਵੀ ਹੈ ਜਦੋਂ ਮਹਾਂਸਾਗਰ ਦੀ ਸਤਹ ਦਾ ਤਾਪਮਾਨ ਆਮ ਵਾਂਗ ਰਹਿੰਦਾ ਹੈ।

**ਸੁਪਰ ਐੱਲ ਨੀਨੋ**- ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਵਾਰ ਪ੍ਰਸ਼ਾਂਤ ਮਹਾਂਸਾਗਰ ਦੀ ਸਤਹ ਦਾ ਪਾਣੀ ਆਮ ਨਾਲੋਂ ਤਿੰਨ ਦਰਜੇ ਸੈਲਸੀਅਸ ਵੱਧ ਗਰਮ ਹੋਇਆ ਹੈ, ਜੋ ਆਮ ਐੱਲ ਨੀਨੋ ਦੇ ਵਾਪਰਨ ਵਾਲੇ ਵਰਤਾਰੇ ਨਾਲੋਂ ਇਕ ਦਰਜਾ ਵੱਧ ਹੈ।ਇਸ ਕਰਕੇ ਇਸ ਵਾਰ ਦਾ ਇਹ ਵਰਤਾਰਾ ਵੱਧ ਤਾਕਤਵਰ ਹੋਵੇਗਾ।ਉਹ ਇਸ ਨੂੰ ਸੁਪਰ ਐੱਲ ਨੀਨੋ ਦਾ ਨਾਂ ਦੇ ਰਹੇ ਹਨ।ਵਿਗਿਆਨੀਆਂ ਨੂੰ ਖਦਸ਼ਾ ਹੈ ਕਿ ਸੁਪਰ ਐੱਲ ਨੀਨੋ ਆਸਟਰੇਲੀਆ ਅਤੇ ਏਸ਼ੀਆਈ ਦੇਸ਼ਾਂ ਵਿੱਚ ਵੱਡੇ ਪੱਧਰ ਉੱਤੇ ਸੋਕੇ ਵਾਲੇ ਹਾਲਾਤ ਪੈਦਾ ਕਰ ਸਕਦਾ ਹੈ ਇਤਿਹਾਸ ਵਿੱਚ ਅਜਿਹੀ ਸਥਿਤੀ 1877 ਵਿੱਚ ਬਣੀ ਸੀ ਜਦੋਂ ਕਾਲ ਵਰਗੇ ਹਾਲਾਤ ਕਾਰਨ 82 ਲੱਖ ਲੋਕ ਮੌਤ ਦੇ ਮੂੰਹ ਵਿੱਚ ਜਾ ਪਏ ਸਨ।

**ਭਾਰਤ ਉੱਪਰ ਐੱਲ ਨੀਨੋ ਦਾ ਅਸਰ-**

ਐੱਲ ਨੀਨੋ ਦੇ ਮਾਮਲੇ ਵਿੱਚ ਭਾਰਤ ਅਤੀ

ਸੰਵੇਦਨਸ਼ੀਲ ਦੇਸ਼ ਹੈ। ਇਥੋਂ ਦੀ ਵਾਹੀ ਯੋਗ ਜਮੀਨ ਦਾ 50 ਫੀਸਦੀ ਤੋਂ ਵੱਧ ਰਕਬਾ ਕੇਵਲ ਬਾਰਿਸ਼ ਉੱਪਰ ਹੀ ਨਿਰਭਰ ਹੈ। ਪੰਜਾਬ ਅਤੇ ਹਰਿਆਣਾ ਦੇ ਨਹਿਰੀ ਪਾਣੀ ਦੀ ਸਿੰਜਾਈ ਵਾਲੇ ਖੇਤਰਾਂ ਵਿੱਚ ਵੀ ਬਾਰਿਸ਼ ਦੀ ਘਾਟ ਕਾਰਨ ਕਿਸਾਨ ਜਮੀਨ ਹੇਠਲਾ ਪਾਣੀ ਵਰਤਣ ਲਈ ਮਜਬੂਰ ਹੋਣਗੇ। ਇਸ ਨਾਲ ਇੱਕ ਪਾਸੇ ਜਮੀਨ ਹੇਠਲੇ ਪਾਣੀ ਦਾ ਪੱਧਰ ਹੋਰ ਹੇਠਾਂ ਚਲਾ ਜਾਵੇਗਾ ਅਤੇ ਕਾਸ਼ਤਕਾਰਾਂ ਨੂੰ ਟਿਊਬਵੈੱਲ ਹੋਰ ਡੂੰਘੇ ਕਰਨੇ ਪੈਣਗੇ। ਇਸ ਹਾਲਤ ਵਿੱਚ ਡੀਜ਼ਲ ਅਤੇ ਬਿਜਲੀ ਦੀ ਵਰਤੋਂ ਵਧੇਗੀ ਜੋ ਕਿਸਾਨੀ ਦੀ ਆਰਥਿਕਤਾ ਨੂੰ ਸੱਟ ਮਾਰੇਗੀ। ਬਾਰਿਸ਼ਾਂ ਘੱਟ ਹੋਣ ਕਰਕੇ ਡੈਮਾਂ ਵਿੱਚ ਪਾਣੀ ਘੱਟ ਆਵੇਗਾ ਅਤੇ ਉਹਨਾਂ ਦੀ ਬਿਜਲੀ ਪੈਦਾ ਕਰਨ ਦੀ ਸਮਰੱਥਾ ਪ੍ਰਭਾਵਿਤ ਹੋਵੇਗੀ। ਨਿਰੋਲ ਬਾਰਿਸ਼ ਉੱਤੇ ਨਿਰਭਰ ਖੇਤੀ ਖੇਤਰਾਂ ਵਿੱਚ ਤਾਂ ਸਪਸ਼ਟ ਹੀ ਹੈ ਕਿ ਉਤਪਾਦਨ ਬਹੁਤ ਘੱਟ ਹੋਵੇਗਾ।

ਮੁਢਲੇ ਅਨੁਮਾਨਾਂ ਅਨੁਸਾਰ, ਇਸ ਵਾਰ ਮੌਨਸੂਨੀ ਬਾਰਸ਼ਾਂ ਆਮ ਨਾਲੋਂ 10 ਫੀਸਦੀ ਘੱਟ ਰਹਿਣ ਦੀ ਉਮੀਦ ਸੀ। ਪਰ ਹੁਣ 'ਸੁਪਰ ਐੱਲ ਨੀਨੋ' ਦਾ ਭਾਰਤ ਉਪਰ ਅਸਰ ਸਪਸ਼ਟ ਦਿਖਾਈ ਦੇਣ ਲੱਗਾ ਹੈ। ਕੇਰਲਾ ਦੇ ਤਟ ਉਪਰ ਚਾਰ ਦਿਨ ਪੱਛੜ ਕੇ ਪਹੁੰਚੀਆਂ ਮੌਨਸੂਨ ਪੌਣਾਂ ਆਂਧਰਾ ਪ੍ਰਦੇਸ਼, ਤੇਲੰਗਾਨਾ, ਉੜੀਸਾ ਅਤੇ ਮਹਾਂਰਾਸ਼ਟਰ ਵਿੱਚ ਆਮ ਰਫਤਾਰ ਨਾਲ ਚੱਲ ਰਹੀਆਂ ਸਨ। ਪਰ 15 ਜੂਨ ਤੋਂ ਬਾਅਦ ਮੌਨਸੂਨੀ ਬੱਦਲ ਅਚਾਨਕ ਗਾਇਬ ਹੋਣੇ ਸ਼ੁਰੂ ਹੋ ਗਏ। ਦੱਖਣੀ ਪੱਛਮੀ ਮੌਨਸੂਨ ਦੀ ਦਿਸ਼ਾ ਉੱਤਰ ਪੂਰਬ ਵੱਲ ਵਧਣ ਦੀ ਬਜਾਏ ਦੱਖਣ ਵੱਲ ਝੁਕ ਗਈ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਅਨੁਸਾਰ 15 ਜੂਨ ਨੂੰ ਸੈਟੇਲਾਈਟ ਤੋਂ ਮਿਲੀ ਤਸਵੀਰ ਦਿਖਾਉਂਦੀ ਹੈ ਕਿ 64 ਫੀਸਦੀ ਖੇਤਰਾਂ ਵਿੱਚੋਂ ਮੌਨਸੂਨੀ ਬੱਦਲ ਗਾਇਬ ਹੋ ਗਏ ਹਨ। ਜਦ ਕਿ ਆਮ ਹਾਲਤਾਂ ਵਿੱਚ ਇਹ ਖੇਤਰ ਬੱਦਲਾਂ ਦੀਆਂ ਮੋਟੀਆਂ ਪਰਤਾਂ ਨਾਲ ਢਕੇ ਮਿਲਦੇ ਸਨ। ਵਿਭਾਗ ਅਨੁਸਾਰ 4 ਜੂਨ ਤੋਂ 15 ਜੂਨ ਦੇ ਅਰਸੇ ਦੌਰਾਨ ਸਿਰਫ 19.2 ਮਿਲੀਮੀਟਰ ਵਰਖਾ ਹੋਈ ਹੈ ਜਦ ਕਿ ਆਮ ਤੌਰ ਤੇ ਇਸ ਸਮੇਂ ਦੌਰਾਨ 53.7 ਮਿਲੀਮੀਟਰ ਵਰਖਾ ਹੁੰਦੀ ਰਹੀ ਹੈ। ਪਹਿਲਾਂ ਦੇਸ਼ ਦੇ 192 ਜ਼ਿਲ੍ਹਿਆਂ ਵਿੱਚ ਸੋਕਾ ਪੈਣ ਦੇ ਅਨੁਮਾਨ ਸਨ ਜੋ ਹੁਣ ਵੱਧ ਕੇ 352 ਜ਼ਿਲਿਆਂ ਤੱਕ ਵਧ ਗਏ ਹਨ। ਗਰਮੀ ਦੀ ਰੁੱਤ ਪਹਿਲਾਂ ਦੇ ਮੁਕਾਬਲੇ ਹੋਰ ਲੰਬੀ ਹੋ ਗਈ ਹੈ।

ਐੱਲ ਨੀਨੋ ਦਾ ਪ੍ਰਭਾਵ ਇਸ ਸਾਲ ਦੇ ਅਖੀਰ ਅਤੇ ਅਗਲੇ ਸਾਲ ਦੇ ਸ਼ੁਰੂ ਤੱਕ ਸਿਖਰ 'ਤੇ ਪਹੁੰਚ ਜਾਵੇਗਾ। ਮਹਾਂਸਾਗਰ ਦੇ ਗਰਮ ਹੋਏ ਪਾਣੀ ਦੇ ਤਾਪਮਾਨ ਨੂੰ ਆਮ ਪੱਧਰ ਤੇ ਆਉਣ ਲਈ ਵੀ ਲੰਮਾਂ ਸਮਾਂ ਲੱਗੇਗਾ। ਲਾ ਨੀਨਾ ਦੀ ਸਰਗਰਮੀ ਐੱਲ ਨੀਨੋ ਤੋਂ ਉਲਟ ਹੁੰਦੀ ਹੈ। ਇਸ ਵਰਤਾਰੇ ਲਈ ਪ੍ਰਸ਼ਾਂਤ ਮਹਾਂਸਾਗਰ ਦੇ ਜ਼ਿਕਰ ਅਧੀਨ ਖੇਤਰਾਂ ਦਾ ਪਾਣੀ ਆਮ ਨਾਲੋਂ ਠੰਡਾ ਹੋ ਜਾਂਦਾ ਹੈ ਅਤੇ ਇਹ ਸਥਿਤੀ ਆਸਟਰੇਲੀਆ ਅਤੇ ਏਸ਼ੀਆਈ ਦੇ ਖਿੱਤੇ ਵਿੱਚ ਬਾਰਿਸ਼ਾਂ ਦੇ ਅਨੁਕੂਲ ਹੁੰਦੀ ਹੈ ਜਦ ਕਿ ਉੱਤਰੀ ਅਤੇ ਦੱਖਣੀ ਅਮਰੀਕਾ ਦੇ ਪੱਛਮੀ ਤਟੀ ਖੇਤਰਾਂ ਵਿੱਚ ਵਰਖਾ ਘੱਟ ਹੁੰਦੀ ਹੈ।

ਐੱਲ ਨੀਨੋ ਦਾ ਕੁਦਰਤੀ ਵਰਤਾਰਾ ਹਰ ਸਾਲ ਵਾਪਰਨ ਵਾਲੀ ਘਟਨਾ ਨਹੀਂ ਹੈ ਬਲਕਿ ਇਹ ਅਨਿਯਮਿਤ ਮੌਸਮੀ ਚੱਕਰ ਦਾ ਹਿੱਸਾ ਹੈ। ਭਾਵੇਂ ਪ੍ਰਿਥਵੀ ਦੀਆਂ ਗਤੀਆਂ, ਸੂਰਜ ਦੀ ਤਪਸ਼ ਅਤੇ ਪ੍ਰਸ਼ਾਂਤ ਮਹਾਂਸਾਗਰ ਦੀ ਭੂਗੋਲਿਕ ਸਥਿਤੀ ਉਹੀ ਰਹਿੰਦੀ ਹੈ, ਪਰ ਐੱਲ ਨੀਨੋ ਪ੍ਰਭਾਵ ਹਰ ਵਰ੍ਹੇ ਨਹੀਂ ਪੈਦਾ ਹੁੰਦਾ। ਇਹ ਔਸਤਨ ਦੋ ਤੋਂ ਸੱਤ ਸਾਲਾਂ ਦੇ ਅਰਸੇ ਦਰਮਿਆਨ ਵਾਪਰਨ ਵਾਲੀ ਘਟਨਾ ਹੈ। ਮੌਸਮ ਮਾਹਿਰ ਮਹੇਸ਼ ਪਲਾਵਤ ਅਤੇ ਨਰੇਸ਼ ਕੁਮਾਰ ਦਾ ਕਹਿਣਾ ਹੈ ਕਿ ਐੱਲ ਨੀਨੋ ਜਟਿਲ ਕੁਦਰਤੀ ਵਰਤਾਰਾ ਹੈ, ਜੋ ਪ੍ਰਸ਼ਾਂਤ ਮਹਾਂਸਾਗਰ ਦੀ ਸਤਹ ਦੇ ਤਾਪਮਾਨ ਅਤੇ ਵਾਯੂ ਮੰਡਲ ਦੇ ਦਬਾਅ ਦੀਆਂ ਵਿਸ਼ੇਸ਼ ਹਾਲਤਾਂ ਉੱਪਰ ਨਿਰਭਰ ਹੁੰਦਾ ਹੈ। ਜੇਕਰ ਵਾਯੂ ਮੰਡਲ ਦਾ ਦਬਾਅ ਅਸੰਤੁਲਿਤ ਹਾਲਾਤ ਨਾ ਪੈਦਾ ਕਰੇ ਤਾਂ ਮਹਾਂਸਾਗਰ ਦਾ ਤਾਪਮਾਨ ਵਧਣ ਦੇ ਬਾਵਜੂਦ ਇਹ ਵਰਤਾਰਾ ਕਾਰਜਸ਼ੀਲ ਨਹੀ ਹੁੰਦਾ। ਇਸ ਦੇ ਨਾਲ ਹੀ ਵਪਾਰਕ ਪੌਣਾਂ ਦੇ ਕਮਜ਼ੋਰ ਹੋਣ ਜਾਂ ਪਲਟਣ ਲਈ ਵਿਸ਼ੇਸ਼ ਹਾਲਤ ਦੀ ਜਰੂਰਤ ਹੁੰਦੀ ਹੈ, ਜੋ ਹਰ ਸਾਲ ਨਹੀਂ ਬਣਦੀ। ਇਸ ਤੋਂ ਬਿਨਾਂ ਕਮਜ਼ੋਰ ਹੋਈਆਂ ਵਪਾਰਕ ਪੌਣਾਂ ਦੇ ਰੁਕਣ ਦਾ ਸਮਾਂ ਅਤੇ ਸਮੁੰਦਰੀ ਰੌਆਂ ਦੀ ਗਤੀਸ਼ੀਲਤਾ ਸਦਾ ਇਕਸਾਰ ਨਹੀਂ ਰਹਿੰਦੀ ਜਿਸ ਕਰਕੇ ਇਹ ਵਰਤਾਰਾ ਹਰ ਸਾਲ ਵਾਪਰਨ ਵਾਲੀ ਘਟਨਾ ਨਹੀਂ ਬਣਦਾ।

ਵਿਸ਼ੇ ਵਿੱਚ ਦਿਲਚਸਪੀ ਰੱਖਣ ਵਾਲੇ ਜਗਿਆਸੂਆਂ ਦੇ ਮਨਾਂ ਵਿੱਚ ਇਹ ਸਵਾਲ ਉੱਠਣਾ ਵੀ ਸੁਭਾਵਿਕ ਹੈ ਕਿ ਐੱਲ ਨੀਨੋ ਅਤੇ ਲਾ ਨੀਨਾ ਦਾ ਵਰਤਾਰਾ ਪ੍ਰਸ਼ਾਂਤ ਮਹਾਂਸਾਗਰ ਵਿੱਚ ਹੀ ਕਿਉਂ ਵਾਪਰਦਾ ਹੈ? ਅੰਧ ਮਹਾਂਸਾਗਰ ਜਾਂ ਹਿੰਦ ਮਹਾਂਸਾਗਰ ਵਿੱਚ ਕਿਉਂ ਨਹੀਂ? ਮੌਸਮ ਵਿਗਿਆਨੀਆਂ ਦਾ ਇਸ ਸਬੰਧੀ ਕਹਿਣਾ ਹੈ ਕਿ ਪ੍ਰਸ਼ਾਂਤ ਮਹਾਂਸਾਗਰ ਦੀ ਵਿਸ਼ਾਲਤਾ ਅਤੇ ਇਸ ਦੀ ਭੂਗੋਲਿਕ ਸਥਿਤੀ ਕਾਰਨ ਐੱਲ ਨੀਨੋ ਅਤੇ ਲਾ ਨੀਨਾ ਸਿਰਫ ਇਸ ਮਹਾਂਸਾਗਰ ਵਿੱਚ ਹੀ ਵਾਪਰ ਸਕਦੇ ਹਨ। ਉਹਨਾਂ ਮੁਤਾਬਕ ਅੰਧ ਮਹਾਂਸਾਗਰ ਅਤੇ ਹਿੰਦ ਮਹਾਂਸਾਗਰ ਦੇ ਮੁਕਾਬਲਤਨ ਛੋਟੇ ਆਕਾਰ ਅਤੇ ਇਹਨਾਂ ਦੀ ਭੂਗੋਲਿਕ ਸਥਿਤੀ ਕਾਰਨ ਇੱਥੇ ਐੱਲ ਨੀਨੋ ਅਤੇ ਲਾ ਨੀਨਾ ਲਈ ਅਨੁਕੂਲ ਸਥਿਤੀਆਂ ਨਹੀਂ ਬਣ ਪਾਉਂਦੀਆਂ।

**98556 56156**

* * *

## ਵਾਤਾਵਰਨ ਅਤੇ ਕੁਦਰਤ ਦੀ ਤਬਾਹੀ ਕਰਨ ਵਾਲੀ ਯੋਜਨਾ

# ਗਰੇਟ ਨਿਕੋਬਾਰ ਪ੍ਰੋਜੈਕਟ

ਤਰਕਸ਼ੀਲ ਦੇ ਪਿਛਲੇ ਅੰਕ ਵਿੱਚ ਵਾਤਾਵਰਨ ਦਿਵਸ (5 ਜੂਨ) ਅਤੇ ਇਸ ਤਰ੍ਹਾਂ ਦੇ ਹੋਰ ਦਿਨ ਮਨਾਉਣ ਦੀ ਸਾਰਥਿਕਤਾ ਬਾਰੇ ਇਕ ਆਰਟੀਕਲ ਦਿੱਤਾ ਸੀ– **'ਕੇਵਲ ਦਿਨ ਮਨਾਉਣ ਨਾਲ ਨਹੀਂ ਸਰਨਾ'**। ਇਸ ਵਿੱਚ ਅਸੀਂ ਸਪਸ਼ਟ ਕੀਤਾ ਸੀ ਕਿ ਇਹ ਦਿਨ ਮਨਾਉਣੇ ਓਨਾ ਚਿਰ ਰਸਮੀ ਕਾਰਵਾਈਆਂ ਤੋਂ ਵੱਧ ਕੁਝ ਨਹੀਂ ਹੋਣਗੇ ਜਿੰਨਾਂ ਚਿਰ ਉਹਨਾਂ ਸ਼ਕਤੀਆਂ ਨੂੰ ਨੱਥ ਨਹੀਂ ਪਾਈ ਜਾਂਦੀ, ਜੋ ਵਾਤਾਵਰਨ ਦੀ ਤਬਾਹੀ ਲਈ ਅਸਲ ਵਿੱਚ ਜਿੰਮੇਂਵਾਰ ਹਨ। ਇਸ ਲੇਖ ਵਿੱਚ ਜੋਰ ਦੇ ਕੇ ਲਿਖਿਆ ਗਿਆ ਸੀ –

*ਉਹ ਤਾਕਤਵਰ ਲੋਕ ਹਨ ਜਿਨ੍ਹਾਂ ਲਈ ਆਪਣਾ ਮੁਨਾਫਾ ਵਧਾਉਣਾ ਹੀ ਸਭ ਤੋਂ ਵੱਡਾ ਨਿਸ਼ਾਨਾ ਹੈ। ਵਾਤਾਵਰਨ, ਕੁਦਰਤੀ ਸਾਧਨ, ਆਉਣ ਵਾਲੀਆਂ ਨਸਲਾਂ ਦਾ ਫਿਕਰ, ਲੋਕਾਂ ਦੀ ਖਰਾਬ ਹੁੰਦੀ ਸਿਹਤ ਦਾ ਫਿਕਰ, ਉਨ੍ਹਾਂ ਦੇ ਕਿਸੇ ਏਜੰਡੇ ਉੱਤੇ ਨਹੀਂ ਹੁੰਦਾ ਅਤੇ ਦੁਖਦਾਈ ਸੱਚਾਈ ਇਹ ਹੈ ਕਿ ਇਹ ਦੂਜੀ ਕਿਸਮ ਦੇ ਲੋਕ ਹੀ ਨੀਤੀਆਂ ਘੜਦੇ ਹਨ, ਸਰਕਾਰਾਂ ਚਲਾਉਂਦੇ ਹਨ ਅਤੇ ਤਕਨੀਕ ਦੇ ਮਾਲਕ ਹਨ।*

ਭਾਰਤ ਸਰਕਾਰ ਵੱਲੋਂ ਪਾਸ ਕੀਤਾ ਗਿਆ ਗ੍ਰੇਟ ਨਿਕੋਬਾਰ ਪ੍ਰੋਜੈਕਟ ਉਪਰੋਕਤ ਵਿਚਾਰਾਂ ਦੀ ਸੱਚਾਈ ਨੂੰ ਬੜੇ ਉਘੜਵੇਂ ਰੂਪ ਵਿੱਚ ਪੇਸ਼ ਕਰ ਰਿਹਾ ਹੈ। ਅੱਗੇ ਗੱਲ ਕਰਨ ਤੋਂ ਪਹਿਲਾਂ ਦੇਖੀਏ ਕਿ ਇਹ ਪ੍ਰੋਜੈਕਟ ਹੈ ਕੀ?

ਗਰੇਟ ਨਿਕੋਬਾਰ ਪ੍ਰੋਜੈਕਟ 81000 ਕਰੋੜ ਦੀ ਲਾਗਤ ਨਾਲ ਸ਼ੁਰੂ ਹੋਣ ਵਾਲੀ ਇੱਕ ਅਜਿਹੀ ਯੋਜਨਾ ਹੈ ਜਿਸ ਵਿੱਚ ਨਿਕੋਬਾਰ ਟਾਪੂ ਦਾ ਕੁਦਰਤੀ ਰੂਪ ਖਤਮ ਕਰਕੇ ਇਥੇ ਵੱਡੇ ਸਮੁੰਦਰੀ ਜਹਾਜਾਂ ਦੇ ਸਮਾਨ ਦੀ ਉਤਰਾਈ ਚੜ੍ਹਾਈ ਵਾਲਾ ਸਥਾਨ ਬਣਾਉਣਾ, ਇੱਕ ਕੌਮਾਂਤਰੀ ਹਵਾਈ ਅੱਡਾ, ਇੱਕ ਗੈਸ ਅਤੇ ਥਰਮਲ ਪਾਵਰ ਬਿਜਲੀ ਘਰ ਅਤੇ ਇੱਕ ਸਾਢੇ 6 ਲੱਖ ਦੀ ਆਬਾਦੀ ਸੰਭਾਲਣ ਵਾਲਾ ਸ਼ਹਿਰ ਵਸਾਇਆ ਜਾਣਾ ਹੈ।

ਸਰਕਾਰ ਦੀ ਭਾਸ਼ਾ ਵਿੱਚ ਇਹ ਕੌਮੀ ਲੋੜਾਂ ਨੂੰ ਪੂਰੀਆਂ ਕਰਨ ਵਾਲਾ ਅਤੇ ਕਾਰਪੋਰੇਟਾਂ ਦੀ ਨਜ਼ਰ ਵਿੱਚ ਇਹ ਆਰਥਿਕ ਤਰੱਕੀ ਦਾ ਰਾਹ ਖੋਲ੍ਹਣ ਵਾਲਾ ਪ੍ਰੋਜੈਕਟ ਹੈ।

ਦੂਜੇ ਪਾਸੇ ਇਸ ਪ੍ਰੋਜੈਕਟ ਖਿਲਾਫ ਜ਼ੋਰਦਾਰ ਆਵਾਜ਼ਾਂ ਉੱਠ ਰਹੀਆਂ ਹਨ। change.org ਨਾਂ ਦੇ ਡਿਜ਼ੀਟਲ ਪਲੇਟਫਾਰਮ ਉੱਤੇ 2 ਲੱਖ ਤੋਂ ਵੱਧ ਲੋਕਾਂ ਨੇ ਇਸ ਪ੍ਰਤੀ ਵਿਰੋਧ ਜਤਾਇਆ ਹੈ ਅਤੇ ਹਰ ਰੋਜ਼ ਇਹ ਗਿਣਤੀ ਵੱਧ ਰਹੀ ਹੈ। ਵੱਖ ਵੱਖ ਖੇਤਰਾਂ ਦੇ 70 ਉੱਚ ਕੋਟੀ ਦੇ ਮਾਹਿਰਾਂ ਨੇ ਵਾਤਾਵਰਨ ਮੰਤਰਾਲੇ ਨੂੰ ਇਸ ਦੇ ਖਿਲਾਫ ਖੁੱਲ੍ਹੀ ਚਿੱਠੀ ਲਿਖੀ ਹੈ। ਗੋਦੀ ਮੀਡੀਆ ਚਾਹੇ ਚੁੱਪ ਹੈ ਪਰ 'ਫਰੰਟਲਾਈਨ' ਵਰਗੇ ਮੰਨੇ ਪਰਮੰਨੇ ਮੈਗਜ਼ੀਨ ਇਸ ਖਿਲਾਫ ਜੋਰਦਾਰ ਮੁਹਿੰਮ ਚਲਾ ਰਹੇ ਹਨ ਅਤੇ ਮਾਹਿਰਾਂ ਦੇ ਲੇਖਾਂ ਰਾਹੀਂ ਇਸ ਦੇ ਨੁਕਸਾਨਾਂ ਨੂੰ ਤੱਥਾਂ ਸਮੇਤ ਲੋਕਾਂ ਅੱਗੇ ਪੇਸ਼ ਕਰ ਰਹੇ ਹਨ। ਹੁਣ ਕਾਂਗਰਸ ਪਾਰਟੀ ਵੱਲੋਂ ਰਾਹੁਲ ਗਾਂਧੀ ਨੇ ਉੱਥੇ ਜਾ ਕੇ ਇਸ ਖਿਲਾਫ 'We choose Green over Greed' ਮੁਹਿੰਮ ਸ਼ੁਰੂ ਕੀਤੀ ਗਈ ਹੈ।

**ਇਸਦਾ ਵਿਰੋਧ ਕਿਉਂ?**

ਕੌਮੀ ਲੋੜਾਂ ਅਤੇ ਆਰਥਿਕ ਤਰੱਕੀ ਦੇ ਉਹਲੇ ਲੁਕਾਇਆ ਜਾ ਰਿਹਾ ਇਹ ਪ੍ਰੋਜੈਕਟ ਅਸਲ ਵਿੱਚ ਵਾਤਾਵਰਨ ਅਤੇ ਕੁਦਰਤ ਦੀ ਤਬਾਹੀ ਦਾ ਬਹੁਤ ਵੱਡਾ ਪ੍ਰੋਜੈਕਟ ਹੈ। ਇਸ ਨਾਲ 10 ਲੱਖ ਦਰਖਤ ਕੱਟੇ ਜਾਣੇ ਹਨ, 166 ਵਰਗ ਕਿਲੋਮੀਟਰ ਜੰਗਲ ਸਾਫ ਹੋ ਜਾਵੇਗਾ ਜੋ ਜੈਵਿਕ ਵੰਨ ਸੁਵੰਨਤਾ ਨਾਲ ਭਰਪੂਰ ਹੈ। ਸਮੁੰਦਰੀ ਕੱਛੂਆਂ ਦੀ 87 ਪ੍ਰਤੀਸ਼ਤ ਆਬਾਦੀ ਇਸ ਟਾਪੂ ਦੇ ਨੇੜੇ ਰਹਿੰਦੀ ਹੈ ਉਹ ਖਤਮ ਹੋ ਜਾਵੇਗੀ। ਮੂੰਗੇ ਦੀਆਂ ਚਟਾਨਾਂ ਦੀਆਂ ਸ਼ਾਨਦਾਰ ਲੜੀਆਂ ਖਤਮ ਹੋ ਜਾਣਗੀਆਂ। ਦੋ ਕਬੀਲੇ ਸ਼ੋਮਪੇਨ ਅਤੇ ਦੱਖਣੀ ਨਿਕੋਬਾਰੀ ਉਜੜ ਕੇ ਖਤਮ ਹੋ ਜਾਣਗੇ। ਪਰਵਾਸੀ ਪੰਛੀਆਂ ਦੀਆਂ ਉਡਾਨਾਂ ਵੀ ਪ੍ਰਭਾਵਿਤ ਹੋਣਗੀਆਂ ਕਿਉਂਕਿ ਇਹ ਪ੍ਰਵਾਸੀ ਪੰਛੀਆਂ ਦੀ ਯਾਤਰਾ ਦੇ ਇਕ ਵੱਡੇ ਲਾਂਘੇ ਵਿੱਚ ਪੈਂਦਾ ਹੈ।

ਇਥੇ ਪਹਿਲਾਂ ਆਬਾਦੀ ਕੇਵਲ 8000 ਹੈ, ਜਦ ਕਿ ਹੁਣ ਯੋਜਨਾ ਉਥੇ 6,50,000 ਲੋਕਾਂ ਨੂੰ ਵਸਾਉਣ ਦੀ ਹੈ, ਜੋ ਕਿ ਮੂਲ ਆਬਾਦੀ ਦਾ 80 ਗੁਣਾ ਹੈ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਧਰਤੀ ਉੱਤੇ ਐਨੀ ਨਵੀਂ ਮਨੁੱਖੀ ਆਬਾਦੀ ਦਾ ਕਿਹੋ ਜਿਹਾ ਭਾਰ ਪਵੇਗਾ ਅਤੇ ਉਥੋਂ ਦੇ ਰਮਨੀਕ ਕੁਦਰਤੀ ਵਾਤਾਵਰਨ ਦਾ ਕੀ ਬਣੇਗਾ।

ਇਸ ਤੋਂ ਵੀ ਵੱਡੀ ਗੱਲ ਕਿ ਇਹ ਸਥਾਨ ਭੁਚਾਲ ਪੱਟੀ ਵਿੱਚ ਪੈਂਦਾ ਹੈ। ਪਿਛਲੀ ਸੁਨਾਮੀ ਤੋਂ ਬਾਅਦ ਦੇ ਅਧਿਐਨਾਂ ਨੇ ਦੱਸਿਆ ਸੀ ਕਿ ਇਹ ਟਾਪੂ ਕਦੇ ਵੀ ਬਿਨਾਂ ਕਿਸੇ ਚੇਤਾਵਨੀ ਦੇ ਸਮੁੰਦਰ ਵਿੱਚ ਡੁੱਬ ਸਕਦਾ ਹੈ। ਭੂ-ਵਿਗਿਆਨੀਆਂ ਦੀ ਇਸ ਚੇਤਾਵਨੀ ਨੂੰ ਵੀ ਅਣਗੌਲਿਆਂ ਕਰ

ਦਿੱਤਾ ਗਿਆ।

ਵੈਸੇ ਤਾਂ ਹੁਣ ਭਾਰਤ ਸਰਕਾਰ ਦੇ ਸਾਰੇ ਹੀ ਅਦਾਰੇ ਸਰਕਾਰ ਦੀ ਹਾਂ ਵਿੱਚ ਹਾਂ ਮਿਲਾਉਣ ਜੋਗੇ ਰਹਿ ਗਏ ਹਨ। ਉਹਨਾਂ ਨੇ ਆਪਣੇ ਫਰਜਾਂ ਤੋਂ ਅੱਖਾਂ ਹੀ ਮੀਟ ਲਈਆਂ ਹਨ। ਉਹਨਾਂ ਨੇ ਇਹ ਭੁਲਾ ਹੀ ਦਿੱਤਾ ਹੈ ਕਿ ਉਹਨਾਂ ਨੂੰ ਕਿਸ ਮਕਸਦ ਲਈ ਸਥਾਪਿਤ ਕੀਤਾ ਗਿਆ ਸੀ। ਵਾਤਾਵਰਨ ਦੇ ਬਚਾਓ ਲਈ ਭਾਰਤ ਦਾ ਸਰਬ ਉੱਚ ਅਦਾਰਾ 'ਨੈਸ਼ਨਲ ਗਰੀਨ ਟ੍ਰਿਬਿਊਨਲ' ਸੰਨ 2010 ਵਿੱਚ ਇਸ ਮਕਸਦ ਲਈ ਸਥਾਪਿਤ ਕੀਤਾ ਗਿਆ ਸੀ ਕਿ ਇਹ ਵਿਗਿਆਨੀਆਂ ਅਤੇ ਵਾਤਾਵਰਨ ਦੇ ਮਾਹਿਰਾਂ ਦੀ ਸਲਾਹ ਅਨੁਸਾਰ ਕੰਮ ਕਰਦਾ ਹੋਇਆ ਵਾਤਾਵਰਨ, ਜੰਗਲਾਂ ਅਤੇ ਹੋਰ ਕੁਦਰਤੀ ਸਾਧਨਾਂ ਦੀ ਸਾਂਭ ਸੰਭਾਲ ਲਈ ਕੰਮ ਕਰੇਗਾ, ਇਹਨਾਂ ਦੇ ਹੁੰਦੇ ਨੁਕਸਾਨ ਨੂੰ ਰੋਕੇਗਾ। ਪਰ ਇਹ ਨੈਸ਼ਨਲ ਗਰੀਨ ਟ੍ਰਿਬਿਊਨਲ ਇਸ ਮਾਮਲੇ ਵਿੱਚ ਮਾਹਿਰਾਂ ਵੱਲੋਂ ਦਿੱਤੀਆਂ ਸਪਸ਼ਟ ਚਿਤਾਵਨੀਆਂ ਦੇ ਬਾਵਜੂਦ ਹਰ ਪਟੀਸ਼ਨ ਦਾ ਇਹ ਕਹਿ ਕੇ ਜਵਾਬ ਦੇ ਦਿੰਦਾ ਹੈ ਕਿ ਇਹ ਪ੍ਰੋਜੈਕਟ 'ਕੌਮੀ ਹਿਤਾਂ' ਲਈ ਜਰੂਰੀ ਹੈ।

ਸਵਾਲ ਕੀਤਾ ਜਾ ਸਕਦਾ ਹੈ ਕਿ ਅੰਡੇਮਾਨ ਨਿਕੋਬਾਰ ਦੀਪ ਸਮੂਹ ਤਾਂ ਸਾਡੇ ਤੋਂ ਬਹੁਤ ਦੂਰ ਹੈ। ਉਥੇ ਜੋ ਹੋ ਰਿਹਾ ਹੈ ਉਸ ਨਾਲ ਸਾਡਾ ਕੀ ਸਬੰਧ ਬਣਦਾ ਹੈ?

ਗੱਲ ਦੂਰ ਨੇੜੇ ਦੀ ਨਹੀਂ, ਸਗੋਂ ਗੱਲ ਉਹਨਾਂ ਨੀਤੀਆਂ ਦੀ ਹੈ ਜੋ ਸਾਰੇ ਦੇਸ਼ ਵਿੱਚ ਹੀ ਲਾਗੂ ਹੋ ਰਹੀਆਂ ਹਨ। ਜੋ ਤਾਕਤਾਂ ਆਪਣੇ ਲਾਲਚਾਂ ਕਾਰਨ ਉੱਥੇ ਕੁਦਰਤ ਦੀ ਤਬਾਹੀ ਕਰ ਰਹੀਆਂ ਹਨ ਉਹੀ ਤਾਕਤਾਂ ਸਾਡੇ ਕਾਰਜਸ਼ੀਲ ਹਨ। ਇਹ ਨੀਤੀਆਂ ਵਾਤਾਵਰਨ ਅਤੇ ਕੁਦਰਤੀ ਸਾਧਨਾਂ ਨਾਲੋਂ ਕਾਰਪੋਰੇਟਾਂ ਦੇ ਮੁਨਾਫਿਆਂ ਨੂੰ ਤਰਜੀਹ ਦਿੰਦੀਆਂ ਹਨ। ਇਹ ਨੀਤੀਆਂ ਪੰਜਾਬ ਵਿੱਚ ਵੀ ਆਪਣਾ ਰੰਗ ਦਿਖਾ ਰਹੀਆਂ ਹਨ। ਇੱਥੇ ਰੂਪ ਵੱਖਰਾ ਹੈ ਪਰ ਪਿੱਛੇ ਚਾਲਕ ਸ਼ਕਤੀ ਉਹੀ ਮੁਨਾਫੇ ਦੀ ਹਵਸ ਹੈ। ਸਾਡਾ ਦੁਸ਼ਮਣ ਇੱਕੋ ਹੈ। ਸੋ ਸਿਰਫ ਦੇਸ਼ ਵਿੱਚ ਹੀ ਨਹੀਂ ਬਲਕਿ ਦੁਨੀਆ ਵਿੱਚ ਜਿੱਥੇ ਵੀ ਕੁਦਰਤ ਦੀ ਤਬਾਹੀ ਹੁੰਦੀ ਹੈ ਉਸ ਖਿਲਾਫ ਚੇਤੰਨ ਹੋਣਾ ਸਾਡਾ ਫਰਜ ਹੈ ਅਤੇ ਆਵਾਜ਼ ਉਠਾਉਣੀ ਸਾਡੀ ਲੋੜ ਹੈ।

(ਅਗਲੇ ਕਾਲਮ ਵਿੱਚ ਸਾਡੀ ਨੌਜਵਾਨ ਪਾਠਕਾ ਵੱਲੋਂ ਹਰ ਨਾਇਨਸਾਫੀ ਖਿਲਾਫ਼ ਆਵਾਜ਼ ਉਠਾਉਣ ਬਾਰੇ ਪੇਸ਼ ਕੀਤੇ ਵਿਚਾਰ ਵੀ ਇਸੇ ਦੀ ਪ੍ਰੋੜਤਾ ਕਰਦੇ ਹਨ ਕਿ ਗਲਤ ਕੰਮ ਕਿਤੇ ਵੀ ਹੋ ਰਿਹਾ ਹੋਵੇ ਉਸ ਖਿਲਾਫ਼ ਅਵਾਜ਼ ਉਠਾਉਣੀ ਸਾਡਾ ਫਰਜ਼ ਹੈ।)

* * *

***ਨੌਜਵਾਨ ਕਲਮ ਤੋਂ***

## ਜਦੋਂ ਅਸੀਂ ਬੋਲਦੇ ਨਹੀਂ ਤਾਂ ਨਾਇਨਸਾਫ਼ੀ ਵੱਧਦੀ ਹੈ

ਇਸ ਦੁਨੀਆ ਵਿੱਚ ਬਹੁਤ ਵਾਰ ਨਾਇਨਸਾਫ਼ੀ ਇਸ ਲਈ ਨਹੀਂ ਹੁੰਦੀ ਕਿ ਲੋਕ ਬੁਰੇ ਹਨ, ਪਰ ਇਸ ਲਈ ਹੁੰਦੀ ਹੈ ਕਿ ਚੰਗੇ ਲੋਕ ਚੁੱਪ ਰਹਿੰਦੇ ਹਨ। ਜਦੋਂ ਅਸੀਂ ਆਪਣੇ ਹੱਕ ਲਈ ਆਵਾਜ਼ ਨਹੀਂ ਚੁੱਕਦੇ, ਤਾਂ ਜ਼ੁਲਮ ਕਰਨ ਵਾਲਿਆਂ ਦਾ ਹੌਂਸਲਾ ਹੋਰ ਵੱਧ ਜਾਂਦਾ ਹੈ। ਚੁੱਪੀ ਕਈ ਵਾਰ ਸਬਰ ਦੀ ਨਿਸ਼ਾਨੀ ਹੁੰਦੀ ਹੈ, ਪਰ ਕਈ ਵਾਰ ਇਹੀ ਚੁੱਪੀ ਨਾਇਨਸਾਫ਼ੀ ਨੂੰ ਜਨਮ ਦੇ ਦਿੰਦੀ ਹੈ।

ਅਕਸਰ ਇਨਸਾਨ ਸੋਚਦਾ ਹੈ ਕਿ ਬੋਲ ਕੇ ਕੀ ਹੋਵੇਗਾ, ਕੌਣ ਸੁਣੇਗਾ। ਪਰ ਸੱਚ ਇਹ ਹੈ ਕਿ ਜਦੋਂ ਇੱਕ ਆਵਾਜ਼ ਉੱਠਦੀ ਹੈ ਤਾਂ ਉਸ ਨਾਲ ਹੋਰ ਆਵਾਜ਼ਾਂ ਵੀ ਜੁੜਦੀਆਂ ਹਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਰ ਵੱਡਾ ਬਦਲਾਅ ਕਿਸੇ ਇੱਕ ਆਵਾਜ਼ ਨਾਲ ਹੀ ਸ਼ੁਰੂ ਹੋਇਆ ਸੀ। ਜੇ ਉਹ ਆਵਾਜ਼ ਵੀ ਚੁੱਪ ਰਹਿੰਦੀ, ਤਾਂ ਸ਼ਾਇਦ ਅੱਜ ਵੀ ਬਹੁਤ ਕੁਝ ਹਨੇਰੇ ਵਿੱਚ ਹੀ ਦੱਬਿਆ ਰਹਿੰਦਾ। ਚੁੱਪ ਰਹਿਣਾ ਕਈ ਵਾਰ ਆਸਾਨ ਲੱਗਦਾ ਹੈ, ਕਿਉਂਕਿ ਬੋਲਣ ਨਾਲ ਟਕਰਾਅ ਪੈਦਾ ਹੁੰਦਾ ਹੈ। ਪਰ ਇਹ ਵੀ ਸੱਚ ਹੈ ਕਿ ਜਦੋਂ ਅਸੀਂ ਬੋਲਦੇ ਨਹੀਂ, ਤਾਂ ਗਲਤ ਨੂੰ ਸਹੀ ਮੰਨਣ ਵਾਲਿਆਂ ਦੀ ਗਿਣਤੀ ਵਧ ਜਾਂਦੀ ਹੈ। ਫਿਰ ਨਾਇਨਸਾਫ਼ੀ ਇੱਕ ਰਿਵਾਜ ਬਣ ਜਾਂਦੀ ਹੈ ਅਤੇ ਪੀੜਤ ਲੋਕ ਆਪਣੀ ਹੀ ਖਾਮੋਸ਼ੀ ਵਿੱਚ ਘੁੱਟਦੇ ਰਹਿੰਦੇ ਹਨ।

ਇਨਸਾਨ ਨੂੰ ਆਪਣੇ ਹੱਕ ਲਈ ਬੋਲਣਾ ਸਿੱਖਣਾ ਪੈਂਦਾ ਹੈ। ਜਦੋਂ ਅਸੀਂ ਸੱਚ ਲਈ ਖੜ੍ਹੇ ਹੁੰਦੇ ਹਾਂ, ਤਾਂ ਸਿਰਫ਼ ਆਪਣਾ ਨਹੀਂ, ਸਗੋਂ ਹੋਰ ਬੇਸ਼ੁਮਾਰ ਲੋਕਾਂ ਦਾ ਹੌਂਸਲਾ ਵੀ ਬਣਦੇ ਹਾਂ, ਜੋ ਅਜੇ ਤੱਕ ਡਰ ਕਰਕੇ ਚੁੱਪ ਹਨ।

ਇਸ ਲਈ ਜ਼ਰੂਰੀ ਹੈ ਕਿ ਅਸੀਂ ਚੁੱਪੀ ਦੀ ਕੰਧ ਨੂੰ ਤੋੜੀਏ। ਜ਼ੁਲਮ ਦੇ ਸਾਹਮਣੇ ਖਾਮੋਸ਼ ਰਹਿਣਾ ਕਦੇ ਵੀ ਹੱਲ ਨਹੀਂ ਹੁੰਦਾ। ਜਦੋਂ ਸੱਚ ਦੀ ਆਵਾਜ਼ ਉੱਚੀ ਹੁੰਦੀ ਹੈ, ਤਾਂ ਨਾਇਨਸਾਫ਼ੀ ਦੀਆਂ ਕੰਧਾਂ ਆਪਣੇ ਆਪ ਹੀ ਡਿੱਗਣ ਲੱਗ ਪੈਂਦੀਆਂ ਹਨ।

ਅਖੀਰ ਵਿੱਚ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਚੁੱਪੀ ਕਦੇ ਵੀ ਇਨਸਾਫ਼ ਨਹੀਂ ਲਿਆਉਂਦੀ। ਇਨਸਾਫ਼ ਉਹਨਾਂ ਨੂੰ ਮਿਲਦਾ ਹੈ, ਜੋ ਡਰ ਤੋਂ ਉੱਪਰ ਉੱਠ ਕੇ ਸੱਚ ਲਈ ਬੋਲਣ ਦੀ ਹਿੰਮਤ ਕਰਦੇ ਹਨ। ਕਿਉਂਕਿ ਜਦੋਂ ਲੋਕ ਬੋਲਦੇ ਹਨ, ਤਦੋਂ ਹੀ ਦੁਨੀਆਂ ਬਦਲਣੀ ਸ਼ੁਰੂ ਹੁੰਦੀ ਹੈ।

**ਮੰਜੂ ਰਾਇਕਾ, ਭਿੰਡਰਾਂ (ਸੰਗਰੂਰ)**

# ਉਹ ਫਿਰਕੂ ਭਾਵਨਾਵਾਂ ਦਾ ਲਾਹਾ ਨਾ ਲੈ ਸਕਿਆ

ਜਿਵੇਂ ਧਾਰਮਿਕ ਭਾਵਨਾਵਾਂ ਭੜਕਾਕੇ ਸਿਆਸੀ ਪਾਰਟੀਆਂ ਅਤੇ ਸਿਆਸੀ ਬੰਦੇ ਵੋਟਾਂ ਦਾ ਲਾਹਾ ਲੈਂਦੇ ਹਨ, ਧਾਰਮਿਕ ਸ਼ਰਧਾ ਪੈਦਾ ਕਰਕੇ ਪੁਜਾਰੀ ਅਤੇ ਬਾਬੇ ਪੈਸਿਆਂ ਦੇ ਢੇਰ ਲਾ ਲੈਂਦੇ ਹਨ, ਉਵੇਂ ਸ਼ਾਤਰ ਕਿਸਮ ਦੇ ਬੰਦੇ ਫਿਰਕੂ ਭਾਵਨਾਵਾਂ ਭੜਕਾ ਕੇ ਆਪਣੀ ਚੌਧਰ ਚਮਕਾਉਣ ਅਤੇ ਦੂਜੇ ਧਰਮ ਵਾਲਿਆਂ ਨੂੰ ਬਲੈਕ ਮੇਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਮੇਰਠ ਦੇ ਨਕੁਲ ਗੁਰਜਰ ਨੇ ਵੀ ਇਸੇ ਤਰ੍ਹਾਂ ਦੀ ਇਕ ਸਕੀਮ ਬਣਾਈ ਸੀ। ਪਰ ਉਸ ਦੀ ਸਕੀਮ ਉਸਨੂੰ ਪੁੱਠੀ ਪੈ ਗਈ ਅਤੇ ਉਹ ਹੀਰੋ ਬਣਦਾ ਬਣਦਾ ਮੁਲਜ਼ਮ ਬਣ ਗਿਆ।

ਇਹ ਸ਼ੈਤਾਨੀ ਸੋਚ ਵਾਲਾ ਨਕੁਲ ਗੁਰਜਰ, ਫਿਰਕੂ ਜਥੇਬੰਦੀ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਸਥਾਨਕ ਆਗੂ ਹੈ। ਉਸ ਨੇ ਆਪਣੀ ਇੱਕ ਨਜ਼ਦੀਕੀ ਲੜਕੀ ਭਾਵਨਾ ਨੂੰ ਤਿਆਰ ਕੀਤਾ ਕਿ ਉਹ ਦੋ ਮੁਸਲਮਾਨ ਲੜਕਿਆਂ ਜੀਸ਼ਾਨ ਅਤੇ ਸ਼ਾਵੇਜ਼ ਨੂੰ ਫਸਾਉਣ ਵਿੱਚ ਸਾਥ ਦੇਵੇ ਤਾਂ ਜੋ ਉਹਨਾਂ ਨੂੰ ਬਲੈਕਮੇਲ ਕਰਕੇ ਪੈਸੇ ਬਟੋਰੇ ਜਾ ਸਕਣ।

ਇਹਨਾਂ ਦੋਹਾਂ ਲੜਕਿਆਂ ਵਿੱਚੋਂ ਜੀਸ਼ਾਨ ਘਰਾਂ ਵਿੱਚ ਕੰਮ ਕਰਨ ਵਾਲੀਆਂ ਲੜਕੀਆਂ ਨੂੰ ਕੰਮ ਦਿਵਾਉਣ ਵਾਲੀ ਏਜੰਸੀ ਚਲਾਉਂਦਾ ਹੈ। ਨਕੁਲ ਨੇ ਇਸ ਲੜਕੀ ਦਾ ਫੋਨ ਨੰਬਰ ਕਿਸੇ ਹੋਰ ਵਿਅਕਤੀ ਰਾਹੀਂ ਜੀਸ਼ਾਨ ਕੋਲ ਭੇਜ ਦਿੱਤਾ ਕਿ ਇਸ ਲੜਕੀ ਨੂੰ ਕੰਮ ਚਾਹੀਦਾ ਹੈ। ਜੀਸ਼ਾਨ ਲਈ ਇਹ ਇੱਕ ਆਮ ਕੇਸ ਸੀ। ਸੋ ਸੁਭਾਵਿਕ ਹੀ ਸੀ ਕਿ ਉਸ ਨੇ ਭਾਵਨਾ ਨੂੰ ਫੋਨ ਕੀਤਾ ਅਤੇ ਕਿਹਾ ਕਿ ਜਾਗਰਤੀ ਵਿਹਾਰ ਕਲੋਨੀ ਵਿਚਲੇ ਕਿਸੇ ਪਰਿਵਾਰ ਨੂੰ ਕੰਮ ਕਰਨ ਵਾਲੇ ਲੜਕੀ ਦੀ ਲੋੜ ਹੈ। ਭਾਵਨਾ ਨੇ ਕਿਹਾ ਕਿ ਉਹ ਤਿਆਰ ਹੈ। ਸੋ ਭਾਵਨਾ ਨੂੰ ਉਸ ਪਰਿਵਾਰ ਨਾਲ ਮਿਲਾ ਦੇਣ ਲਈ ਜੀਸ਼ਾਨ ਅਤੇ ਉਸ ਦਾ ਦੋਸਤ ਸ਼ਾਵੇਜ ਜਦ ਉਸਨੂੰ ਆਪਣੀ ਕਾਰ ਰਾਹੀਂ ਉਸ ਪਰਿਵਾਰ ਕੋਲ ਲੈ ਕੇ ਜਾ ਰਹੇ ਸਨ ਤਾਂ ਰਸਤੇ ਵਿੱਚ ਵਿਸ਼ਵ ਹਿੰਦੂ ਪਰੀਸ਼ਦ ਦੇ ਕਾਰਕੁਨਾਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਰੌਲਾ ਪਾਉਣ ਲੱਗੇ ਕਿ ਇਹ 'ਲਵ ਜਿਹਾਦ' ਦਾ ਕੇਸ ਹੈ ਅਤੇ ਉਹ ਭੋਲੀ ਭਾਲੀ ਲੜਕੀ ਨੂੰ ਫਸਾ ਕੇ ਲਿਜਾ ਰਹੇ ਹਨ।

ਨਕੁਲ ਗੁਰਜਰ ਅਤੇ ਉਸਦੇ ਸਾਥੀਆਂ ਦੀ ਯੋਜਨਾ ਸੀ ਕਿ ਇਸ ਨੂੰ ਲਵ ਜਿਹਾਦ ਮਾਮਲਾ ਬਣਾ ਕੇ ਆਪਣੀ ਚੌਧਰ ਚਮਕਾਈ ਜਾਵੇ ਅਤੇ ਦੂਸਰੇ ਪਾਸੇ ਮੁਸਲਮਾਨ ਲੜਕਿਆਂ ਉੱਤੇ ਦਬਾਅ ਬਣਾ ਕੇ, ਉਹਨਾਂ ਤੋਂ ਰੇਪ ਦਾ ਮਾਮਲਾ ਖਤਮ ਕਰਵਾਉਣ ਲਈ ਘੱਟੋ ਘੱਟ 10 ਲੱਖ ਰੁਪਏ ਬਟੋਰੇ ਜਾਣ।

ਪਰ ਜਦ ਇਹ ਮਾਮਲਾ ਪੁਲਿਸ ਕੋਲ ਗਿਆ ਤਾਂ ਪੁਲਿਸ ਨੂੰ ਸਾਰੀ ਕਹਾਣੀ 'ਤੇ ਸ਼ੱਕ ਹੋ ਗਿਆ ਕਿਉਂਕਿ ਇਸ ਮਾਮਲੇ ਦਾ ਸੂਤਰਧਾਰ ਨਕੁਲ ਕੁਝ ਸਮਾਂ ਪਹਿਲਾਂ ਹੀ ਗੈਂਗਰੇਪ ਦੇ ਕੇਸ ਵਿੱਚੋਂ ਜ਼ਮਾਨਤ ਉੱਤੇ ਬਾਹਰ ਆਇਆ ਹੋਇਆ ਸੀ। ਜਦ ਪੁਲਿਸ ਨੇ ਕੁੜੀ ਕੋਲੋਂ ਕੁਝ ਸਖਤੀ ਨਾਲ ਪੁੱਛ ਗਿੱਛ ਕੀਤੀ ਤਾਂ ਉਸਨੇ ਦੱਸ ਦਿੱਤਾ ਕਿ ਇਹ ਸਾਰੀ ਸਾਜਿਸ਼ ਨਕੁਲ ਗੁਰਜਰ ਨੇ ਘੜੀ ਸੀ। ਉਸਨੇ ਕੁੜੀ ਨੂੰ ਕਿਹਾ ਸੀ ਕਿ ਜੇ ਉਹ ਜੀਸ਼ਾਨ ਅਤੇ ਸ਼ਵੇਜ ਨੂੰ ਫਸਾਉਣ ਵਿੱਚ ਮਦਦ ਕਰੇਗੀ ਤਾਂ ਉਸ ਨੂੰ ਪੈਸੇ ਵੀ ਦੇਵੇਗਾ ਅਤੇ ਕਿਸੇ ਨੌਕਰੀ ਉੱਤੇ ਵੀ ਲਵਾਵੇਗਾ। ਬੁਲੰਦ ਸ਼ਹਿਰ ਦੀ ਰਹਿਣ ਵਾਲੀ ਇਹ ਲੜਕੀ ਡੇਢ ਸਾਲ ਤੋਂ ਨਕੁਲ ਦੇ ਸੰਪਰਕ ਵਿੱਚ ਸੀ।

ਕੁੜੀ ਇਹ ਵੀ ਮੰਨ ਗਈ ਕਿ ਉਸ ਨੇ ਕਾਰ ਵਿੱਚ ਬੈਠਣ ਤੋਂ ਪਹਿਲਾਂ ਕਾਰ ਦੀ ਫੋਟੋ ਅਤੇ ਲੋਕੇਸ਼ਨ ਨਕੁਲ ਨੂੰ ਭੇਜ ਦਿੱਤੀ ਸੀ ਤਾਂ ਜੋ ਵਿਸ਼ਵ ਹਿੰਦੂ ਪਰੀਸ਼ਦ ਵਾਲੇ ਉਸਦੇ ਸਾਥੀ ਕਾਰ ਦਾ ਪਿੱਛਾ ਕਰ ਸਕਣ। ਉਸ ਨੇ ਨਕੁਲ ਦੀਆਂ ਹਦਾਇਤਾਂ ਅਨੁਸਾਰ ਪੁਲਿਸ ਨੂੰ ਆਪਣੀ ਉਮਰ 16 ਸਾਲ ਦੱਸੀ ਸੀ ਤਾਂ ਜੋ ਮੁਸਲਮਾਨ ਮੁੰਡਿਆਂ ਖਿਲਾਫ ਨਾਬਾਲਗ ਨਾਲ ਰੇਪ ਕਰਨ ਵਾਲੀਆਂ ਸਖਤ ਧਰਾਵਾਂ ਲਗਾਈਆਂ ਜਾ ਸਕਣ। ਪਰ ਜਦ ਸਕੂਲ ਸਰਟੀਫਿਕੇਟ ਤੋਂ ਉਮਰ ਦੇਖੀ ਗਈ ਤਾਂ ਉਹ 19 ਸਾਲ ਦੀ ਨਿਕਲੀ। ਬਾਅਦ ਵਿੱਚ ਨਕੁਲ ਗੁਰਜਰ ਵੀ ਗ੍ਰਿਫਤਾਰ ਕਰ ਲਿਆ ਗਿਆ। ਹੁਣ ਇਹ ਝੂਠਾ ਦੋਸ਼ ਲਗਾਉਣ ਵਾਲੇ ਜੇਲ੍ਹ ਦੇ ਅੰਦਰ ਹਨ ਅਤੇ ਦੋਹਾਂ ਮੁਸਲਮਾਨ ਲੜਕਿਆਂ ਨੂੰ ਪੁਲਿਸ ਵੱਲੋਂ ਛੱਡ ਦਿੱਤਾ ਗਿਆ ਹੈ।

## ਸਹਾਇਤਾ

**ਇਕਾਈ ਜਲੰਧਰ**

1. ਵਿਜੇ ਰਾਹੀ– 500 ਰੁਪਏ
2. ਪਰਮਜੀਤ ਨਾਰੰਗਪੁਰ– 500 ਰੁਪਏ
3. ਅਸ਼ੋਕ ਕੁਮਾਰ– 500 ਰੁਪਏ

**ਇਕਾਈ ਫਗਵਾੜਾ**

ਸੁਰਿੰਦਰ ਸਿੰਘ ਕੈਨੇਡੀਅਨ, ਸਰਹਾਲ ਕਾਜ਼ੀਆਂ (ਸ਼ਹੀਦ ਭਗਤ ਸਿੰਘ ਨਗਰ) ਵੱਲੋਂ– 10,000 ਰੁਪਏ

**ਇਕਾਈ ਅੰਮ੍ਰਿਤਸਰ**

1. ਬਲਦੇਵ ਰਾਜ ਵੇਰਕਾ ਵੱਲੋਂ ਆਪਣੇ ਪੋਤਰਿਆਂ ਧੈਰਿਆਵੀਰ ਅਤੇ ਇਕਾਸ਼ਵੀਰ ਦੇ ਜਨਮ ਦਿਨ –1000 ਰੁ.
2. ਸੁਖਮੀਤ ਸਿੰਘ ਵੱਲੋਂ ਆਪਣੀ ਪੋਤਰੀ ਦੇ ਜਨਮ ਦੀ ਖੁਸ਼ੀ ਵਿੱਚ –1000 ਰੁਪਏ (ਪਿਛਲੇ ਅੰਕ ਵਿੱਚ ਗਲਤੀ ਨਾਲ 500 ਰੁਪਏ ਛਪ ਗਏ ਸਨ)

# ਵਿਗਿਆਨਕ ਸੋਚ: ਸਮੇਂ ਦੀ ਮੁੱਖ ਲੋੜ

**ਨਵਨੀਤ ਫਾਜ਼ਿਲਕਾ**

ਅਜੋਕੇ ਯੁੱਗ ਵਿੱਚ ਮਨੁੱਖ ਨੇ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਬੇਮਿਸਾਲ ਤਰੱਕੀ ਕੀਤੀ ਹੈ। ਅਸੀਂ ਪੁਲਾੜ ਦੀਆਂ ਦੂਰੀਆਂ ਤੈਅ ਕਰ ਰਹੇ ਹਾਂ, ਨਵੀਆਂ ਖੋਜਾਂ ਕਰ ਰਹੇ ਹਾਂ ਅਤੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਨਵੀਂ ਤਕਨਾਲੋਜੀ ਵਿਕਸਤ ਕਰ ਰਹੇ ਹਾਂ। ਪਰ ਇਸ ਤਰੱਕੀ ਦੇ ਬਾਵਜੂਦ ਸਾਡੇ ਸਮਾਜ ਦਾ ਇੱਕ ਵੱਡਾ ਹਿੱਸਾ ਅਜੇ ਵੀ ਅੰਧਵਿਸ਼ਵਾਸਾਂ ਅਤੇ ਕਥਿਤ ਚਮਤਕਾਰਾਂ ਦੇ ਜਾਲ ਵਿੱਚ ਫਸਿਆ ਹੋਇਆ ਹੈ। ਕਿਸੇ ਵੀ ਦੇਸ਼ ਦੀ ਅਸਲੀ ਤਰੱਕੀ ਉਸ ਦੇ ਨਾਗਰਿਕਾਂ ਦੀ ਵਿਗਿਆਨਕ ਸੋਚ ਨਾਲ ਹੀ ਸੰਭਵ ਹੈ।

**ਵਿਦਿਅਕ ਪ੍ਰਣਾਲੀ ਦਾ ਦੋਹਰਾਪਣ: ਧਰਮ ਬਨਾਮ ਵਿਗਿਆਨ** - ਸਾਡੇ ਘਰਾਂ ਅਤੇ ਸਕੂਲਾਂ ਵਿੱਚ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਦੋ ਵਿਰੋਧੀ ਗੱਲਾਂ ਸਿਖਾਈਆਂ ਜਾਂਦੀਆਂ ਹਨ। ਇੱਕ ਪਾਸੇ ਉਹਨਾਂ ਨੂੰ ਮੀਂਹ ਨੂੰ ਰੱਬ ਦੀ ਮਰਜ਼ੀ ਨਾਲ ਜੋੜ ਕੇ ਅਰਦਾਸਾਂ ਕਰਨੀ ਸਿਖਾਈਆਂ ਜਾਂਦੀਆਂ ਹਨ, ਜਦਕਿ ਦੂਜੇ ਪਾਸੇ ਉਹੀ ਬੱਚੇ ਵਿਗਿਆਨ ਵਿੱਚ ਪੜ੍ਹਦੇ ਹਨ ਕਿ ਮੀਂਹ ਵਾਸ਼ਪੀਕਰਨ (Evaporation) ਅਤੇ ਸੰਘਣਨ (Condensation) ਦੀ ਕੁਦਰਤੀ ਪ੍ਰਕਿਰਿਆ ਦਾ ਨਤੀਜਾ ਹੈ। ਇਹ ਵਿਰੋਧਾਭਾਸ ਬੱਚਿਆਂ ਦੇ ਮਨ ਵਿੱਚ ਸੰਦੇਹ ਅਤੇ ਮਾਨਸਿਕ ਦਵੰਦ ਪੈਦਾ ਕਰਦਾ ਹੈ।ਵਿਗਿਆਨਕ ਸੋਚ ਸਾਨੂੰ ਸਿਖਾਉਂਦੀ ਹੈ ਕਿ ਹਰ ਘਟਨਾ ਦਾ ਤਰਕਸੰਗਤ ਕਾਰਨ ਹੁੰਦਾ ਹੈ, ਨਾ ਕਿ ਉਹ ਕਿਸੇ ਅਲੌਕਿਕ ਸ਼ਕਤੀ ਦਾ ਨਤੀਜਾ ਹੈ।

**ਚਮਤਕਾਰਾਂ ਦਾ ਭੁਲੇਖਾ ਅਤੇ ਪ੍ਰਯੋਗਿਕ ਸੱਚ** -ਸਮਾਜ ਵਿੱਚ ਕਈ ਧਾਰਨਾਵਾਂ ਅਜਿਹੀਆਂ ਹਨ ਜੋ ਬਿਨਾਂ ਸਬੂਤਾਂ ਦੇ ਮੰਨੀਆਂ ਜਾਂਦੀਆਂ ਹਨ। ਜਿਵੇਂ ਕਿ ਮੌਤ ਵੇਲੇ ਆਤਮਾ ਦਾ ਸਰੀਰ ਤੋਂ ਨਿਕਲਣਾ ਇੱਕ ਚਮਤਕਾਰ ਵਜੋਂ ਪੇਸ਼ ਕੀਤਾ ਜਾਂਦਾ ਹੈ।ਪਰ ਜੇ ਅਸੀਂ ਇਸ ਨੂੰ ਵਿਗਿਆਨਕ ਨਜ਼ਰੀਏ ਨਾਲ ਵੇਖੀਏ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਜੀਵਨ ਇੱਕ ਜੈਵਿਕ ਪ੍ਰਕਿਰਿਆ ਹੈ ਅਤੇ ਮੌਤ ਸਰੀਰ ਦੇ ਅੰਗਾਂ ਦੇ ਕੰਮ ਬੰਦ ਹੋਣ ਦਾ ਨਤੀਜਾ ਹੈ। ਵਿਗਿਆਨ ਸਾਨੂੰ ਸਿੱਖਾਉਂਦਾ ਹੈ ਕਿ ਕਿਸੇ ਵੀ ਗੱਲ ਨੂੰ ਮੰਨਣ ਤੋਂ ਪਹਿਲਾਂ ਉਸ ਦਾ ਪ੍ਰਮਾਣ (Evidence) ਹੋਣਾ ਲਾਜ਼ਮੀ ਹੈ।

**ਅੰਧ-ਵਿਸ਼ਵਾਸ ਅਤੇ ਠੱਗੀ ਦਾ ਖਤਰਨਾਕ ਜਾਲ**- ਅੰਧਵਿਸ਼ਵਾਸ ਦਾ ਸਭ ਤੋਂ ਖਤਰਨਾਕ ਪਹਿਲੂ ਉਸ ਵੇਲੇ ਸਾਹਮਣੇ ਆਉਂਦਾ ਹੈ ਜਦੋਂ ਕੋਈ ਵਿਅਕਤੀ ਕਿਸੇ ਮੁਸੀਬਤ ਜਾਂ ਬਿਮਾਰੀ ਵਿੱਚ ਫਸ ਜਾਂਦਾ ਹੈ। ਅਜਿਹੇ ਸਮੇਂ ਵਿੱਚ ਜਿੱਥੇ ਉਸ ਨੂੰ ਡਾਕਟਰੀ ਇਲਾਜ ਅਤੇ ਵਿਗਿਆਨਕ ਸਲਾਹ ਦੀ ਲੋੜ ਹੁੰਦੀ ਹੈ, ਉੱਥੇ ਕਈ ਲੋਕ ਸੰਤ ਬਾਬਿਆਂ ਅਤੇ ਠੱਗ ਪਖੰਡੀਆਂ ਕੋਲ ਚਲੇ ਜਾਂਦੇ ਹਨ। ਇਹ ਲੋਕ ਡਰੇ ਹੋਏ ਅਤੇ ਮਜਬੂਰ ਇਨਸਾਨਾਂ ਦੀ ਭਾਵਨਾਵਾਂ ਦਾ ਫਾਇਦਾ ਚੁੱਕਦੇ ਹਨ। ਝੂਠੇ ਚਮਤਕਾਰਾਂ, ਟੋਣੇ-ਟੋਟਕਿਆਂ ਅਤੇ ਮਨਘੜਤ ਦਾਵਿਆਂ ਨਾਲ ਉਹਨਾਂ ਨੂੰ ਭਰਮਿਤ ਕਰਦੇ ਹਨ। ਕਈ ਵਾਰ ਲੋਕ ਆਪਣੀ ਮਿਹਨਤ ਦੀ ਕਮਾਈ, ਜਾਇਦਾਦ ਅਤੇ ਕੀਮਤੀ ਸਮਾਂ ਇਨ੍ਹਾਂ ਦੇ ਹਵਾਲੇ ਕਰ ਦਿੰਦੇ ਹਨ, ਪਰ ਅੰਤ ਵਿੱਚ ਨਾ ਉਹਨਾਂ ਨੂੰ ਰਾਹਤ ਮਿਲਦੀ ਹੈ ਅਤੇ ਨਾ ਹੀ ਸਮੱਸਿਆ ਦਾ ਹੱਲ। ਖਾਸ ਕਰਕੇ ਬਿਮਾਰੀਆਂ ਦੇ ਮਾਮਲੇ ਵਿੱਚ, ਇਹ ਅਣਜਾਣਤਾ ਜਾਨਲੇਵਾ ਸਾਬਤ ਹੋ ਸਕਦੀ ਹੈ। ਜਦੋਂ ਲੋਕ ਹਸਪਤਾਲ ਜਾਂ ਡਾਕਟਰ ਕੋਲ ਜਾਣ ਦੀ ਬਜਾਏ ਝਾੜ-ਫੂਕ 'ਤੇ ਭਰੋਸਾ ਕਰਦੇ ਹਨ, ਤਾਂ ਬਿਮਾਰੀ ਹੋਰ ਵੀ ਗੰਭੀਰ ਹੋ ਜਾਂਦੀ ਹੈ।

**ਰਾਜਨੀਤੀ ਅਤੇ ਅੰਧ-ਵਿਸ਼ਵਾਸ** - ਸਮਾਜ ਵਿੱਚ ਅੰਧ-ਵਿਸ਼ਵਾਸ ਦੇ ਵਾਧੇ ਦਾ ਇੱਕ ਵੱਡਾ ਕਾਰਨ ਰਾਜਨੀਤੀ ਅਤੇ ਧਰਮ ਦਾ ਮਿਲਾਪ ਵੀ ਹੈ। ਜਦੋਂ ਵੋਟਾਂ ਲਈ ਧਾਰਮਿਕ ਜਜ਼ਬਾਤਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਤਰਕ ਅਤੇ ਸੱਚਾਈ ਪਿੱਛੇ ਰਹਿ ਜਾਂਦੇ ਹਨ। ਸਾਨੂੰ ਇਹ ਸਮਝਣਾ ਪਵੇਗਾ ਕਿ ਸਿਰਫ਼ ਵੱਡ-ਵਡੇਰਿਆਂ ਦੀ ਲੀਹ ਮੰਨਣਾ ਹੀ ਸਹੀ ਨਹੀਂ ਹੁੰਦਾ। ਹਰ ਗੱਲ ਨੂੰ ਤਰਕ ਅਤੇ ਸਬੂਤ ਦੀ ਕਸੌਟੀ 'ਤੇ ਪਰਖਣਾ ਲਾਜ਼ਮੀ ਹੈ।

**ਸਿੱਟਾ** : ਜੇ ਅਸੀਂ ਇੱਕ ਪ੍ਰਗਤੀਸ਼ੀਲ ਅਤੇ ਵਿਕਸਿਤ ਦੇਸ਼ ਬਣਨਾ ਚਾਹੁੰਦੇ ਹਾਂ, ਤਾਂ ਸਾਨੂੰ ਆਪਣੀ ਮਾਨਸਿਕਤਾ ਵਿੱਚ ਬਦਲਾਅ ਲਿਆਉਣਾ ਪਵੇਗਾ। ਸਾਨੂੰ ਅਜਿਹੀ ਸਿੱਖਿਆ ਦੀ ਲੋੜ ਹੈ ਜੋ ਬੱਚਿਆਂ ਨੂੰ ਸਵਾਲ ਪੁੱਛਣ ਲਈ ਪ੍ਰੇਰਿਤ ਕਰੇ ਅਤੇ ਉਹਨਾਂ ਵਿੱਚ ਤਰਕਸ਼ੀਲ ਸੋਚ ਵਿਕਸਿਤ ਕਰੇ। ਜਿਸ ਦਿਨ ਅਸੀਂ ਕੁਦਰਤ ਦੇ ਨਿਯਮਾਂ ਨੂੰ ਸਮਝ ਲਵਾਂਗੇ, ਉਸ ਦਿਨ ਚਮਤਕਾਰਾਂ ਦਾ ਭਰਮ ਆਪਣੇ ਆਪ ਖਤਮ ਹੋ ਜਾਵੇਗਾ।ਆਓ, ਅਸੀਂ ਇੱਕ ਅਜਿਹਾ ਸਮਾਜ ਬਣਾਈਏ ਜਿੱਥੇ ਤਰਕ, ਵਿਗਿਆਨ ਅਤੇ ਇਨਸਾਨੀਅਤ ਦੀ ਜਿੱਤ ਹੋਵੇ।

* * *

# ਨੀਂਦ ਦੇ ਅਣਸੁਲਝੇ ਭੇਦਾਂ ਨੂੰ ਸੁਲਝਾਉਣ ਵਿਚ ਜੁਟੇ ਵਿਸ਼ਵ ਵਿਗਿਆਨੀ

**-ਸੁਖਮੰਦਰ ਸਿੰਘ ਤੂਰ**

ਮਨੁੱਖ ਆਪਣੀ ਜ਼ਿੰਦਗੀ ਦਾ ਇਕ ਤਿਹਾਈ ਤੋਂ ਵੱਧ ਹਿੱਸਾ ਨੀਂਦ ਵਿਚ ਗੁਜ਼ਾਰ ਦਿੰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਆਪਣੀ ਜ਼ਿੰਦਗੀ ਦੇ ਇਸ ਇਕ ਤਿਹਾਈ ਹਿੱਸੇ ਬਾਰੇ ਜ਼ਿਆਦਾ ਕੁਝ ਨਹੀਂ ਜਾਣਦਾ, ਇਹ ਉਸ ਦੀ ਸਮਝ ਤੋਂ ਬਾਹਰ ਹੈ। ਦੁਨੀਆਂ ਭਰ ਦੇ ਵਿਗਿਆਨੀ ਅਤੇ ਮਨੋਵਿਗਿਆਨੀ ਪਿਛਲੇ ਕਾਫੀ ਸਮੇਂ ਤੋਂ ਇਸ ਦੇ ਗੁੱਝੇ ਭੇਦਾਂ ਨੂੰ ਸੁਲਝਾਉਣ ਵਿਚ ਲੱਗੇ ਹੋਏ ਹਨ। ਅਮਰੀਕਾ ਦੇ ਕਈ ਸਕੂਲਾਂ ਅਤੇ ਮੈਡੀਕਲ ਕਾਲਜਾਂ ਵਿਚ ਤਾਂ ਨੀਂਦ ਦੇ ਸਬੰਧ ਵਿਚ ਖੋਜ ਕਰਨ ਲਈ ਅਲੱਗ ਵਿਭਾਗ ਅਤੇ ਪ੍ਰਯੋਗਸ਼ਾਲਾਵਾਂ ਸਥਾਪਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਇੱਥੇ ਨੀਂਦ ਅਤੇ ਸੁਪਨਿਆਂ ਆਦਿ 'ਤੇ ਖੋਜ ਕਰਨ ਵਾਸਤੇ 'ਡ੍ਰੀਮ ਰਿਸਰਚ ਲੈਬਾਰਟਰੀ' ਨਾਂਅ ਦੀ ਇਕ ਸੰਸਥਾ ਵੀ ਬਣੀ ਹੋਈ ਹੈ।

ਇਸ ਸੰਸਥਾ ਦੁਆਰਾ ਨੀਂਦ ਦੇ ਸਬੰਧ ਵਿਚ ਚਾਰੇ ਪਾਸੇ ਫੈਲੀਆਂ ਹੋਈਆਂ ਖੋਜਾਂ ਅਤੇ ਜਾਂਚ 'ਤੇ ਕੰਮ ਕੀਤਾ ਜਾ ਰਿਹਾ ਹੈ। ਸੰਸਥਾ ਦੁਆਰਾ ਨੀਂਦ ਸਮੇਂ ਦਿਮਾਗ ਦੀਆਂ ਬਿਜਲਈ ਗਤੀਵਿਧੀਆਂ ਨੂੰ ਨਾਪਣ ਲਈ ਇਕ ਯੰਤਰ ਵਿਕਸਤ ਕੀਤਾ ਗਿਆ ਹੈ। ਇਹ ਯੰਤਰ ਨੀਂਦ ਦੀ ਹਾਲਤ ਵਿਚ ਮੱਥੇ ਤੋਂ ਵਹਿਣ ਵਾਲੀਆਂ ਅਤਿ ਸੂਖਮ ਬਿਜਲਈ ਤਰੰਗਾਂ ਨੂੰ ਪੂਰੀ ਸਫਾਈ ਨਾਲ ਗ੍ਰਾਫ ਪੇਪਰ 'ਤੇ ਲਿਖਦਾ ਜਾਂਦਾ ਹੈ।

ਨੀਂਦ ਦੀ ਸਭ ਤੋਂ ਮਹੱਤਵਪੂਰਨ ਅਵਸਥਾ ਚੌਥੇ ਪਹਿਰ ਵਿਚ ਅਰੰਭ ਹੁੰਦੀ ਹੈ। ਇਸ ਅਵਸਥਾ ਵਿੱਚ ਮਨੁੱਖ ਗੂੜ੍ਹੀ ਨੀਂਦ ਵਿਚ ਚਲਿਆ ਜਾਂਦਾ ਹੈ। ਗੂੜ੍ਹੀ ਨੀਂਦ ਦੀ ਇਸ ਅਵਸਥਾ ਨੂੰ ਵਿਗਿਆਨਕ ਭਾਸ਼ਾ ਵਿਚ 'ਰੈਪਿਡ ਆਈ ਮੂਵਮੈਂਟ' (REM) ਕਹਿੰਦੇ ਹਨ। ਇਸ ਅਵਸਥਾ ਦੌਰਾਨ ਦਿਮਾਗ ਦੀ ਕ੍ਰਿਆਸ਼ੀਲਤਾ ਹੈਰਾਨੀਜਨਕ ਰੂਪ ਨਾਲ ਵਧ ਜਾਂਦੀ ਹੈ। ਨਵ-ਜਨਮੇ ਬੱਚੇ ਆਪਣਾ 75% ਤੋਂ ਵੱਧ ਸਮਾਂ ਨੀਂਦ ਵਿਚ ਗੁਜ਼ਾਰ ਦਿੰਦੇ ਹਨ। ਤਿੰਨ ਸਾਲ ਦੀ ਉਮਰ ਤੋਂ ਬਾਅਦ REM ਸ਼੍ਰੇਣੀ ਦੀ ਨੀਂਦ ਦਾ ਫੀਸਦੀ ਘਟਣਾ ਸ਼ੁਰੂ ਹੋ ਜਾਂਦਾ ਹੈ। ਜਵਾਨੀ ਦੀ ਉਮਰ ਵਿਚ 22 ਫੀਸਦੀ, 50 ਸਾਲ ਦੀ ਉਮਰ ਤੱਕ 20 ਫੀਸਦੀ ਅਤੇ ਇਸ ਤੋਂ ਬਾਅਦ ਦੀ ਉਮਰ ਵਿਚ REM ਸ਼੍ਰੇਣੀ ਦੀ ਨੀਂਦ ਦੀ ਮਾਤਰਾ 10 ਤੋਂ 15 ਫੀਸਦੀ ਰਹਿ ਜਾਂਦੀ ਹੈ।

ਮਨੋਵਿਗਿਆਨਕਾਂ ਦੇ ਇਕ ਸਮੂਹ ਦੁਆਰਾ ਕੀਤੇ ਗਏ ਇਕ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਨੀਂਦ ਆਪਣੇ ਆਪ ਵਿਚ ਇਕ ਲੈਅਬੱਧ ਪ੍ਰਤੀਕਿਰਿਆ ਹੈ, ਜਿਸ ਦੇ ਅਨੁਸਾਰ ਨੀਂਦ ਨਿਸ਼ਚਿਤ ਮਿਆਦ ਦੇ ਕਾਲ ਖੰਡਾਂ ਵਿਚ ਵੰਡੀ ਹੁੰਦੀ ਹੈ। ਇਕ ਕਾਲ ਖੰਡ ਦੀ ਸਥਿਤੀ ਅਕਸਰ 90 ਮਿੰਟ ਦੀ ਹੁੰਦੀ ਹੈ। ਕਾਲ ਖੰਡ ਦੀ ਆਰੰਭਿਕ ਅਵਸਥਾ ਵਿਚ ਅੱਖਾਂ ਤੇਜ਼ੀ ਨਾਲ ਇਧਰ-ਉਧਰ ਘੁੰਮਦੀਆਂ ਹਨ। ਕਾਲ ਖੰਡ ਦੀ ਅੰਤਿਮ ਸਟੇਜ15-20 ਮਿੰਟ ਦੀ ਗਹਿਰੀ ਨੀਂਦ ਦੀ ਅਵਸਥਾ ਹੁੰਦੀ ਹੈ। ਮਨੋਵਿਗਿਆਨਕਾਂ ਦੇ ਅਨੁਸਾਰ ਤੰਦਰੁਸਤ ਸਰੀਰਕ ਆਰਾਮ ਲਈ ਇਕ ਕਾਲ ਖੰਡ ਦੀਆਂ ਤਿੰਨ ਅਵਸਥਾਵਾਂ ਵਿੱਚੋਂ ਲੰਘਣਾ ਪੈਂਦਾ ਹੈ।

ਇਕ ਅਮਰੀਕੀ ਵਿਗਿਆਨੀ ਡਾ. ਹੇਰਾਲਡ ਵਿਲਸਨ ਦਾ ਕਹਿਣਾ ਹੈ ਕਿ ਜੇਕਰ ਮਨੁੱਖ ਨੂੰ 100 ਤੋਂ 150 ਘੰਟਿਆਂ ਤੱਕ ਨੀਂਦ ਤੋਂ ਬਗੈਰ ਰੱਖਿਆ ਜਾਵੇ ਤਾਂ ਉਹ ਆਪਣਾ ਮਾਨਸਿਕ ਸੰਤੁਲਨ ਗੁਆ ਲਵੇਗਾ। ਉਸ ਨੂੰ ਚੀਜ਼ਾਂ ਦਾ ਆਕਾਰ ਬਦਲਦਾ ਹੋਇਆ ਦਿਖਾਈ ਦੇਣ ਲੱਗੇਗਾ ਅਤੇ ਜੇਕਰ ਇਸ ਅਵਸਥਾ ਤੋਂ ਬਾਅਦ ਵੀ ਨੀਂਦ ਨਸੀਬ ਨਾ ਹੋਵੇ ਤਾਂ ਉਸ ਦਾ ਮਾਨਸਿਕ ਸੰਤੁਲਨ ਬਿਲਕੁਲ ਜਵਾਬ ਦੇ ਦੇਵੇਗਾ ਅਤੇ ਉਸ ਦੇ ਪਾਗਲ ਹੋਣ ਤੱਕ ਦੀ ਨੌਬਤ ਆ ਸਕਦੀ ਹੈ। ਖੋਜਾਂ ਅਨੁਸਾਰ ਨੀਂਦ ਦੇ ਸਵੇਗ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਨੀਂਦ ਦੇ ਪਹਿਲੇ ਪਹਿਰ ਨੂੰ 'ਅਲਪਨੀਂਦਰ' ਦਾ ਨਾਂਅ ਦਿੱਤਾ ਗਿਆ ਹੈ। ਇਹ ਅਵਸਥਾ ਨੀਂਦ ਦੀ ਤਿਆਰੀ ਦੀ ਪਹਿਲੀ ਅਵਸਥਾ ਹੁੰਦੀ ਹੈ। ਇਸ ਅਵਸਥਾ ਵਿਚ ਈ. ਈ. ਜੀ. ਗਰਾਫ ਪੇਪਰ 'ਤੇ ਨੀਂਦ ਸਤਰ 10 ਹਰਟਜ਼ ਦੱਸਦਾ ਹੈ। ਹਰਟਜ਼ ਨੀਂਦ ਦੀ ਗਹਿਰਾਈ ਨੂੰ ਨਾਪਣ ਦੀ ਇਕ ਇਕਾਈ ਹੈ। ਦੂਜਾ ਪਹਿਰ ਉਸ ਨੂੰ ਮੰਨਿਆ ਜਾਂਦਾ ਹੈ ਜਦੋਂ ਮਨੁੱਖ ਨੂੰ ਹਲਕੀ ਨੀਂਦ ਆਉਣ ਲੱਗਦੀ ਹੈ। ਇਸ ਸਮੇਂ 7 ਹਰਟਜ਼ ਦਿਖਾਈ ਦੇਣ ਲੱਗਦਾ ਹੈ ਅਤੇ ਹੌਲੀ-ਹੌਲੀ ਮਨੁੱਖ ਗਹਿਰੀ ਨੀਂਦ ਵਿਚ ਚਲਿਆ ਜਾਂਦਾ ਹੈ ਅਤੇ ਤੀਜੇ ਪਹਿਰ ਦੀ ਨੀਂਦ ਵਿਚ ਦਿਮਾਗ ਦੀਆਂ ਤਰੰਗਾਂ ਦਾ ਪੱਧਰ 5 ਹਰਟਜ਼ ਤੱਕ ਪਹੁੰਚ ਜਾਂਦਾ ਹੈ। ਇਸ ਅਵਸਥਾ ਵਿਚ ਸਰੀਰ ਦੀਆਂ ਮਾਸਪੇਸ਼ੀਆਂ ਸੁਸਤ ਪੈ ਜਾਂਦੀਆਂ ਹਨ।

ਨੀਂਦ ਦੀ ਸਭ ਤੋਂ ਮਹੱਤਵਪੂਰਨ ਅਵਸਥਾ ਚੌਥੇ ਪਹਿਰ ਵਿਚ ਆਰੰਭ ਹੁੰਦੀ ਹੈ। ਉਦੋਂ ਗਰਾਫ 'ਤੇ ਪਹਾੜਾਂ ਦੀਆਂ ਲੜੀਆਂ ਆਦਿ ਦਾ ਦ੍ਰਿਸ਼ ਨਜ਼ਰ ਆਉਣ ਲੱਗਦਾ ਹੈ ਅਤੇ ਇਸ ਦਾ ਪੱਧਰ 3 ਹਰਟਜ਼.'ਤੇ ਪਹੁੰਚ ਜਾਂਦਾ ਹੈ। ਇਹ ਉਹ ਅਵਸਥਾ ਹੈ ਜਿਸ ਵਿਚ ਦਿਮਾਗ ਦੇ ਕਿਰਿਆਸ਼ੀਲ ਰਹਿਣ ਦੇ ਬਾਵਜੂਦ ਮਨੁੱਖ ਨੂੰ ਸਭ ਤੋਂ ਜ਼ਿਆਦਾ ਆਰਾਮ ਮਿਲਦਾ ਹੈ। ਇਸ ਨੂੰ 'ਘੋੜੇ ਵੇਚ ਕੇ ਸੌਣ' ਵਾਲੀ ਨੀਂਦ ਵੀ ਕਿਹਾ ਜਾਂਦਾ ਹੈ ਅਤੇ ਇਸ ਅਵਸਥਾ ਵਿਚ ਵੱਧ ਸੁਪਨੇ ਆਉਂਦੇ ਹਨ।

* * *

# ਸੈੱਲ ਘਟਣ ਅਤੇ ਡੇਂਗੂ ਬੁਖਾਰ ਬਾਰੇ ਕੁਝ ਜਰੂਰੀ ਜਾਣਕਾਰੀਆਂ

**'ਸੈੱਲ ਘਟਣਾ' ਕੀ ਹੈ?**

ਇਹ ਇੱਕ ਆਮ ਵਜ੍ਹਾ ਹੈ ਜਿਸ ਕਰਕੇ ਲੋਕ ਡਾਕਟਰ ਕੋਲ ਜਾਂਦੇ ਹਨ। ਅਕਸਰ 'ਸੈੱਲ ਘਟਣ' ਦੀ ਗੱਲ ਸੁਣ ਕੇ ਮਰੀਜ਼ ਬਹੁਤ ਡਰੇ ਹੁੰਦੇ ਹਨ ਅਤੇ ਕਾਫ਼ੀ ਉਹੜ-ਪੋਹੜ ਕਰ ਕੇ, ਕਈ ਵਾਰ ਤਾਂ 5-7 ਬੋਤਲਾਂ (ਭਾਵ ਗਲੂਕੋਜ਼) ਲਗਵਾ ਕੇ ਹਸਪਤਾਲ ਵਿੱਚ ਆਉਂਦੇ ਹਨ।

ਆਓ ਦੇਖੀਏ ਕਿ ਇਹ 'ਸੈੱਲ ਘਟਣਾ' ਕੀ ਹੈ ਅਤੇ ਇਸ ਦਾ ਕੀ ਇਲਾਜ ਹੈ?

ਮਨੁੱਖ ਦੇ ਖ਼ੂਨ ਵਿੱਚ ਮੁੱਖ ਰੂਪ 'ਚ ਤਿੰਨ ਤਰ੍ਹਾਂ ਦੇ ਸੈੱਲ ਹੁੰਦੇ ਹਨ- ਚਿੱਟੇ ਸੈੱਲ (ਰੋਗਾਂ ਤੋਂ ਬਚਾਉਣ ਵਾਲੇ ਭਾਵ ਸੁਰੱਖਿਆ ਫੋਰਸ), ਲਾਲ ਸੈੱਲ (ਸਾਰੇ ਸਰੀਰ ਵਿੱਚ ਆਕਸੀਜਨ ਲੈ ਕੇ ਜਾਣ ਵਾਲੇ) ਅਤੇ ਪਲੇਟਲੈੱਟ (ਸੱਟ-ਫੇਟ ਲੱਗਣ 'ਤੇ ਲਹੂ ਨੂੰ ਵਹਿਣ ਤੋਂ ਰੋਕਣ ਵਾਲੇ)। ਇਹ ਸਾਰੇ ਹੀ ਸੈੱਲ ਇਕੱਠੇ ਜਾਂ ਕੱਲੇ-ਕੱਲੇ ਘੱਟ-ਵੱਧ ਹੋ ਸਕਦੇ ਹਨ, ਪਰ ਸਾਡੀ ਆਮ ਬੋਲੀ ਵਿੱਚ ਪਲੇਟਲੈੱਟ ਘਟਣ ਨੂੰ 'ਸੈੱਲ ਘਟਣਾ' ਕਿਹਾ ਜਾਂਦਾ ਹੈ।

ਕਿਉਂਕਿ ਪਲੇਟਲੈੱਟ ਸੈੱਲ ਖ਼ੂਨ ਵਹਿਣ ਤੋਂ ਰੋਕਦੇ ਹਨ, ਇਸ ਲਈ ਇਨ੍ਹਾਂ ਦੀ ਗਿਣਤੀ ਘਟਣ ਨਾਲ ਖ਼ੂਨ ਵਗਣ ਦਾ ਡਰ ਜੁੜਿਆ ਹੋਇਆ ਹੈ, ਪਰ ਅਸਲ ਵਿੱਚ ਅਜਿਹਾ ਬਹੁਤ ਥੋੜ੍ਹੇ ਮਾਮਲਿਆਂ ਵਿੱਚ ਹੀ ਹੁੰਦਾ ਹੈ। ਇੱਕ ਸਿਹਤਮੰਦ ਮਨੁੱਖ ਵਿੱਚ ਪਲੇਟਲੈੱਟ ਦੀ ਗਿਣਤੀ 1.5 ਤੋਂ 4.5 ਲੱਖ ਪ੍ਰਤੀ ਮਾਈਕ੍ਰੋਲੀਟਰ ਹੁੰਦੀ ਹੈ। (ਇੱਕ ਮਾਈਕ੍ਰੋਲੀਟਰ ਲੀਟਰ ਦਾ ਦੱਸ ਲੱਖਵਾਂ ਹਿੱਸਾ)। ਲੈਬ ਰਿਪੋਰਟ ਵਿੱਚ ਇਸਨੂੰ 150-450 ਗੁਣਾਂ $10^3$ ਲਿਖਿਆ ਮਿਲੇਗਾ। 1.5 ਲੱਖ/ਮਾਈਕ੍ਰੋਲੀਟਰ ਤੋਂ ਘੱਟ ਹੋਣ ਉੱਤੇ ਪਲੇਟਲੈੱਟ ਘਟੇ ਮੰਨੇ ਜਾਂਦੇ ਹਨ, ਪਰ ਇਸਦਾ ਮਾੜਾ ਪ੍ਰਭਾਵ ਦਿੱਖਣ ਲਈ ਪਲੇਟਲੈੱਟ ਦੀ ਗਿਣਤੀ ਕਾਫ਼ੀ ਘੱਟ ਹੋਣੀ ਚਾਹੀਦੀ ਹੈ।

ਜੇ ਪਲੇਟਲੈੱਟ 50,000/ਮਾਈਕ੍ਰੋਲੀਟਰ ਤੋਂ ਉੱਪਰ ਹਨ, ਤਾਂ ਕਿਸੇ ਖਤਰੇ ਦੀ ਸੰਭਾਵਨਾਂ ਨਾਂਹ ਦੇ ਬਰਾਬਰ ਹੈ, ਪਰ ਫਿਰ ਵੀ ਪਲੇਟਲੈੱਟ ਘਟਣ ਦਾ ਕਾਰਨ ਲੱਭਣਾ ਜ਼ਰੂਰੀ ਹੁੰਦਾ ਹੈ। ਜੇ ਪਲੇਟਲੈੱਟ 20,000ਤੋਂ 50,000/ਮਾਈਕ੍ਰੋਲੀਟਰ ਦੇ ਵਿਚਾਲੇ ਹਨ, ਤਾਂ ਵੀ ਖ਼ੂਨ ਵਹਿਣ ਦਾ ਖਤਰਾ ਬਹੁਤ ਘੱਟ ਹੁੰਦਾ ਹੈ ਪਰ ਮਰੀਜ਼ ਨੂੰ ਲਗਾਤਾਰ ਨਿਗਰਾਨੀ ਹੇਠ ਰੱਖਣਾ ਹੁੰਦਾ ਹੈ। ਜੇ ਪਲੇਟਲੈੱਟ 10,000-20,000/ਮਾਈਕ੍ਰੋਲੀਟਰ ਹੋਣ ਤਾਂ ਮਰੀਜ਼ ਨੂੰ ਬਹੁਤ ਜ਼ਿਆਦਾ ਨਿਗਰਾਨੀ ਹੇਠ ਰੱਖਣਾ ਹੁੰਦਾ ਹੈ, ਪਲੇਟਲੈੱਟ ਵਧਾਉਣ ਲਈ ਉਪਰਾਲੇ ਕਰਨੇ ਹੁੰਦੇ ਹਨ ਅਤੇ ਪਲੇਟਲੈੱਟ ਲਗਾਉਣ ਦੀ ਲੋੜ ਇੱਥੇ ਵੀ ਬਹੁਤਾ ਕਰਕੇ ਨਹੀਂ ਹੁੰਦੀ। ਹਾਂ, ਜੇ ਪਲੇਟਲੈੱਟ 10,000/ਮਾਈਕ੍ਰੋਲੀਟਰ ਤੋਂ ਵੀ ਘਟ ਜਾਂਦੇ ਹਨ ਜਾਂ ਕਿਤੋਂ ਖ਼ੂਨ ਵਗਣ ਲੱਗ ਪਵੇ ਤਾਂ ਹੀ ਪਲੇਟਲੈੱਟ ਲਗਾਉਣ ਦੀ ਲੋੜ ਪੈਂਦੀ ਹੈ।

**ਹੁਣ ਦੇਖੀਏ ਪਲੇਟਲੈੱਟ ਘਟਣ ਦੇ ਕਾਰਨ:**

1. ਡੇਂਗੂ, ਚਿਕਨਗੁਨਿਆ, ਹੋਰ ਤਰ੍ਹਾਂ-ਤਰ੍ਹਾਂ ਦੇ ਵਾਇਰਲ ਬੁਖਾਰ, ਮਲੇਰੀਆ, ਟਾਈਫ਼ਾਈਡ।
2. ਤਿੱਲੀ (spleen) ਦਾ ਵੱਡਾ ਹੋਣਾ, ਜਿਵੇਂ ਕਿ ਸ਼ਰਾਬ ਨਾਲ ਜਿਗਰ (ਲਿਵਰ) ਖਰਾਬ ਹੋਣ 'ਤੇ ਅਤੇ ਹੋਰ ਵੀ ਕਈ ਕਾਰਨ ਹਨ।
3. ITP (ਇੱਕ ਬਿਮਾਰੀ ਜਿਸ ਵਿੱਚ ਮਨੁੱਖ ਦਾ ਸੁਰੱਖਿਆ ਸਿਸਟਮ ਆਪਣੇ ਹੀ ਪਲੇਟਲੈੱਟ ਨੂੰ ਖਤਮ ਕਰਨ ਲੱਗਦਾ ਹੈ) 4. ਪਲੇਟਲੈੱਟ ਦਾ ਬਣਨਾ ਹੀ ਘੱਟ ਹੋ ਜਾਣਾ।

**ਸੈੱਲ ਘਟਣ ਬਾਰੇ ਮਿੱਥਾਂ**

ਮਿੱਥ ***1. ਲੱਤਾਂ ਦੁਖਣ, ਸਰੀਰ ਦਰਦਾਂ ਦਾ ਕਾਰਨ ਸੈੱਲ ਘਟਣਾ ਹੈ।***

ਇਹ ਬਹੁਤ ਆਮ ਗੱਲ ਹੈ। ਲੋਕ ਕਿਸੇ ਨਾ ਕਿਸੇ ਵਜ੍ਹਾ ਕਰਕੇ ਤਰ੍ਹਾਂ-ਤਰ੍ਹਾਂ ਦੇ ਲੈਬ ਟੈਸਟ ਖ਼ੁਦ ਜਾਂ ਕਿਸੇ ਦੇ ਕਹਿਣ 'ਤੇ ਕਰਵਾ ਲੈਂਦੇ ਹਨ, ਅਤੇ ਫਿਰ ਕਈ ਵਾਰ ਰਿਪੋਰਟ ਵਿੱਚ ਸੈੱਲ (ਭਾਵ ਪਲੇਟਲੈੱਟ) ਦੀ ਗਿਣਤੀ 2-4 ਹਜ਼ਾਰ ਘੱਟ ਆ ਜਾਂਦੀ ਹੈ। ਫਿਰ ਉਹ ਆਪਣੀਆਂ ਸਿਹਤ ਸਬੰਧੀ ਸਾਰੀਆਂ ਸਮੱਸਿਆਵਾਂ ਨੂੰ ਸੈੱਲ ਘਟਣ ਨਾਲ ਜੋੜ ਕੇ ਪਰੇਸ਼ਾਨ ਹੁੰਦੇ ਰਹਿੰਦੇ ਹਨ, ਇਧਰੋਂ-ਉਧਰੋਂ ਬੇਲੋੜੀਆਂ ਅਤੇ ਕਈ ਵਾਰ ਬੇਹੱਦ ਨੁਕਸਾਨਦੇਹ ਦਵਾਈਆਂ ਖਾਂਦੇ ਹਨ। ਲੱਤਾਂ ਦੁਖਣ, ਸਰੀਰ ਦਰਦਾਂ ਦੇ ਕਾਰਨ ਆਮ ਕਰਕੇ ਜ਼ਰੂਰੀ ਪੋਸ਼ਕ ਤੱਤਾਂ ਪੱਖੋਂ ਮਾੜੀ ਖ਼ੁਰਾਕ ਹੁੰਦੀ ਹੈ।

ਮਿੱਥ 2. ***ਸੈੱਲ ਘਟਣ ਦਾ ਇਲਾਜ ਗਲੂਕੋਜ਼ ਲਵਾਉਣਾ ਹੈ।***

ਜਿਵੇਂ ਅਸੀਂ ਪਹਿਲਾਂ ਵੀ ਲਿਖਿਆ ਸੀ ਕਿ ਬਹੁਤੀ ਵਾਰ ਸੈੱਲ ਘਟਣ ਦਾ ਇਲਾਜ ਸੈੱਲ ਘਟਣ ਦਾ ਕਾਰਨ ਲੱਭਣ ਤੋਂ ਬਾਅਦ ਹੀ ਸ਼ੁਰੂ ਹੁੰਦਾ ਹੈ, ਇਸ ਲਈ ਗਲੂਕੋਜ਼ ਲਵਾਉਣਾ ਤਾਂ ਉੱਕਾ ਹੀ ਬੇਲੋੜਾ ਹੈ। ਇਹ ਸਿਰਫ਼ ਪੈਸੇ ਦੀ ਬਰਬਾਦੀ ਹੈ ਅਤੇ ਜਦੋਂ ਅਸਲ ਵਿੱਚ ਪੈਸੇ ਖਰਚ ਕਰਕੇ ਬਿਮਾਰੀ ਲੱਭਣ ਦਾ ਸਮਾਂ ਹੁੰਦਾ ਹੈ, ਉਦੋਂ ਤੱਕ ਹਮਾਤੜ ਬੰਦੇ ਹਜ਼ਾਰਾਂ ਰੁਪੈ ਖਰਚ ਕਰਕੇ

ਕੱਖੋਂ ਹੌਲੇ ਹੋਏ ਬੈਠੇ ਹੁੰਦੇ ਹਨ। ਘਟੇ ਸੈੱਲ ਵਧਾਉਣ ਲਈ ਗਲੂਕੋਜ਼ ਲਾਉਣਾ ਭੋਲੇ ਲੋਕਾਂ ਦੀ ਲੁੱਟ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ਕਈ ਵਾਰ ਮਰੀਜ਼ ਦੀ ਸਰੀਰਿਕ ਸਥਿਤੀ ਨੂੰ ਧਿਆਨ ਵਿੱਚ ਰੱਖੇ ਬਿਨਾਂ ਅਨ੍ਹੇਂਵਾਹ ਲਾਏ ਜਾਂਦੇ ਗਲੂਕੋਜ਼ ਹੀ ਮਰੀਜ਼ ਦੀ ਹਾਲਤ ਖਰਾਬ ਕਰ ਦਿੰਦੇ ਹਨ।

ਮਿੱਥ 3. ***ਸੈੱਲ ਘਟਣਾ ਮਤਲਬ ਡੇਂਗੂ ਬੁਖਾਰ।***

ਲੱਗਭਗ ਹਰੇਕ ਬੁਖਾਰ ਵਿੱਚ ਜਿਹੜਾ ਬੈਕਟੀਰੀਆ/ਵਾਇਰਸ ਜਾਂ ਕਿਸੇ ਹੋਰ ਰੋਗਾਣੂ ਕਰਕੇ ਹੁੰਦਾ ਹੈ, ਥੋੜਾ ਬਹੁਤ ਸੈੱਲ ਘਟਣੇ ਆਮ ਗੱਲ ਹੈ, ਪਰ ਬਹੁਤ ਜ਼ਿਆਦਾ, ਭਾਵ ਪਲੇਟਲੈੱਟ ਦੀ ਗਿਣਤੀ 20,000 ਤੋਂ ਥੱਲੇ ਆ ਜਾਣਾ ਅਕਸਰ ਡੇਂਗੂ ਵਿੱਚ ਹੁੰਦਾ ਹੈ। ਫਿਰ ਵੀ ਡੇਂਗੂ ਅਜਿਹਾ ਇੱਕੋ ਇੱਕ ਬੁਖਾਰ ਨਹੀਂ ਹੈ ਜਿਸ ਵਿੱਚ ਇੰਨੇ ਸੈੱਲ ਘਟਦੇ ਹੋਣ। ਮਲੇਰੀਆ ਤੇ 3-4 ਹੋਰ ਬੁਖਾਰ ਵੀ ਹਨ ਜਿਨ੍ਹਾਂ ਵਿੱਚ ਇੰਨੇ ਪਲੇਟਲੈੱਟ ਘੱਟ ਸਕਦੇ ਹਨ। ਗੰਭੀਰ ਇਨਫੈਕਸ਼ਨ ਕਰਕੇ ਜ਼ਹਿਰਵਾ ਫੈਲਣ ਕਰਕੇ ਵੀ ਸੈੱਲ ਇਸ ਹੱਦ ਘੱਟ ਸਕਦੇ ਹਨ। ਅਸਲ ਵਜ੍ਹਾ ਕੀ ਹੈ, ਇਸ ਲਈ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਮਿੱਥ 4. ***ਸੈੱਲ ਵਧਾਉਣ ਲਈ, ਖਾਸ ਕਰਕੇ ਡੇਂਗੂ ਬੁਖਾਰ ਵਿੱਚ, ਪਪੀਤੇ ਦੇ ਰਸ ਦੀਆਂ ਗੋਲੀਆਂ ਖਾਣਾ, ਕੀਵੀ ਫਲ, ਬੱਕਰੀ ਦਾ ਦੁੱਧ, ਗਿਲੋਏ ਦਾ ਰਸ ਆਦਿ ਵਰਤਣਾ।***

ਭਾਵੇਂ ਇਹਨਾਂ ਚੀਜ਼ਾਂ ਦਾ ਵੈਸੇ ਕੋਈ ਨੁਕਸਾਨ ਨਹੀਂ ਹੈ, ਪਰ ਇਹਨਾਂ ਦਾ ਪਲੇਟਲੈੱਟ ਵਧਾਉਣ ਦੇ ਮਾਮਲੇ ਵਿੱਚ ਫ਼ਾਇਦਾ ਵੀ ਕੋਈ ਨਹੀਂ ਹੈ। ਨੁਕਸਾਨ ਇਹ ਹੁੰਦਾ ਹੈ ਕਿ ਬਿਮਾਰ ਵਿਅਕਤੀ ਅਤੇ ਉਹਦੇ ਘਰ ਦੇ ਮੈਂਬਰ ਇਨ੍ਹਾਂ ਚੀਜਾਂ ਨਾਲ ਪਲੇਟਲੈੱਟ ਵਧਾਉਣ ਦੇ ਚੱਕਰਾਂ ਵਿੱਚ ਪੈ ਕੇ ਇਹਨਾਂ ਨੀਮ-ਹਕੀਮੀ ਇਲਾਜਾਂ ਸਹਾਰੇ ਬੈਠੇ ਰਹਿੰਦੇ ਹਨ, ਮਰੀਜ਼ ਦੀ ਹਾਲਤ ਖਰਾਬ ਹੋ ਜਾਂਦੀ ਹੈ।

ਪਪੀਤੇ ਦੇ ਰਸ ਬਾਰੇ:

ਪਪੀਤੇ ਦੇ 'ਜਾਦੂਈ' ਅਸਰ ਬਾਰੇ ਮੀਡੀਆ ਅਤੇ ਹੋਰ ਤਰ੍ਹਾਂ-ਤਰ੍ਹਾਂ ਦੇ ਮੰਚਾਂ ਉੱਤੇ ਬਹੁਤ ਰੌਲਾ ਰੱਪਾ ਪੈਂਦਾ ਰਹਿੰਦਾ ਹੈ, ਪਰ ਅਜੇ ਤੱਕ ਕਿਸੇ ਖੋਜ ਪੱਤਰ ਵਿੱਚ ਇਸਦਾ ਕੋਈ ਸਾਫ਼-ਸਾਫ਼ ਫ਼ਾਇਦਾ ਸਿੱਧ ਨਹੀਂ ਹੋਇਆ ਹੈ। ਜਿੱਥੇ ਇਸਦਾ ਫ਼ਾਇਦਾ ਹੁੰਦਾ ਦੱਸਿਆ ਵੀ ਜਾਂਦਾ ਹੈ, ਉਹਨਾਂ ਮਰੀਜਾਂ ਵਿੱਚ ਪਲੇਟਲੈੱਟ ਦੀ ਗਿਣਤੀ ਵੈਸੇ ਹੀ 50,000 ਤੋਂ ਵੱਧ ਹੁੰਦੀ ਹੈ, ਇਸ ਹਾਲਤ ਵਿੱਚ ਪਲੇਟਲੈੱਟ ਨੂੰ ਵਧਾਉਣਾ ਇਲਾਜ ਦਾ ਕੋਈ ਹਿੱਸਾ ਨਹੀਂ ਹੁੰਦਾ ਅਤੇ ਡੇਂਗੂ ਬੁਖਾਰ ਦੇ 8-10ਵੇਂ ਦਿਨ ਤੱਕ ਆਉਂਦੇ-ਆਉਂਦੇ ਪਲੇਟਲੈੱਟ ਵੈਸੇ ਹੀ ਵਧਣੇ ਸ਼ੁਰੂ ਹੋ ਜਾਂਦੇ ਹਨ।

ਮਿੱਥ 5. ***ਸੈੱਲ ਘਟਣਾ ਹੀ ਡੇਂਗੂ ਬੁਖਾਰ ਦੀ ਗੰਭੀਰਤਾ ਦਰਸਾਉਂਦਾ ਹੈ, ਅਤੇ ਸੈੱਲ ਵਧਾਉਣਾ ਹੀ ਡੇਂਗੂ ਦਾ ਮੁੱਖ ਇਲਾਜ ਹੈ।***

ਇਹ ਮਿੱਥ ਮਰੀਜ਼ਾਂ ਦਾ ਸਭ ਤੋਂ ਵੱਧ ਨੁਕਸਾਨ ਕਰਦੀ ਹੈ, ਕਿਉਂਕਿ ਡੇਂਗੂ ਬੁਖਾਰ ਦੀ ਗੰਭੀਰਤਾ ਦੇਖਣ ਲਈ ਡਾਕਟਰੀ ਪੈਮਾਨੇ ਬਿਲਕੁਲ ਹੀ ਵੱਖਰੇ ਹਨ, ਅਤੇ ਉਹਨਾਂ ਵੱਲ ਬਹੁਤੇ ਮਾਮਲਿਆਂ ਵਿੱਚ ਉੱਕਾ ਹੀ ਧਿਆਨ ਨਹੀਂ ਦਿੱਤਾ ਜਾਂਦਾ, ਇਥੋਂ ਤੱਕ ਕਈ ਵਾਰ ਕੁਝ ਡਾਕਟਰ ਵੀ ਇਸ ਮਿੱਥ ਦਾ ਸ਼ਿਕਾਰ ਹੁੰਦੇ ਹਨ, ਅਤੇ ਇਹੀ ਡਾਕਟਰੀ ਪੈਮਾਨੇ ਹੀ ਅਸਲ ਵਿੱਚ ਜ਼ਿੰਦਗੀ ਤੇ ਮੌਤ ਵਿਚਲਾ ਫ਼ਰਕ ਤੈਅ ਕਰਦੇ ਹਨ।

## ਡੇਂਗੂ ਦੇ ਇਲਾਜ ਬਾਰੇ ਕੁਝ ਗੱਲਾਂ

1. ਡੇਂਗੂ ਬੁਖਾਰ ਇੱਕ ਵਾਇਰਸ ਕਰਕੇ ਹੁੰਦਾ ਹੈ, ਨਾ ਕਿ ਬੈਕਟੀਰੀਆ ਕਰਕੇ। ਇਹ ਮੁੱਖ ਰੂਪ 'ਚ ਤਿੰਨ ਤਰ੍ਹਾਂ ਦਾ ਹੋ ਸਕਦਾ ਹੈ - ਆਮ ਵਾਇਰਲ ਬੁਖਾਰ, ਗੰਭੀਰ ਲੱਛਣਾਂ ਵਾਲਾ ਡੇਂਗੂ ਬੁਖਾਰ ਅਤੇ ਗੰਭੀਰ ਡੇਂਗੂ। ਇਹ ਤੀਜੀ ਕਿਸਮ ਹੀ ਜਾਨਲੇਵਾ ਹੁੰਦੀ ਹੈ।

2. ਗੰਭੀਰ ਡੇਂਗੂ ਅੱਗੋਂ ਕਈ ਤਰ੍ਹਾਂ ਦਾ ਹੋ ਸਕਦਾ ਹੈ :

ਪਹਿਲਾ- ਜਦੋਂ ਪਲਾਜ਼ਮਾ (ਸਭ ਤਰ੍ਹਾਂ ਦੇ ਬਲੱਡ ਸੈੱਲਾਂ ਨੂੰ ਵੱਖ ਕਰਨ ਤੋਂ ਬਾਅਦ ਖ਼ੂਨ ਦਾ ਬਾਕੀ ਬਚਿਆ ਤਰਲ ਹਿੱਸਾ) ਨਾੜਾਂ ਵਿੱਚੋਂ ਲੀਕ ਹੋ ਕੇ ਫੇਫੜਿਆਂ, ਪੇਟ ਦੇ ਹਿੱਸਿਆਂ, ਗੁਰਦੇ ਆਦਿ ਵਿੱਚ ਇਕੱਠਾ ਹੋਣ ਲੱਗਦਾ ਹੈ ਅਤੇ ਬਲੱਡ ਪ੍ਰੈਸ਼ਰ ਘਟ ਜਾਂਦਾ ਹੈ ਅਤੇ ਇਸ ਕਰਕੇ ਫੇਫੜੇ, ਗੁਰਦੇ, ਜਿਗਰ ਆਦਿ ਅੰਗ ਫੇਲ੍ਹ ਹੋਣ ਲੱਗਦੇ ਹਨ।

ਦੂਜਾ-ਜਿਗਰ ਫੇਲ੍ਹ ਹੋ ਜਾਂਦਾ ਹੈ। ਇਹ ਇੱਕ ਤਰ੍ਹਾਂ ਗੰਭੀਰ ਕਿਸਮ ਦੇ ਪੀਲੀਏ ਵਾਂਗ ਹੁੰਦਾ ਹੈ।

ਤੀਜਾ- ਦਿਲ ਜਾਂ ਦਿਮਾਗ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨ ਵਾਲੀ ਸਥਿਤੀ।

ਇਹ ਤਿੰਨੋਂ ਕਿਸਮਾਂ ਜਾਨ ਜਾਣ ਦਾ ਕਾਰਨ ਬਣਦੀਆਂ ਹਨ, ਅਤੇ ਇਹੀ ਉਹ ਮਰੀਜ਼ ਹੁੰਦੇ ਹਨ ਜਿਨ੍ਹਾਂ ਵਿੱਚ Bleeding ਹੁੰਦੀ ਹੈ ਅਤੇ ਇਸ bleeding ਦਾ ਪਲੇਟਲੈੱਟ ਦੀ ਗਿਣਤੀ ਨਾਲ ਕੋਈ ਬਹੁਤਾ ਸਿੱਧਾ ਸਬੰਧ ਨਹੀਂ ਹੁੰਦਾ। ਗੰਭੀਰ ਡੇਂਗੂ ਦੇ ਮਰੀਜ਼ ਦੀ ਸਥਿਤੀ ਅਕਸਰ ਇੰਨੀ ਤੇਜ਼ੀ ਨਾਲ ਵਿਗੜਦੀ ਹੈ ਕਿ ਕੁਝ ਘੰਟਿਆਂ ਵਿੱਚ ਹੀ ਮਰੀਜ਼ ਦਮ ਤੋੜ ਸਕਦਾ ਹੈ।

3. ਗੰਭੀਰ ਡੇਂਗੂ ਬਹੁਤਾ ਕਰਕੇ ਉਹਨਾਂ ਲੋਕਾਂ ਨੂੰ ਹੀ ਹੁੰਦਾ ਹੈ ਜਿਨ੍ਹਾਂ ਨੂੰ ਪਹਿਲਾਂ ਡੇਂਗੂ ਹੋ ਚੁੱਕਾ ਹੁੰਦਾ ਹੈ, ਇਸ ਲਈ ਜਿਸ ਵਿਅਕਤੀ ਨੂੰ ਦੂਜੀ ਵਾਰ ਡੇਂਗੂ ਹੁੰਦਾ ਹੈ ਉਸਨੂੰ ਜ਼ਿਆਦਾ ਸਾਵਧਾਨ ਹੋਣ ਦੀ ਲੋੜ ਹੁੰਦੀ ਹੈ।

4. ਡੇਂਗੂ ਬੁਖਾਰ ਦਾ ਸਮਾਂ 10-12 ਦਿਨ ਹੁੰਦਾ ਹੈ। ਪਹਿਲੇ 2-4

ਦਿਨ ਬੁਖਾਰ ਚੜ੍ਹਦਾ ਹੈ, ਫਿਰ ਬੁਖਾਰ ਟੁੱਟ ਜਾਂਦਾ ਹੈ, ਅਤੇ ਮਰੀਜ਼ ਨੂੰ ਲੱਗਦਾ ਹੈ ਕਿ ਉਹ ਠੀਕ ਹੋ ਰਿਹਾ ਹੈ ਅਤੇ ਬਹੁਤੇ ਮਾਮਲਿਆਂ ਵਿੱਚ ਸੱਚੀਂ ਹੀ ਠੀਕ ਹੋ ਵੀ ਰਿਹਾ ਹੁੰਦਾ ਹੈ। ਪਰ ਗੰਭੀਰ ਡੇਂਗੂ (critical phase) ਵੀ ਇੱਥੋਂ ਹੀ ਸ਼ੁਰੂ ਹੁੰਦਾ ਹੈ। 3-4 ਦਿਨ ਤੋਂ ਲੈ ਕੇ 8ਵੇਂ ਦਿਨ ਤੱਕ ਦਾ ਸਮਾਂ ਹੈ ਜਦੋਂ ਗੰਭੀਰ ਡੇਂਗੂ ਦੇ ਲੱਛਣ ਸ਼ੁਰੂ ਹੁੰਦੇ ਹਨ।

5. ਗੰਭੀਰ ਲੱਛਣਾਂ ਵਾਲਾ ਡੇਂਗੂ (Dengue with warning signs) - ਲਗਾਤਾਰ ਪੇਟ ਦਰਦ, ਲਗਾਤਾਰ ਉਲਟੀਆਂ ਹੋਣਾ, ਬਹੁਤ ਸੁਸਤੀ ਪੈਣਾ, ਹੋਸ਼ ਦਾ ਖਰਾਬ ਹੋਣਾ ਜਾਂ ਬੇਚੈਨੀ ਹੋਣੀ, ਮੂੰਹ ਰਾਹੀਂ ਕੁਝ ਵੀ ਪੀਣ-ਖਾਣ ਤੋਂ ਅਸਮਰੱਥ ਹੋਣਾ, ਸਾਹ ਫੁੱਲਣਾ, ਹੱਥ-ਪੈਰ ਠੰਢੇ ਪੈਣੇ, ਮੂੰਹ ਵਿੱਚੋਂ ਖੂਨ ਆਉਣਾ (mucosal bleed)। ਜੇ ਤੁਸੀਂ ਟੈਸਟ ਕਰਾਏ ਹਨ ਤਾਂ ਪਲੇਟਲੈੱਟ ਇਕਦਮ ਘਟਣੇ ਅਤੇ HCT ਤੇਜ਼ੀ ਨਾਲ ਵਧਣਾ। ਇਹ ਹਨ ਉਹ ਲੱਛਣ ਜਦੋਂ ਮਰੀਜ਼ ਨੂੰ ਤੁਰੰਤ ਮੈਡੀਕਲ ਸਹਾਇਤਾ ਲਈ ਲਿਜਾਣਾ ਚਾਹੀਦਾ ਹੈ।

6. ਇਹ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਲੋਕ ਖੁਦ ਹੀ ਡੇਂਗੂ ਟੈਸਟ, CBC ਟੈਸਟ ਆਦਿ ਕਰਵਾ ਲੈਂਦੇ ਹਨ ਅਤੇ ਖੁਦ ਹੀ ਜਾਂ ਇਧਰੋਂ-ਉਧਰੋਂ ਗੈਰ-ਜਾਣਕਾਰ ਲੋਕਾਂ ਤੋਂ ਪੁੱਛਗਿੱਛ ਕਰਕੇ, ਟੈਸਟਾਂ ਦੇ ਨਤੀਜੇ ਕੱਢ ਕੇ ਇਲਾਜ ਕਰਦੇ ਰਹਿੰਦੇ ਹਨ। ਅਸਲ ਗੱਲ ਇਹ ਹੈ ਕਿ ਡੇਂਗੂ ਟੈਸਟ, CBC ਅਤੇ ਹੋਰ ਬਲੱਡ ਟੈਸਟਾਂ ਨੂੰ ਸਮਝਣਾ, ਟੈਸਟ ਨੂੰ ਬਿਮਾਰੀ ਦੇ ਕਿਹੜੇ ਦਿਨ ਕਰਵਾਉਣਾ ਹੈ ਅਤੇ ਇਸ ਆਧਾਰ ਉੱਤੇ ਹਰੇਕ ਮਰੀਜ਼ ਦਾ ਇਲਾਜ ਕਰਨਾ, ਇਹ ਝਮੇਲੇ ਵਾਲਾ ਕੰਮ ਹੈ ਅਤੇ ਸਿਰਫ਼ ਮਾਹਿਰ ਡਾਕਟਰ ਹੀ ਅਜਿਹਾ ਕਰ ਸਕਦਾ ਹੈ। ਇਸ ਲਈ ਡਾਕਟਰ ਦੀ ਸਲਾਹ ਨਾਲ ਹੀ ਟੈਸਟ ਕਰਵਾਉਣੇ ਚਾਹੀਦੇ ਹਨ।

7. ਅਸੀਂ ਇਸ ਗੱਲ ਉੱਤੇ ਮੁੜ ਜ਼ੋਰ ਦੇਣ ਦੀ ਲੋੜ ਸਮਝਦੇ ਹਾਂ ਕਿ ਸਿਰਫ਼ ਪਲੇਟਲੈੱਟ (ਸੈੱਲ) ਘਟਣਾ ਹੀ ਸਭ ਕੁਝ ਨਹੀਂ ਹੈ, ਇਹ ਤਾਂ ਡੇਂਗੂ ਬੁਖਾਰ ਦਾ ਬਹੁਤ ਛੋਟਾ ਹਿੱਸਾ ਹੈ, ਅਤੇ ਸਿਰਫ਼ ਪਲੇਟਲੈੱਟ ਨੂੰ ਦੇਖਦੇ ਰਹਿਣਾ ਹੀ ਅਸਲ ਵਿੱਚ ਬਿਮਾਰੀ ਦੇ ਵਿਗੜਨ ਦਾ ਕਾਰਨ ਬਣਦਾ ਹੈ। ਨਾਲ ਹੀ, ਸਿਰਫ਼ ਪਲੇਟਲੈੱਟ ਦੇਖ ਕੇ ਗਲੂਕੋਜ਼ ਚੜ੍ਹਾਈ ਜਾਣਾ ਵੀ ਜਿੱਥੇ ਮਰੀਜ਼ ਨਾਲ ਨਾਇਨਸਾਫੀ ਹੈ, ਉਸਦੀ ਜਾਨ ਨਾਲ ਖੇਡਣਾ ਹੈ, ਉੱਥੇ ਮੈਡੀਕਲ ਵਿਗਿਆਨ ਦਾ ਅਪਮਾਨ ਵੀ ਹੈ। ਜਿੱਥੇ ਵੇਲੇ ਸਿਰ ਗਲੂਕੋਜ਼ ਲੱਗਣਾ ਡੇਂਗੂ ਦੇ ਮਰੀਜ਼ ਦੀ ਜਾਨ ਬਚਾ ਸਕਦਾ ਹੈ, ਉੱਥੇ ਬਿਨਾਂ ਲੋੜੋਂ ਜਾਂ ਗਲਤ ਸਮੇਂ ਗਲੂਕੋਜ਼ ਲਗਾਉਣਾ ਮਰੀਜ਼ ਦੀ ਜਾਨ ਲੈ ਵੀ ਸਕਦਾ ਹੈ।

8. ਡੇਂਗੂ ਬੁਖਾਰ ਦੇ ਬਹੁਤੇ ਮਾਮਲੇ ਮਾਮੂਲੀ ਵਾਇਰਲ ਬੁਖਾਰ ਦੇ ਮਾਮਲੇ ਹੀ ਹੁੰਦੇ ਹਨ, ਸਿਰਫ਼ ਕੁਛ ਪ੍ਰਤੀਸ਼ਤ ਮਾਮਲਿਆਂ ਵਿੱਚ ਹੀ ਬਿਮਾਰੀ ਦੂਜੀ ਜਾਂ ਤੀਜੀ ਸਟੇਜ 'ਤੇ ਪਹੁੰਚਦੀ ਹੈ। ਇਸ ਲਈ ਉਹਨਾਂ ਮਰੀਜਾਂ ਨੂੰ ਸਮਾਂ ਰਹਿੰਦੇ ਪਛਾਣਨਾ ਬਹੁਤ ਜ਼ਰੂਰੀ ਹੁੰਦਾ ਹੈ ਜਿਨ੍ਹਾਂ ਵਿੱਚ ਬਿਮਾਰੀ ਗੰਭੀਰ ਪਾਸੇ ਜਾ ਸਕਦੀ ਹੈ, ਅਜਿਹਾ ਕਰਨ ਲਈ ਮੈਡੀਕਲ ਵਿਗਿਆਨ ਦੇ ਆਪਣੇ ਪੈਮਾਨੇ ਹਨ, ਅਤੇ ਅਜਿਹਾ ਕਰਨਾ ਮਾਹਿਰ ਡਾਕਟਰ ਦੀ ਜ਼ਿੰਮੇਂਵਾਰੀ ਦੀ ਉਤੇ ਛੱਡ ਦੇਣਾ ਚਾਹੀਦਾ ਹੈ।

9. ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਜਿਨ੍ਹਾਂ ਮਰੀਜਾਂ ਨੂੰ ਹਸਪਤਾਲ ਦਾਖਲ ਕਰਨ ਦੀ ਕੋਈ ਲੋੜ ਨਹੀਂ ਹੁੰਦੀ, ਉਹਨਾਂ ਨੂੰ ਵੀ ਦਾਖਲ ਕਰਕੇ ਬੇਲੋੜਾ ਇਲਾਜ ਅਤੇ ਧੜਾਧੜ ਟੈਸਟ ਕਰਵਾਏ ਜਾਂਦੇ ਹਨ। ਇਹ ਲੋਕਾਈ ਨਾਲ ਧੋਖਾ ਹੈ, ਅਜਿਹਾ ਨਹੀਂ ਕੀਤਾ ਜਾਣਾ ਚਾਹੀਦਾ। ਇਸ ਦੇ ਉਲਟ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਲੋਕਾਂ ਵਿੱਚ ਡੇਂਗੂ ਦਾ ਏਨਾ ਖੌਫ਼ ਫੈਲਿਆ ਹੁੰਦਾ ਹੈ ਕਿ ਮਰੀਜ਼ ਮਾਮੂਲੀ ਬਿਮਾਰੀ ਦੀ ਹਾਲਤ ਵਿੱਚ ਵੀ ਦਾਖਲ ਹੋਣ ਲਈ ਜ਼ਿੱਦ ਕਰਦੇ ਹਨ। ਅਸੀਂ ਇੰਨਾਂ ਹੀ ਕਹਾਂਗੇ ਕਿ ਅਜਿਹੀ ਜ਼ਿੱਦ ਮਰੀਜ਼ ਲਈ ਹਿਤਕਾਰੀ ਨਹੀਂ ਹੁੰਦੀ, ਅਤੇ ਹਸਪਤਾਲਾਂ ਖਾਸ ਕਰਕੇ ਸਰਕਾਰੀ ਹਸਪਤਾਲਾਂ ਦੇ ਸਟਾਫ਼ ਉੱਤੇ ਬੇਲੋੜਾ ਬੋਝ ਬਣਦੀ ਹੈ ਅਤੇ ਜਿਨ੍ਹਾਂ ਮਰੀਜਾਂ ਨੂੰ ਵਾਕਈ ਲੋੜ ਹੁੰਦੀ ਹੈ, ਉਨ੍ਹਾਂ ਨੂੰ ਇਲਾਜ ਮਿਲਣ ਵਿੱਚ ਅੜਿੱਕਾ ਬਣਦੀ ਹੈ।

10. ਅੰਤ ਵਿੱਚ, ਡੇਂਗੂ ਬੁਖਾਰ ਵਿੱਚ ਐਂਟੀਬਾਇਓਟਿਕ (antibiotics) ਦਵਾਈਆਂ ਦੀ ਵਰਤੋਂ ਬਾਰੇ-

ਡੇਂਗੂ ਬੁਖਾਰ ਇੱਕ ਵਾਇਰਸ ਕਰਕੇ ਹੁੰਦਾ ਹੈ ਜਿਸ ਉੱਤੇ ਐਂਟੀਬਾਇਓਟਿਕ ਦਵਾਈਆਂ ਦਾ ਕੋਈ ਅਸਰ ਨਹੀਂ ਹੁੰਦਾ। ਬਹੁਤ ਹੀ ਚੋਣਵੀਆਂ ਹਾਲਤਾਂ ਵਿੱਚ ਇਹਨਾਂ ਦਵਾਈਆਂ ਦੀ ਵਰਤੋਂ ਦੀ ਲੋੜ ਹੁੰਦੀ ਹੈ। ਪਰ ਅਸੀਂ ਦੇਖਦੇ ਹਾਂ ਕਿ ਨਾ ਸਿਰਫ਼ ਇਹਨਾਂ ਦਵਾਈਆਂ ਦੀ ਵਰਤੋਂ ਹੀ ਧੜਾਧੜ ਹੁੰਦੀ ਹੈ, ਸਗੋਂ ਬਹੁਤ ਉੱਚੇ ਪੱਧਰ ਦੀਆਂ ਐਂਟੀਬਾਇਓਟਿਕ ਦਵਾਈਆਂ ਦੀ ਵਰਤੋਂ ਵੀ ਹੁੰਦੀ ਹੈ। ਅਜਿਹਾ ਨਾ ਸਿਰਫ਼ ਬੇਲੋੜਾ ਹੈ, ਮਰੀਜ਼ ਅਤੇ ਸਮੁੱਚੇ ਸਮਾਜ ਨਾਲ ਖਿਲਵਾੜ ਹੈ, ਸਗੋਂ ਮੈਡੀਕਲ ਵਿਗਿਆਨ ਦੇ ਨਜ਼ਰੀਏ ਤੋਂ ਦੇਖਿਆਂ ਤਾਂ ਇਹ ਕਿਸੇ ਅਪਰਾਧ ਤੋਂ ਘੱਟ ਨਹੀਂ ਹੈ।

ਸੈੱਲ ਘਟਣ ਅਤੇ ਡੇਂਗੂ ਬੁਖਾਰ ਬਾਰੇ ਗੱਲ ਅਸੀਂ ਇੱਥੇ ਇੱਕ ਵੇਰਾਂ ਖਤਮ ਕਰਦੇ ਹਾਂ, ਜੇ ਪਾਠਕਾਂ ਦੇ ਸਵਾਲ ਆਉਂਦੇ ਹਨ ਤਾਂ ਅਸੀਂ ਉਹਨਾਂ ਸਵਾਲਾਂ ਦੇ ਜੁਆਬ ਦੇਣ ਲਈ ਹਾਜ਼ਰ ਰਹਾਂਗੇ।

**ਟੀਮ 'ਸਾਡਾ ਡਾਕਟਰ'**

**98550 04646**

* * *

# ਮੁੜ ਨਹੀਂ ਆਇਆ ਨੌਜੁਆਨ ਦਾ ਭੂਤ

ਸਾਡੇ ਸਮਾਜਿਕ ਤਾਣੇ ਬਾਣੇ ਵਿਚਲੀਆਂ ਕੁਰੀਤੀਆਂ ਅਕਸਰ ਹੀ ਮਨੁੱਖ ਦੇ ਜਿਉਣ ਰਾਹ ਵਿੱਚ ਮੁਸ਼ਕਿਲਾਂ ਖੜ੍ਹੀਆਂ ਕਰਦੀਆਂ ਹਨ। ਅਜਿਹੀਆਂ ਹਾਲਤਾਂ ਮਾਨਸਿਕ ਚਿੰਤਾ, ਪ੍ਰੇਸ਼ਾਨੀਆਂ ਤੇ ਉਦਾਸੀ ਨੂੰ ਜਨਮ ਦਿੰਦੀਆਂ ਹਨ। ਕਈ ਵਾਰ ਸਮਾਜ ਵਿੱਚ ਬਣਦੇ ਰਿਸ਼ਤੇ ਆਪਸੀ ਮੇਲ ਵਾਲੇ ਨਹੀਂ ਹੁੰਦੇ। ਕਿਸੇ ਲੋੜ ਜਾਂ ਮਜਬੂਰੀ ਵਿੱਚ ਬਣੇ ਹੁੰਦੇ ਹਨ। ਅਕਸਰ ਵੇਖਿਆ ਜਾਂਦਾ ਹੈ ਕਿ ਸਾਡੇ ਸਮਾਜ ਦੇ ਵਿੱਚ ਕੁੜੀ ਮੁੰਡੇ ਦਾ ਰਿਸ਼ਤਾ ਤੈਅ ਕਰਨ ਸਮੇਂ ਘਰ ਬਾਰ, ਨੌਕਰੀ, ਕਾਰੋਬਾਰ, ਜਮੀਨ ਜਾਇਦਾਦ ਨੂੰ ਪਹਿਲ ਦਿੱਤੀ ਜਾਂਦੀ ਹੈ। ਬਹੁਤੀਆਂ ਗੱਲਾਂ ਇਹ ਕਹਿ ਕੇ ਨਜ਼ਰ ਅੰਦਾਜ਼ ਕਰ ਦਿੱਤੀਆਂ ਜਾਂਦੀਆਂ ਹਨ ਕਿ ਕੋਈ ਗੱਲ ਨਹੀਂ ਵਿਆਹ ਤੋਂ ਬਾਅਦ ਸਭ ਆਪੇ ਠੀਕ ਹੋ ਜਾਵੇਗਾ।

ਅਜਿਹੀਆਂ ਹਾਲਤਾਂ ਵਿਚ ਠੀਕ ਹੋਣ ਦੀ ਬਜਾਏ ਵਿਆਹ ਤੋਂ ਬਾਅਦ ਅਜਿਹੀਆਂ ਸਮੱਸਿਆਵਾਂ ਆ ਘੇਰਦੀਆਂ ਹਨ ਜਿਨ੍ਹਾਂ ਨੂੰ ਪਹਿਲਾਂ ਨਜ਼ਰ ਅੰਦਾਜ਼ ਕੀਤਾ ਗਿਆ ਹੁੰਦਾ ਹੈ। ਪਿਛਲੇ ਸਮੇਂ ਵਿੱਚ ਇੱਕ ਇਹੋ ਜਿਹੇ ਕੇਸ ਦਾ ਵਾਹ ਮੇਰੇ ਨਾਲ ਪਿਆ। ਜਿਸ ਦੇ ਵਿੱਚ ਮੁੰਡੇ ਤੇ ਕੁੜੀ ਦਾ ਆਪਸੀ ਕੋਈ ਮੇਲ ਨਹੀਂ ਸੀ। ਨਤੀਜਾ ਇਹ ਹੋਇਆ ਕਿ ਵਿਆਹ ਤੋਂ ਇੱਕ ਹਫਤਾ ਬਾਅਦ ਗੱਲ ਤਲਾਕ ਤੱਕ ਪਹੁੰਚ ਗਈ। ਵਿਆਹ ਵਾਲਾ ਲੜਕਾ ਪੱਕੀ ਉਮਰ ਦਾ, ਤਕਰੀਬਨ 35 ਸਾਲ ਦਾ ਸੀ। ਉਸ ਕੋਲ ਚੰਗਾ ਘਰ ਬਾਰ ਤੇ ਕਮਾਈ ਦੇ ਵੀ ਪੂਰੇ ਸਾਧਨ ਸਨ। ਉਸ ਨਾਲ ਵਿਆਹੀ ਕੁੜੀ ਉਮਰ ਵਿੱਚ ਕਾਫੀ ਛੋਟੀ ਤੇ ਤੰਗੀ ਤੁਰਸ਼ੀ ਵਿੱਚ ਪਲੀ ਸੀ। ਉਸ ਦੇ ਸਿਰ ਤੋਂ ਬਾਪ ਦਾ ਸਾਇਆ ਉੱਠ ਜਾਣ ਕਾਰਣ ਉਹ ਮਾਂ ਦੀ ਦੇਖ ਰੇਖ ਵਿੱਚ ਹੀ ਪਲੀ ਸੀ। ਬਾਪ ਦੀ ਮੌਤ ਤੋਂ ਬਾਅਦ ਉਸ ਦੀ ਮਾਂ ਵੱਲੋਂ ਆਪਣੇ ਦਿਓਰ ਨਾਲ ਵਿਆਹ ਕਰਾਉਣ ਤੇ ਕੁੜੀ ਦਾ ਜਿਉਣਾ ਹੋਰ ਵੀ ਮੁਸ਼ਕਲ ਹੋ ਗਿਆ।

ਉਸਦਾ ਚਾਚਾ ਵੀ ਸ਼ਰਾਬ ਪੀਣ ਦਾ ਆਦੀ ਸੀ। ਕੁੜੀ ਦੀ ਦੇਖਭਾਲ ਉਸ ਦੀ ਮਾਂ ਦੇ ਸਹਾਰੇ ਹੀ ਸੀ। ਉਸਦੇ ਚਾਚੇ ਨੇ ਉਹਦੇ ਵੱਲ ਕੋਈ ਬਹੁਤਾ ਧਿਆਨ ਨਾ ਦਿੱਤਾ। ਜਿਸ ਕਾਰਣ ਕੁੜੀ ਦੀ ਸ਼ਖਸੀਅਤ ਦਾ ਵਿਕਾਸ ਉਸ ਤਰ੍ਹਾਂ ਨਹੀਂ ਹੋਇਆ ਜਿਵੇਂ ਬਾਪ ਦੀ ਦੇਖ ਰੇਖ ਵਿੱਚ ਹੋਣਾ ਸੀ। ਦੂਜੀ ਵੱਡੀ ਸਮੱਸਿਆ ਇਹ ਸੀ ਕਿ ਕੁੜੀ ਛੋਟੇ ਕੱਦ ਕਾਠ ਤੇ ਕਮਜ਼ੋਰ ਸਿਹਤ ਵਾਲੀ ਸੀ। ਲੇਕਿਨ ਜਿਸ ਲੜਕੇ ਨਾਲ ਉਸਦਾ ਵਿਆਹ ਹੋਇਆ ਉਹ ਚੰਗੇ ਕੱਦ ਕਾਠ ਵਾਲਾ ਹੱਟਾ ਕੱਟਾ ਤੰਦਰੁਸਤ ਨੌਜਵਾਨ ਸੀ। ਉਹਨਾਂ ਦੋਹਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਕਾਫੀ ਫਰਕ ਸੀ। ਵਿਆਹ ਤੋਂ ਬਾਅਦ ਪਹਿਲੇ ਦਿਨ ਹੀ ਸਮੱਸਿਆ ਸ਼ੁਰੂ ਹੋ ਗਈ। ਕੁੜੀ ਨੂੰ ਵਿਆਹ ਤੋਂ ਮਗਰੋਂ ਦੀ ਘਰ ਗ੍ਰਹਿਸਥੀ ਬਾਰੇ ਬਹੁਤਾ ਗਿਆਨ ਨਹੀਂ ਸੀ। ਸਰੀਰਕ ਤੇ ਮਾਨਸਿਕ ਕਮਜ਼ੋਰੀ ਉਸ ਦੇ ਨਵੀਂ ਸ਼ੁਰੂ ਹੋਈ ਜ਼ਿੰਦਗੀ ਦੇ ਰਾਹ ਵਿੱਚ ਰੁਕਾਵਟ ਸੀ। ਉਸ ਦੀਆਂ ਇੱਛਾਵਾਂ ਡਰ ਤੇ ਸਹਿਮ ਦੇ ਸਾਏ ਹੇਠ ਸਨ। ਜਿਸ ਦਾ ਨਤੀਜਾ ਇਹ ਹੋਇਆ ਕਿ ਵਿਆਹ ਤੋਂ ਦੋ ਦਿਨਾਂ ਬਾਅਦ ਹੀ ਕੁੜੀ ਨੂੰ ਦੌਰੇ ਪੈਣੇ ਸ਼ੁਰੂ ਹੋ ਗਏ।

ਪਰਿਵਾਰ ਨੂੰ ਨਵੇਂ ਵਿਆਹ ਦੀਆਂ ਖੁਸ਼ੀਆਂ ਵਿੱਚ ਭੰਗ ਪੈ ਗਈ ਜਾਪੀ। ਉਸ ਨੂੰ ਡਾਕਟਰ ਕੋਲ ਲਿਜਾਇਆ ਗਿਆ। ਡਾਕਟਰ ਨੇ ਮੁਕੰਮਲ ਚੈੱਕ ਅੱਪ ਕਰਕੇ ਦੱਸਿਆ ਕਿ ਨੂੰਹ ਰਾਣੀ ਨੂੰ ਕੋਈ ਬਿਮਾਰੀ ਨਹੀਂ ਹੈ। ਇਹ ਬਿਲਕੁਲ ਠੀਕ ਹੈ, ਵੈਸੇ ਘਬਰਾਹਟ ਵਿੱਚ ਕੋਈ ਦੌਰਾ ਜਾ ਚੱਕਰ ਆ ਗਿਆ ਹੋਣਾ। ਅਗਲੇ ਦਿਨ ਫਿਰ ਉਸ ਨੂੰ ਫਿਰ ਦੌਰਾ ਪੈ ਗਿਆ। ਉਹ ਆਪਣੇ ਉਸ ਬੈੱਡਰੂਮ ਚ ਜਾਣ ਤੋਂ ਵੀ ਡਰਦੀ। ਕਿਸੇ ਹੋਰ ਡਾਕਟਰ ਦੀ ਮੱਦਦ ਲਈ ਗਈ ਪਰ ਦੌਰਾ ਲਗਾਤਾਰ ਪੈਂਦਾ ਰਿਹਾ। ਪਰਿਵਾਰ ਦੀ ਪ੍ਰੇਸ਼ਾਨੀ ਵਧਣ ਲੱਗੀ। ਦੌਰੇ ਅਜੇ ਬੰਦ ਨਹੀਂ ਸਨ ਹੋਏ ਕਿ ਉਸ ਡਰਦਿਆਂ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਪੁੱਛਣ ਤੇ ਉਹ ਆਖਦੀ, ਕੋਈ ਖੁੱਲ੍ਹੇ ਵਾਲਾਂ ਵਾਲੀ ਓਪਰੀ ਸ਼ੈਅ ਮੇਰੇ ਵਾਲਾਂ ਚ ਹੱਥ ਫੇਰਦੀ ਹੈ। ਮੇਰੇ ਵਾਲ ਖਿੱਚਦੀ ਹੈ। ਆਪਣੇ ਨਾਲ ਲਿਜਾਣ ਲਈ ਆਖਦੀ ਹੈ। ਅਜਿਹੀਆਂ ਗੱਲਾਂ ਨੇ ਪਰਿਵਾਰ ਲਈ ਆਪਣੀ ਨੂੰਹ ਨੂੰ ਚੇਲਿਆਂ, ਬਾਬਿਆਂ ਕੋਲ ਲਿਜਾਣ ਦਾ ਰਾਹ ਖੋਲ੍ਹ ਦਿੱਤਾ।

ਚੇਲੇ ਕੋਲ ਜਾ ਕੇ ਉਹ ਬੋਲਣ ਲੱਗਦੀ। ਚੇਲਾ ਧੂਫ ਬੱਤੀ ਤੇ ਚਿਮਟੇ ਨਾਲ ਉਸ ਨੂੰ ਠੀਕ ਕਰਨ ਦਾ ਪਖੰਡ ਕਰਨ ਲਗਦਾ। ਨੂੰਹ ਦੇ ਬੋਲ ਹੁੰਦੇ, "ਮੈਂ ਦਰਵੇਸ਼ ਆਂ, ਇਸ ਕੰਨਿਆ ਨਾਲ ਮੇਰਾ ਪੁਰਾਣਾ ਰਿਸ਼ਤਾ ਹੈ। ਤੁਸੀਂ ਮੈਥੋਂ ਦੂਰ ਰਹੋ। ਮੈਂ ਤੁਹਾਡੇ ਵੱਸ ਵਿੱਚ ਆਉਣ ਵਾਲਾ ਨਹੀਂ ਹਾਂ।" ਪਰਿਵਾਰ ਚੇਲਿਆਂ ਦੇ ਚੱਕਰ ਵਿੱਚ ਉਲਝ ਗਿਆ। ਮੁੰਡੇ ਦੇ ਵਿਆਹ ਦੀ ਖੁਸ਼ੀ ਨਿਰਾਸ਼ਾ ਵਿੱਚ ਬਦਲ ਗਈ। ਜਦ ਪਰਿਵਾਰ ਨੇ ਆਪਣੇ ਰਿਸ਼ਤੇਦਾਰ ਦੀ ਦੱਸ 'ਤੇ ਕਿਸੇ ਹੋਰ ਬਾਬੇ ਦਾ ਦਰ ਮੱਲਿਆ ਤਾਂ ਨੂੰਹ ਰਾਣੀ ਵਿੱਚ ਜੁਆਨੀ ਵਿੱਚ ਮਰੇ ਨੌਜੁਆਨ ਦਾ ਕਥਿਤ ਭੂਤ ਬੋਲਣ ਲੱਗਾ- "ਤੁਸੀਂ ਇਸ ਨੂੰ ਕਿਵੇਂ ਵਿਆਹ ਲਿਆਏ ਓ? ਇਸ ਵਿੱਚ ਤਾਂ ਮੇਰਾ ਵਾਸ ਹੈ।" ਇੱਥੋਂ ਹੀ ਰਿਸ਼ਤੇ ਦੇ ਟੁੱਟਣ ਦਾ ਮੁੱਢ ਬੱਝਿਆ। ਨਵਾਂ ਵਿਆਹਿਆ ਨੌਜੁਆਨ ਨਿਰਾਸ਼, ਉਦਾਸ ਰਹਿਣ ਲੱਗਾ। ਸਹੁਰਾ ਪਰਿਵਾਰ ਆਪਣੀ ਨੂੰਹ ਵਿੱਚ ਕਿਸੇ ਮਰੇ ਨੌਜੁਆਨ ਦੇ ਬੋਲਣ ਦੇ ਹੋਰ ਅਰਥ ਲੈ ਗਿਆ- ਅੱਜ

ਕੱਲ੍ਹ ਜ਼ਮਾਨਾ ਚੰਗਾ ਨਹੀਂ ਰਿਹਾ। ਕਿਸੇ ਦੇ ਜੁਆਨ ਧੀ ਪੁੱਤ ਦਾ ਕੋਈ ਭਰੋਸਾ ਨਹੀਂ ਹੈ। ਕੀ ਪਤਾ ਨੂੰਹ ਦਾ ਵਿਆਹ ਤੋਂ ਪਹਿਲਾਂ ਕਿਸੇ ਹੋਰ ਨਾਲ ਸਬੰਧ ਹੋਵੇ। ਕਿਤੇ ਇਹ ਆਪਣੇ ਘਰ ਵਸਣਾ ਹੀ ਨਾ ਚਾਹੁੰਦੀ ਹੋਵੇ। ਅਜਿਹੇ ਸ਼ੰਕਿਆਂ ਵਿੱਚ ਪਰਿਵਾਰ ਨੂੰਹ ਨਾਲੋਂ ਤੋੜ ਵਿਛੋੜੇ ਬਾਰੇ ਸੋਚਣ ਲੱਗਾ।

ਗੱਲ ਹੋਰ ਵਿਗੜੀ ਤਾਂ ਸਹੁਰਾ ਪਰਿਵਾਰ ਆਪਣੀ ਨੂੰਹ ਨੂੰ ਛੱਡਣ ਬਾਰੇ ਕਹਿਣ ਲੱਗਾ। ਪੇਕਾ ਪਰਿਵਾਰ ਵੀ ਸਾਰੀ ਹਾਲਤ ਤੋਂ ਦੁਖੀ ਹੋ ਕੇ ਤੋੜ ਵਿਛੋੜੇ ਦੀ ਗੱਲ ਕਰਨ ਲੱਗਾ। ਤਰਕਸ਼ੀਲ ਆਗੂ ਅਜਾਇਬ ਜਲਾਲਆਣਾ ਰਾਹੀਂ ਇਹ ਕੇਸ ਮੇਰੇ ਕੋਲ ਆ ਗਿਆ। ਦੋਹਾਂ ਪਰਿਵਾਰਾਂ ਤੋਂ ਪੁੱਛ ਪੜਤਾਲ ਕੀਤੀ ਤਾਂ ਸਾਰੀ ਸਥਿਤੀ ਸਪੱਸ਼ਟ ਹੋ ਗਈ। ਸਹੁਰਾ ਪਰਿਵਾਰ ਨੂੰ ਇੱਕ ਚੇਲੇ ਨੇ ਇਹ ਗਲਤ ਗੱਲ ਜਚਾ ਦਿੱਤੀ ਸੀ ਕਿ ਨੂੰਹ ਵਿੱਚ ਬੋਲਣ ਵਾਲਾ ਨੌਜੁਆਨ ਭੂਤ ਵਿਆਹ ਤੋਂ ਪਹਿਲਾਂ ਇਸ ਨਾਲ ਸਬੰਧ ਰੱਖਣ ਵਾਲਾ ਹੋਵੇਗਾ। ਇਹ ਗਲਤ-ਫਹਿਮੀ ਦੂਰ ਕਰਨ ਲਈ ਮੈਂ ਸਹੁਰਾ ਪਰਿਵਾਰ ਨੂੰ ਤਰੀਕੇ ਨਾਲ ਸਮਝਾਇਆ ਕਿ ਕੋਈ ਗੱਲ ਨਹੀਂ ਜੇ ਹੁਣ ਇਹਦੇ ਵਿੱਚ ਕਿਸੇ ਰਾਜੇਸ਼ ਦਾ ਜਾਂ ਕਿਸੇ ਮੁਕੇਸ਼ ਦਾ ਭੂਤ ਬੋਲਦਾ ਹੈ, ਜੋ ਉਸ ਚੇਲੇ ਨੇ ਇਸ ਵਿੱਚ ਬੁਲਾਇਆ ਹੈ। ਤੁਹਾਡੀ ਸ਼ੰਕਾ ਦੂਰ ਕਰਨ ਲਈ ਮੈਂ ਤੁਹਾਡੇ ਮੁੰਡੇ ਵਿੱਚ ਕਿਸੇ ਪਰਮਜੀਤ ਕੌਰ ਜਾਂ ਸੁਸ਼ਮਾ ਦਾ ਭੂਤ ਬੁਲਾ ਦਿੰਦਾ ਹਾਂ। ਚੇਲਿਆਂ ਦੀ ਹਰ ਚੁਸਤ ਚਲਾਕੀ ਵਾਲ਼ੀ ਕਲਾ ਮੇਰੇ ਕੋਲ ਵੀ ਹੈ। ਮੇਰੀ ਦਲੀਲ ਸੁਣ ਕੇ ਸਹੁਰਾ ਪਰਿਵਾਰ ਤੇ ਉਸ ਨੌਜੁਆਨ ਨੂੰ ਸਾਰੀ ਗੱਲ ਸਮਝ ਆ ਗਈ।

ਫਿਰ ਮੈਂ ਪਰਿਵਾਰ ਨੂੰ ਅਜਿਹੇ ਕੇਸਾਂ ਵਿੱਚ ਪੀੜਿਤ ਵਿਅਕਤੀ ਦੀ ਮਾਨਸਿਕ ਸਥਿਤੀ ਤੇ ਹਾਲਤਾਂ ਬਾਰੇ ਸਮਝਾਇਆ। ਉਨ੍ਹਾਂ ਨੂੰ ਦੱਸਿਆ ਕਿ ਕਿ ਮਾਨਸਿਕ ਪ੍ਰੇਸ਼ਾਨੀ, ਡਰ, ਸਹਿਮ ਤੇ ਨਵੇਂ ਮਾਹੌਲ ਵਿੱਚ ਅਕਸਰ ਅਜਿਹਾ ਵਾਪਰ ਜਾਂਦਾ ਹੈ। ਅਜਿਹੀ ਹਾਲਤ ਵਿੱਚ ਮਰੀਜ਼ ਬਿਨਾਂ ਸਿਰ ਪੈਰ ਗੱਲਾਂ ਕਰਨ ਲਗਦਾ ਹੈ। ਪਰਿਵਾਰ ਦੇ ਗੱਲ ਸਮਝ ਵਿੱਚ ਆ ਗਈ। ਫਿਰ ਨਵ ਵਿਆਹੇ ਜੋੜੇ ਨਾਲ਼ ਦੋ ਕੌਂਸਲਿੰਗਾਂ ਕੀਤੀਆਂ। ਦੋਹਾਂ ਨੂੰ ਇਕ ਦੂਸਰੇ ਦੀਆਂ ਭਾਵਨਾਵਾਂ ਦੀ ਕਦਰ ਕਰਨ ਤੇ ਸਾਥ ਦੇਣ ਦਾ ਸੁਝਾਅ ਦਿੱਤਾ। ਮੁੰਡੇ ਨੂੰ ਸਮਝਾਇਆ ਕਿ ਕੁੜੀ ਸਰੀਰਕ ਤੌਰ 'ਤੇ ਕਮਜੋਰ ਹੋਣ ਕਾਰਣ ਤੇਰਾ ਪੂਰਾ ਸਾਥ ਨਹੀਂ ਦੇ ਸਕਦੀ ਸੋ ਉਸਦੀ ਸਰੀਰਕ ਸਮਰੱਥਾ ਨੂੰ ਧਿਆਨ ਵਿੱਚ ਰਖਦੇ ਹੋਏ ਸੰਜਮ ਨਾਲ ਚੱਲ। ਦੋਹਾਂ ਨੂੰ ਆਪਣਾ ਨਵੀਂ ਜ਼ਿੰਦਗੀ ਸਮਝਦਾਰੀ ਤੇ ਮੇਲ ਮਿਲਾਪ ਨਾਲ ਚਲਾਉਣ ਲਈ ਸਮਝਾਇਆ। ਦੋਹਾਂ ਨੇ ਮੇਰੀਆਂ ਗੱਲਾਂ ਨੂੰ ਹਾਂ ਪੱਖੀ ਹੁੰਗਾਰਾ ਦਿੱਤਾ।

ਰਿਸ਼ਤਾ ਤੋੜਨ ਦੀ ਕਗਾਰ ਤੇ ਪਹੁੰਚੇ ਦੋਵੇਂ ਪਰਿਵਾਰਾਂ ਦਾ ਮਸਲਾ ਤਰਕਸ਼ੀਲ ਨਜ਼ਰੀਏ ਨਾਲ ਸੁਖਾਵੇਂ ਰੁਖ ਬਦਲ ਗਿਆ। ਨੂੰਹ ਨੂੰ ਮੁੜ ਕਦੇ ਦੌਰਾ ਨਹੀਂ ਪਿਆ ਤੇ ਨਾ ਹੀ ਉਸ ਵਿੱਚ ਕਿਸੇ ਨੌਜੁਆਨ ਦਾ ਭੂਤ ਆਇਆ। ਦੋਹਾਂ ਜੀਆਂ ਨੇ ਆਪਣੀ ਜ਼ਿੰਦਗੀ ਦੇ ਭਲੇ ਲਈ ਦਿੱਤੇ ਸੁਝਾਵਾਂ ਤੇ ਅਮਲ ਕੀਤਾ। ਦੋਹਾਂ ਪਰਿਵਾਰਾਂ ਨੇ ਸਹਿਯੋਗ ਕੀਤਾ। ਜਿਸ ਦਾ ਨਤੀਜਾ ਪਰਿਵਾਰ ਦੀਆਂ ਖ਼ੁਸ਼ੀਆਂ ਪਰਤਣ ਤੇ ਪਰਿਵਾਰ ਦੇ ਵਸਣ ਰਸਣ ਵਿੱਚ ਨਿਕਲਿਆ।

**ਜਸਵੀਰ ਸੋਨੀ** (94787 76938)

## ਇਹ ਦੁਨੀਆਂ ਤੇ ਅਗਲੀ ਦੁਨੀਆਂ

**ਸੋਹਨ ਸਿੰਘ ਸੀਤਲ**

ਆਹ ਲੈ ਸਾਧਾ ! ਅਪਣੀ ਅਗਲੀ ਦੁਨੀਆਂ ਸਾਂਭ ਲੈ
ਮੇਰੀ ਦੁਨੀਆਂ ਮੈਨੂੰ ਮੇਰੀ ਮਰਜ਼ੀ ਨਾਲ ਸਜਾਣ ਦੇ

ਤਪੀਆ ! ਹੋਵਣ ਤੈਨੂੰ ਤੇਰੇ ਸੁਰਗ ਸੁਹੰਢਣੇ
ਏਸੇ ਧਰਤੀ ਉੱਤੇ ਮੈਨੂੰ ਸੁਰਗ ਬਨਾਣ ਦੇ

ਤੇਰੇ ਕਲਪ-ਬਿਰਛ ਦੀ ਛਾਂ ਵੱਲ ਮੈਂ ਨਹੀਂ ਝਾਕਦਾ
ਬੰਜਰ ਪੁੱਟ ਪੁੱਟ ਮੈਨੂੰ ਏਥੇ ਬਾਗ਼ ਲਗਾਣ ਦੇ

ਧ੍ਰਿੱਗ ਉਸ ਬੰਦੇ ਨੂੰ, ਜੋ ਖ਼ਾਹਸ਼ ਕਰੇ ਉਸ ਜੰਨਤ ਦੀ
ਜਿੱਥੋਂ ਕੱਢਿਆ ਬਾਬਾ ਆਦਮ ਨਾਲ ਅਪਮਾਨ ਦੇ

ਮਾਲਾ ਫੇਰੇਂ, ਉੱਚੀ ਕੂਕੇਂ, ਨਜ਼ਰਾਂ ਹੂਰਾਂ 'ਤੇ
ਤੈਨੂੰ ਆਉਂਦੇ ਨੇ ਢੰਗ ਅੱਲਾਹ ਨੂੰ ਭਰਮਾਣ ਦੇ

ਪਰੀਆਂ ਸੁਰਗ ਦੀਆਂ ਦੀ ਝਾਕ ਤੁਸਾਂ ਨੂੰ ਸੰਤ ਜੀ !
ਮੇਰੀ ਇਕ ਸਲੋਨੀ, ਉਹਦੀਆਂ ਰੀਝਾਂ ਲਾਹਣ ਦੇ

ਤੇਰੇ ਠਾਕਰ ਨੂੰ ਵੀ ਭੋਗ ਲੁਆ ਲਊਂ ਮਿਸ਼ਰ ਜੀ !
ਰੋਂਦੇ ਭੁਹਲੇ ਦਾ ਤਾਂ ਪਹਿਲਾਂ ਮੂੰਹ ਜੁਠਾਣ ਦੇ

ਵਿਹਲਾ ਹੋ ਕੇ ਬਾਬਾ ! ਮਾਲਾ ਵੀ ਮੈਂ ਫੇਰ ਲਊਂ
ਸਭ ਨੇ ਖਾਣਾ ਜਿੱਥੋਂ, ਪੈਲੀ ਨੂੰ ਸੀ ਲਾਣ ਦੇ

ਕਰ ਲਊਂ ਪੂਜਾ ਤੇਰੇ ਅਰਸ਼ੀਂ ਵੱਸਣ ਵਾਲੇ ਦੀ
ਪਹਿਲਾਂ ਬੰਦੇ ਦੀ ਤਾਂ ਮੈਨੂੰ ਟਹਿਲ ਕਮਾਣ ਦੇ

'ਸੀਤਲ' ਚੰਗਾ ਬਣ ਇਨਸਾਨ, ਜੋ ਤੇਰਾ ਧਰਮ ਹੈ
ਕਾਹਨੂੰ ਫਿਰਦੈਂ ਪਿੱਛੇ ਪੰਡਤ ਦੇ ਭਗਵਾਨ ਦੇ

(11-8-1956)

## ਇਸ ਮਹੀਨੇ ਦੇ ਵਿਗਿਆਨੀ

*ਵਿਗਿਆਨੀਆਂ ਦੀ ਸਾਡੇ ਜੀਵਨ ਵਿੱਚ ਬਹੁਤ ਵੱਡੀ ਦੇਣ ਹੈ। ਅਸੀਂ ਚਾਹੁੰਦੇ ਹਾਂ ਕਿ ਵਿਦਿਅਕ ਅਦਾਰਿਆਂ ਵਿੱਚ ਇਨ੍ਹਾਂ ਵਿਗਿਆਨੀਆਂ ਦੇ ਜਨਮਦਿਨ ਮੌਕੇ ਇਨ੍ਹਾਂ ਨੂੰ ਯਾਦ ਕੀਤਾ ਜਾਵੇ। ਇਸ ਲਈ ਅਸੀਂ ਹਰ ਮਹੀਨੇ ਨਾਲ ਸਬੰਧਿਤ ਵਿਗਿਆਨੀਆਂ ਬਾਰੇ ਸੰਖੇਪ ਜਾਣਕਾਰੀ ਦੇਣੀ ਸ਼ੁਰੂ ਕਰ ਰਹੇ ਹਾਂ ਤਾਂ ਜੋ ਇਨ੍ਹਾਂ ਦੇ ਜਨਮਦਿਨ ਮੌਕੇ, ਅਧਿਆਪਕ ਜਾਂ ਵਿਦਿਆਰਥੀ ਸਵੇਰ ਦੀ ਸਭਾ ਵਿੱਚ ਇਨ੍ਹਾਂ ਨੂੰ ਯਾਦ ਕਰ ਸਕਣ।*

### ਸੈੱਲ ਥਿਊਰੀ ਦਾ ਮੋਢੀ ਵਿਗਿਆਨੀ : ਰਾਬਰਟ ਹੁੱਕ

ਅੱਜ ਅਸੀਂ ਸਾਰੇ ਜਾਣਦੇ ਹਾਂ ਕਿ ਹਰ ਜੀਵ (ਚਾਹੇ ਉਹ ਪੌਦਾ ਹੋਵੇ ਜਾਂ ਜਾਨਵਰ) ਦਾ ਸਰੀਰ ਸੈੱਲਾਂ ਦਾ ਬਣਿਆ ਹੁੰਦਾ ਹੈ। ਪਰ ਸਭ ਤੋਂ ਪਹਿਲਾਂ ਇਹ ਗੱਲ ਦੱਸਣ ਵਾਲਾ ਵਿਗਿਆਨੀ ਰਾਬਰਟ ਹੁੱਕ ਸੀ।

ਰਾਬਰਟ ਹੁੱਕ ਦਾ ਜਨਮ 18 ਜੁਲਾਈ 1635 ਨੂੰ ਇੰਗਲੈਂਡ ਵਿੱਚ ਹੋਇਆ। ਉਸ ਨੇ ਭੌਤਿਕ-ਵਿਗਿਆਨ, ਖਗੋਲ ਵਿਗਿਆਨ ਅਤੇ ਜੀਵ-ਵਿਗਿਆਨ ਵਿੱਚ ਬਹੁਤ ਮਹੱਤਵਪੂਰਨ ਖੋਜਾਂ ਕੀਤੀਆਂ, ਪਰ ਉਸ ਨੂੰ ਸਭ ਤੋਂ ਵੱਧ ਸੈੱਲ ਸਿਧਾਂਤ ਦਾ ਮੋਢੀ ਹੋਣ ਵਜੋਂ ਜਾਣਿਆ ਜਾਂਦਾ ਹੈ। 1665 ਵਿੱਚ ਜਦ ਉਹ ਮਾਈਕਰੋਸਕੋਪ ਨਾਲ ਕਾਰਕ ਦੀਆਂ ਪਤਲੀਆਂ ਪਰਤਾਂ ਦਾ ਅਧਿਐਨ ਕਰ ਰਿਹਾ ਸੀ ਤਾਂ ਉਸ ਨੇ ਵੇਖਿਆ ਕਿ ਕਾਰਕ ਛੋਟੇ ਛੋਟੇ ਡੱਬੀਆਂ ਵਰਗੇ ਖਾਨਿਆਂ ਦਾ ਬਣਿਆ ਹੋਇਆ ਹੈ। ਇਨ੍ਹਾਂ ਖਾਨਿਆਂ ਨੂੰ ਉਸਨੇ ਸੈੱਲ ਦਾ ਨਾਂ ਦਿੱਤਾ। ਇਸ ਤਰ੍ਹਾਂ ਉਸ ਨੇ ਜੀਵਾਂ ਦੀ ਬਣਤਰ ਦੀ ਮੂਲ ਇਕਾਈ ਲੱਭ ਲਈ। ਉਸ ਤੋਂ ਬਾਅਦ ਹੋਰ ਵਿਗਿਆਨੀਆਂ ਨੇ ਜਿਉਂਦੇ ਸੈੱਲਾਂ ਨੂੰ ਮਾਈਕਰੋਸਕੋਪ ਹੇਠਾਂ ਵੇਖਿਆ ਅਤੇ ਸੈੱਲ ਦੀ ਬਣਤਰ ਅਤੇ ਕਾਰਜਵਿਧੀ ਬਾਰੇ ਵਧੇਰੇ ਵਿਸਥਾਰ ਨਾਲ ਜਾਣਕਾਰੀਆਂ ਜੁਟਾਈਆਂ। ਪਰ ਜੀਵਾਂ ਦੀ ਮੁਢਲੀ ਇਕਾਈ ਨੂੰ ਪਹਿਲੀ ਵਾਰ ਵੇਖਣ ਅਤੇ ਉਨ੍ਹਾਂ ਨੂੰ ਸੈੱਲ ਨਾਮ ਦੇਣ ਕਰਕੇ ਉਸ ਨੂੰ ਸੈੱਲ ਸਿਧਾਂਤ ਦਾ ਮੋਢੀ ਮੰਨਿਆ ਜਾਂਦਾ ਹੈ।



### ਪ੍ਰਮਾਣੂ ਦੀ ਬਣਤਰ ਦੱਸਣ ਵਾਲਾ : ਰਦਰਫੋਰਡ

ਆਰਨੈਸਟ ਰਦਰਫੋਰਡ ਨਿਊਜ਼ੀਲੈਂਡ ਦਾ ਵਿਗਿਆਨੀ ਸੀ, ਜਿਸ ਦਾ ਜਨਮ 30 ਅਗਸਤ 1871 ਨੂੰ ਹੋਇਆ। ਉਸ ਨੇ ਪ੍ਰਮਾਣੂ ਦੀ ਬਣਤਰ ਸਮਝਣ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ।

ਉਸ ਤੋਂ ਪਹਿਲਾਂ ਇਹ ਤਾਂ ਸਪਸ਼ਟ ਹੋ ਗਿਆ ਸੀ ਕਿ ਸਾਰਾ ਪਦਾਰਥ ਪ੍ਰਮਾਣੂਆਂ ਦਾ ਬਣਿਆ ਹੋਇਆ ਹੈ। ਪਰ ਅੱਜ ਤੋਂ 130 ਸਾਲ ਪਹਿਲਾਂ ਤੱਕ ਸਮਝਿਆ ਜਾਂਦਾ ਸੀ ਕਿ ਪ੍ਰਮਾਣੂ ਤੋਂ ਅੱਗੇ ਹੋਰ ਛੋਟੇ ਕਣ ਨਹੀਂ ਹੁੰਦੇ। ਐਟਮ ਸ਼ਬਦ ਦਾ ਅਰਥ ਹੀ ਇਹ ਸੀ ਕਿ ਜਿਸ ਨੂੰ ਅੱਗੇ ਹੋਰ ਨਾ ਵੰਡਿਆ ਜਾ ਸਕੇ।

1897 ਵਿੱਚ ਵਿਗਿਆਨੀ ਜੇ.ਜੇ. ਥਾਮਸਨ ਨੇ ਪ੍ਰਮਾਣੂ ਵਿੱਚ ਇਲੈਕਟਰਾਨਾਂ ਦੀ ਖੋਜ ਕੀਤੀ। ਪਰ ਰਦਰਫੋਰਡ ਨੇ 1911 ਵਿੱਚ ਸੋਨੇ ਦੀ ਪਤਲੀ ਪਰਤ ਉੱਤੇ ਕੀਤੇ ਆਪਣੇ ਪ੍ਰਯੋਗਾਂ ਰਾਹੀਂ ਪ੍ਰਮਾਣੂ ਦੀ ਬਣਤਰ ਦਾ ਮੂਲ ਖਾਕਾ ਪੇਸ਼ ਕੀਤਾ। ਉਸਨੇ ਦੱਸਿਆ ਕਿ ਪ੍ਰਮਾਣੂ ਦੇ ਕੇਂਦਰ ਵਿੱਚ ਥੋੜ੍ਹੀ ਜਿਹੀ ਥਾਂ ਵਿੱਚ ਧਨ ਚਾਰਜਿਤ ਨਿਊਕਲੀਅਸ ਹੁੰਦਾ ਹੈ, ਜਦ ਕਿ ਇਲੈਕਟਰੋਨ ਉਸਦੇ ਦੁਆਲੇ ਚੱਕਰ ਕੱਢਦੇ ਹਨ। ਉਸ ਦੇ ਇਸ ਮਾਡਲ ਨੂੰ ਬਾਅਦ ਵਿੱਚ ਨੀਲਜ਼ ਬੋਹਰ ਵਰਗੇ ਹੋਰ ਵਿਗਿਆਨੀਆਂ ਨੇ ਸੋਧਿਆ। ਪਰ ਪ੍ਰਮਾਣੂ ਦੀ ਬਣਤਰ ਬਾਰੇ ਉਸ ਦੀ ਮੂਲ ਧਾਰਨਾ ਉਸ ਸਮੇਂ ਇੱਕ ਬਹੁਤ ਵੱਡੀ ਦੇਣ ਸੀ ਜਿਸ ਦੇ ਆਧਾਰ ਉੱਤੇ ਹੀ ਪ੍ਰਮਾਣੂ ਦੀ ਬਣਤਰ ਦੀਆਂ ਅਗਲੀਆਂ ਖੋਜਾਂ ਹੋ ਸਕੀਆਂ।



# ਜਿਨ੍ਹਾਂ ਵਿਗਿਆਨਕ ਵਿਚਾਰਾਂ ਲਈ ਜਾਨਾਂ ਵਾਰੀਆਂ

ਰਾਮ ਸਵਰਨ ਲੱਖੇਵਾਲੀ

## 1. ਤਰਕਸ਼ੀਲ ਲਹਿਰ ਦਾ ਨਾਇਕ -ਡਾ. ਨਰੇਂਦਰ ਦਾਭੋਲਕਰ

ਡਾ. ਨਰੇਂਦਰ ਦਾਭੋਲਕਰ ਭਾਰਤ ਦੀ ਕੌਮੀ ਤਰਕਸ਼ੀਲ ਲਹਿਰ ਦਾ ਰੌਸ਼ਨ ਸਿਤਾਰਾ ਹੈ, ਜਿਸਨੇ ਆਪਣੀ ਜ਼ਿੰਦਗੀ ਤਰਕਸ਼ੀਲ ਲਹਿਰ ਦੇ ਲੇਖੇ ਲਾਈ। ਉਹ ਆਪਣੀ ਜਨਮ ਭੂਮੀ ਮਹਾਂਰਾਸ਼ਟਰ ਦੀ ਵਿਰਾਸਤ 'ਤੇ ਪਹਿਰਾ ਦਿੰਦਿਆਂ ਆਪਣੀ ਧਰਤੀ ਤੇ ਚੱਲੀਆਂ ਸਮਾਜ ਸੁਧਾਰਕ ਲਹਿਰਾਂ ਦੀਆਂ ਪੈੜਾਂ ਤੇ ਸਿਦਕਦਿਲੀ ਨਾਲ ਤੁਰਿਆ। ਉਨ੍ਹਾਂ ਤਰਕਸ਼ੀਲ ਵਿਚਾਰਾਂ ਦਾ ਪ੍ਰਚਾਰ ਪਾਸਾਰ ਹੀ ਨਹੀਂ ਕੀਤਾ ਸਗੋਂ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਸ਼ਹਾਦਤ ਵੀ ਦਿੱਤੀ।



ਡਾ. ਦਾਭੋਲਕਰ ਕਿੱਤੇ ਵਜੋਂ ਡਾਕਟਰ ਸਨ। ਉਨ੍ਹਾਂ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਾਸਾਰ ਨਾਲ ਸਮਾਜ ਵਿੱਚੋਂ ਅੰਧਵਿਸ਼ਵਾਸਾਂ, ਅਗਿਆਨਤਾ ਤੇ ਕਰਮ ਕਾਡਾਂ ਦੇ ਖਾਤਮੇ ਲਈ 1989 ਵਿੱਚ ਮਹਾਰਾਸ਼ਟਰ ਅੰਧਸ਼ਰਧਾ ਨਿਰਮੂਲਨ ਸੰਮਤੀ ਬਣਾਈ। ਸੰਸਥਾ ਨਾਲ ਜੁੜੇ ਸੁਹਿਰਦ ਆਗੂਆਂ ਨਾਲ ਮਿਲ ਕੇ ਸਮਾਜ ਨੂੰ ਭਰਮ ਮੁਕਤ ਕਰਨ ਲਈ ਰਾਜ ਭਰ ਵਿੱਚ ਚੇਤਨਾ ਅਭਿਆਨ ਚਲਾਇਆ। ਜਿਸ ਵਿੱਚ ਚਮਤਕਾਰਾਂ ਦਾ ਪਰਦਾਫਾਸ਼ ਮੁਹਿੰਮ, ਗਣੇਸ਼ ਮੂਰਤੀ ਅਭਿਆਨ, ਸੱਤਿਆ ਸ਼ੋਧਕ ਵਿਆਹ, ਪਸ਼ੂ ਬਲੀ ਦਾ ਵਿਰੋਧ, ਪ੍ਰਦੂਸ਼ਣ ਮੁਕਤ ਤਿਉਹਾਰ, ਜਾਤੀ ਪੰਚਾਇਤਾਂ ਦਾ ਵਿਰੋਧ, ਜੋਤਿਸ਼ ਦੀ ਪੋਲ, ਮਾਨਸਿਕ ਰੋਗਾਂ ਪ੍ਰਤੀ ਜਾਗਰੂਕਤਾ ਤੇ ਵਿਗਿਆਨਕ ਚੇਤਨਾ ਲਈ ਕਰੀਬ ਤਿੰਨ ਦਹਾਕੇ ਪਿੰਡਾਂ, ਸ਼ਹਿਰਾਂ, ਕਸਬਿਆਂ, ਸਕੂਲਾਂ, ਕਾਲਿਜਾਂ ਵਿੱਚ ਲਗਾਤਾਰ ਸਰਗਰਮੀਆਂ ਕਰਕੇ ਲੋਕਾਂ ਨੂੰ ਜਾਗਰੂਕ ਕਰਕੇ ਆਪਣੀ ਸੰਸਥਾ ਨਾਲ ਜੋੜਿਆ।

ਉਨ੍ਹਾਂ ਆਪਣੀ ਸੰਸਥਾ ਦੇ ਉੱਦਮੀ ਮੈਂਬਰਾਂ ਦੇ ਸਹਿਯੋਗ ਨਾਲ ਚਮਤਕਾਰਾਂ ਦਾ ਪਰਦਾਫਾਸ਼ ਕਰਨ ਲਈ ਇਨ੍ਹਾਂ ਪਿੱਛੇ ਕੰਮ ਕਰਦੇ ਵਿਗਿਆਨਕ ਕਾਰਨਾਂ ਨੂੰ ਸੌਖੇ ਸੁਚੱਜੇ ਢੰਗ ਨਾਲ ਸਮਝਾਇਆ। ਗਣੇਸ਼ ਮੂਰਤੀ ਮੁਹਿੰਮ ਵਿੱਚ ਪ੍ਰਦੂਸ਼ਣ ਰੋਕਣ ਲਈ ਮੂਰਤੀਆਂ ਨੂੰ ਪਾਣੀ ਵਿੱਚ ਵਹਾ ਦੇਣ ਦੇ ਮੁੱਦੇ ਉਭਾਰੇ। ਵਿਆਹਾਂ ਨੂੰ ਕਰਮ ਕਾਡਾਂ, ਦਾਜ ਦਹੇਜ, ਬੇਲੋੜੇ ਖਰਚਿਆਂ ਅਤੇ ਜਾਤੀ ਧਰਮ ਤੋਂ ਮੁਕਤ ਕਰਨ ਲਈ ਸੱਤਿਆ ਸ਼ੋਧਕ ਵਿਆਹਾਂ ਦੇ ਅਭਿਆਨ ਨਾਲ ਨੌਜੁਆਨ ਵਰਗ ਨੂੰ ਸੰਸਥਾ ਨਾਲ ਜੋੜਿਆ। ਜਾਤੀ ਆਧਾਰਿਤ ਪੰਚਾਇਤਾਂ ਵੱਲੋਂ ਵਿਤਕਰੇ ਤੇ ਅਧਾਰਿਤ ਗੈਰਮਾਨਵੀ ਫੈਸਲਿਆਂ ਦਾ ਵਿਰੋਧ ਕਰਦਿਆਂ ਮਹਾਰਾਸ਼ਟਰ ਵਿੱਚ ਮਹਾਤਮਾ ਜੋਤੀਬਾ ਫੂਲੇ ਦੇ ਬਰਾਬਰੀ ਦੇ ਸਮਾਜ ਦਾ ਪਰਚਮ ਬੁਲੰਦ ਕੀਤਾ। ਮਾਨਸਿਕ ਰੋਗਾਂ ਪ੍ਰਤੀ ਜਾਗਰੂਕਤਾ ਮੁਹਿੰਮ ਰਾਹੀਂ ਲੋਕਾਂ ਨੂੰ ਸੁਚੇਤ ਕਰਦਿਆਂ ਕਥਿਤ ਭੂਤ ਪ੍ਰੇਤਾਂ ਦੇ ਨਾਂ ਤੇ ਲੋਕਾਂ ਨੂੰ ਲੁੱਟਣ, ਗੁੰਮਰਾਹ ਕਰਨ ਵਾਲੇ ਬਾਬਿਆਂ ਦਾ ਪਰਦਾ ਫਾਸ਼ ਕੀਤਾ।

ਵਿਗਿਆਨਕ ਚੇਤਨਾ ਦੇ ਪਾਸਾਰ ਲਈ ਤਰਕਸ਼ੀਲ ਸਾਹਿਤ ਨੂੰ ਲੋਕਾਂ ਤੇ ਵਿੱਦਿਅਕ ਅਦਾਰਿਆਂ ਤੱਕ ਪੁੱਜਦਾ ਕਰਨ ਲਈ ਅਹਿਮ ਕੰਮ ਕੀਤਾ। ਅੰਧਵਿਸ਼ਵਾਸਾਂ, ਕਰਮ ਕਾਡਾਂ, ਭਰਮਾਂ ਦੀ ਧੁੰਦ ਮਿਟਾਉਣ ਲਈ ਡਾ. ਦਾਭੋਲਕਰ ਨੇ ਖੁਦ ਦਰਜਨ ਤੋਂ ਵੱਧ ਮਰਾਠੀ ਭਾਸ਼ਾ ਵਿੱਚ ਪੁਸਤਕਾਂ ਲਿਖੀਆਂ। ਜਿਹੜੀਆਂ ਅੰਗਰੇਜ਼ੀ ਤੇ ਹਿੰਦੀ ਵਿੱਚ ਅਨੁਵਾਦ ਹੋ ਕੇ ਦੇਸ਼ ਦੁਨੀਆਂ ਦੇ ਵੱਡੇ ਪਾਠਕ ਵਰਗ ਕੋਲ ਪਹੁੰਚੀਆਂ।

ਉਹ ਮਰਾਠੀ ਦੇ ਪ੍ਰਸਿੱਧ ਪ੍ਰਗਤੀਸ਼ੀਲ ਹਫਤਾਵਾਰੀ ਮੈਗਜ਼ੀਨ ਸਾਧਨਾ ਦੇ 18 ਸਾਲ ਤੱਕ ਸੰਪਾਦਕ ਰਹੇ ਜਿਹੜਾ ਵਿਗਿਆਨਕ ਦ੍ਰਿਸ਼ਟੀਕੋਣ, ਤਰਕਵਾਦ ਤੇ ਸਮਾਜਿਕ ਸੁਧਾਰਾਂ ਨਾਲ ਜੁੜੇ ਸੰਵੇਦਨਸ਼ੀਲ ਮੁੱਦੇ ਉਠਾਉਣ ਲਈ ਜਾਣਿਆ ਜਾਂਦਾ ਹੈ।

ਉਨ੍ਹਾਂ ਆਪਣੀ ਸੰਸਥਾ ਵੱਲੋਂ ਅੰਧਵਿਸ਼ਵਾਸਾਂ ਅਤੇ ਤਾਂਤਰਿਕਾਂ ਦੀ ਲੁੱਟ ਦੇ ਖਾਤਮੇ ਲਈ ਲਗਾਤਾਰ 18 ਸਾਲ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਬਣਾਉਣ ਦੀ ਮੁਹਿੰਮ ਚਲਾਈ, ਜਿਹੜੀ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਵਿਧਾਨ ਸਭਾ ਵਿੱਚ ਪਾਸ ਹੋਣ ਉਪਰੰਤ ਕਾਨੂੰਨ ਵਿੱਚ ਤਬਦੀਲ ਹੋਈ। ਮਹਾਰਾਸ਼ਟਰ ਵਿੱਚ ਇਹ ਕਾਨੂੰਨ 20 ਦਸੰਬਰ 2013 ਨੂੰ ਲਾਗੂ ਹੋਇਆ।

ਡਾ. ਦਾਭੋਲਕਰ ਕੌਮੀ ਪੱਧਰ ਦੇ ਤਰਕਸ਼ੀਲ ਆਗੂ, ਚਿੰਤਨਸ਼ੀਲ ਮਨੁੱਖ ਤੇ ਲੇਖਕ ਸਨ। 20 ਅਗਸਤ 2013 ਨੂੰ ਹਿੰਦੂ ਫਿਰਕਾਪ੍ਰਸਤਾਂ ਨੇ ਉਨ੍ਹਾਂ ਨੂੰ ਪੁਣੇ ਵਿਖੇ ਸਵੇਰੇ ਸਾਰ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ। ਉਨ੍ਹਾਂ ਦੀ ਯਾਦ ਵਿੱਚ ਹਰੇਕ ਸਾਲ 20 ਅਗਸਤ ਨੂੰ ਰਾਸ਼ਟਰੀ ਵਿਗਿਆਨਕ ਦ੍ਰਿਸ਼ਟੀਕੋਣ ਦਿਵਸ ਮਨਾਇਆ ਜਾਂਦਾ ਹੈ।

* * *

## 2. ਤਰਕਵਾਦੀ ਲੇਖ਼ਕ, ਚਿੰਤਕ: ਡਾ. ਐੱਮ. ਐੱਮ. ਕਲਬੁਰਗੀ

ਕਰਨਾਟਕ ਦੇ ਪ੍ਰਤਿਭਾਸ਼ਾਲੀ ਵਿਦਵਾਨਾਂ, ਇਤਿਹਾਸਕਾਰਾਂ ਤੇ ਕੰਨੜ ਸਾਹਿਤ ਦੇ ਗਿਣੇ ਚੁਣੇ ਲੇਖਕਾਂ ਵਿੱਚੋਂ ਡਾ. ਮੱਲੇਛੱਪਾ ਮਡਿਵਾਲੱਪਾ ਕਲਬੁਰਗੀ ਇੱਕ ਸਨ। ਉਨ੍ਹਾਂ ਨੂੰ ਆਪਣੀ ਬੇਬਾਕ ਤਰਕਸ਼ੀਲਤਾ, ਪ੍ਰਗਤੀਸ਼ੀਲ ਸੋਚ ਤੇ ਉੱਚ ਕੋਟੀ ਦੇ ਅਕਾਦਮਿਕ ਖੋਜ ਕਾਰਜਾਂ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਨੂੰ ਆਪਣੇ ਜੀਵਨ ਕਾਲ ਵਿੱਚ 103 ਪੁਸਤਕਾਂ ਤੇ 400 ਤੋਂ ਵੱਧ ਲੇਖ ਲਿਖਣ ਦਾ ਮਾਣ ਹਾਸਲ ਹੈ। ਉਹ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਹਾਮੀ ਤੇ ਪ੍ਰਗਤੀਸ਼ੀਲ ਸਮਾਜ ਦੀ ਵਕਾਲਤ ਕਰਦੇ ਰਹੇ।

**ਵਿਗਿਆਨਕ ਚੇਤਨਾ ਲਈ ਕਾਰਜ**

ਭਾਰਤੀ ਸਾਹਿਤ, ਇਤਿਹਾਸ ਤੇ ਸਮਾਜ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਦੇ ਪਾਸਾਰ ਲਈ ਉਨ੍ਹਾਂ ਜੀਵਨ ਭਰ ਅਹਿਮ ਕੰਮ ਕੀਤਾ। ਉਨ੍ਹਾਂ ਸਮਾਜ ਵਿੱਚ ਫੈਲੀ ਅੰਧਸ਼ਰਧਾ, ਕਰਮ ਕਾਂਡਾਂ ਤੇ ਰੂੜੀਵਾਦੀ ਕਦਰਾਂ ਕੀਮਤਾਂ ਖਿਲਾਫ਼ ਆਵਾਜ਼ ਬੁਲੰਦ ਕੀਤੀ। ਇਤਿਹਾਸ ਦਾ ਵਿਗਿਆਨਕ ਵਿਸ਼ਲੇਸ਼ਣ ਕਰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਸਮਾਜਿਕ ਤੇ ਇਤਿਹਾਸਕ ਖੋਜ ਦਾ ਉਦੇਸ਼ ਕੇਵਲ ਅਤੀਤ ਦੀ ਪ੍ਰਸ਼ੰਸਾ ਕਰਨਾ ਨਹੀਂ ਹੈ ਸਗੋਂ ਅਤੀਤ ਦੇ ਅਸਲ ਤੱਥਾਂ ਨੂੰ ਖੋਜ ਕੇ ਵਰਤਮਾਨ ਨੂੰ ਦਰੁੱਸਤ ਦਿਸ਼ਾ ਦੇਣਾ ਹੈ।



**ਸਾਹਿਤ ਦੀ ਤਰਕ ਸੰਗਤ ਵਿਆਖਿਆ**

ਡਾ. ਕਲਬੁਰਗੀ ਨੇ ਸਾਹਿਤ ਦੀ ਤਰਕ ਸੰਗਤ ਵਿਆਖਿਆ ਕਰਦਿਆਂ 12ਵੀਂ ਸਦੀ ਦੇ ਉੱਘੇ ਸਮਾਜ ਸੁਧਾਰਕ ਮਹਾਤਮਾ ਬਸਵੇਸ਼ਵਰ ਦੇ ਵਚਨ ਸਾਹਿਤ ਦਾ ਗਹਿਰਾ ਅਧਿਐਨ ਕਰਕੇ ਇਸ ਨੂੰ ਅੰਧਵਿਸ਼ਵਾਸ ਵਿਰੋਧੀ ਤਰਕ ਸੰਗਤ ਅੰਦੋਲਨ ਦੇ ਰੂਪ ਵਿੱਚ ਐਲਾਨਿਆ। ਉਨ੍ਹਾਂ ਤੱਥਾਂ ਨਾਲ ਸਾਬਤ ਕੀਤਾ ਕਿ ਮਹਾਤਮਾ ਬਸਵੇਸ਼ਵਰ ਦਾ ਅੰਦੋਲਨ ਵੈਦਿਕ ਕਰਮਕਾਂਡਾਂ, ਜਾਤੀ ਵਿਵਸਥਾ ਤੇ ਮੂਰਤੀ ਪੂਜਾ ਦੇ ਖਿਲਾਫ ਤਾਰਕਿਕ ਵਿਦਰੋਹ ਸੀ। ਜਿਸ ਨਾਲ ਉਸ ਦੌਰ ਵਿੱਚ ਸਮਾਜ ਵਿੱਚ ਵਿਗਿਆਨਕ ਚੇਤਨਾ ਦਾ ਦੌਰ ਸ਼ੁਰੂ ਹੋਇਆ।

**ਮਾਰਗ ਗ੍ਰੰਥ ਲੜੀ**

ਉਨ੍ਹਾਂ ਸਮਾਜ ਵਿੱਚ ਪ੍ਰਚਲਿਤ ਮਾਨਤਾਵਾਂ ਤੇ ਅੰਧ ਸ਼ਰਧਾ ਦਾ ਖੁੱਲ੍ਹ ਕੇ ਵਿਰੋਧ ਕਰਦਿਆਂ ਇਤਿਹਾਸਕ ਸੰਸਕ੍ਰਿਤ ਖੋਜ ਲੜੀ ਮਾਰਗ ਦੇ ਛੇ ਭਾਗ ਲਿਖੇ। ਮਾਰਗ ਦੀ ਚੌਥੀ ਲੜੀ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ 2006 ਮਿਲਿਆ। ਜਿਸ ਵਿੱਚ ਡਾ. ਕਲਬੁਰਗੀ ਨੇ ਪ੍ਰਾਚੀਨ ਇਤਿਹਾਸ ਦਾ ਵਿਸ਼ਲੇਸ਼ਣ ਪ੍ਰਚਲਿਤ ਧਾਰਮਿਕ ਮਾਨਤਾਵਾਂ ਦੀ ਬਜਾਏ ਆਪਣੇ ਤਾਰਕਿਕ ਅਨੁਭਵ ਤੇ ਠੋਸ ਸਬੂਤਾਂ ਦੇ ਆਧਾਰ ਤੇ ਕੀਤਾ।

**ਚੇਤਨਾ ਸੈਮੀਨਾਰ**

ਯੂਨੀਵਰਸਿਟੀਆਂ, ਕਾਲਿਜਾਂ ਦੇ ਨਾਲ ਨਾਲ ਡਾ. ਕਲਬੁਰਗੀ ਨੇ ਸੈਂਕੜੇ ਜਨਤਕ ਸਮਾਗਮਾਂ ਤੇ ਸੈਮੀਨਾਰਾਂ ਵਿੱਚ ਵੀ ਸ਼ਮੂਲੀਅਤ ਕੀਤੀ। ਜਿੱਥੇ ਉਨ੍ਹਾਂ ਸਰਵਜਨਕ ਵਿਆਖਿਆ ਦੌਰਾਨ ਮੂਰਤੀ ਪੂਜਾ ਤੇ ਅੰਧਵਿਸ਼ਵਾਸਾਂ ਨੂੰ ਅਰਥਹੀਣ ਕਰਮਕਾਂਡ ਦੱਸਿਆ। ਉਨ੍ਹਾਂ ਦੇ ਅਜਿਹੇ ਵਿਚਾਰ ਵਿਦਿਆਰਥੀਆਂ ਤੇ ਆਮ ਲੋਕਾਂ ਨੂੰ ਵਿਗਿਆਨਕ ਸੋਚ ਨਾਲ ਜੋੜਨ ਵਿੱਚ ਸਹਾਈ ਬਣੇ।

ਉਨ੍ਹਾਂ ਕਰਨਾਟਕ ਵਿੱਚ ਬਣਨ ਵਾਲੇ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਦਾ ਡਟ ਕੇ ਸਮਰਥਨ ਕੀਤਾ। ਬੁੱਧੀਮਾਨ ਤੇ ਵਿਗਿਆਨਕ ਚੇਤਨਾ ਵਾਲੇ ਸਾਹਿਤਕਾਰ ਦਾ ਅਜਿਹਾ ਕਾਰਜ ਫਿਰਕਾਪ੍ਰਸਤ ਤਾਕਤਾਂ ਲਈ ਅਸਹਿ ਸੀ। ਜਿਸ ਦੇ ਚਲਦਿਆਂ ਹਿੰਦੂ ਫਾਸ਼ੀਵਾਦੀਆਂ ਨੇ 30 ਅਗਸਤ 2015 ਨੂੰ ਉਨ੍ਹਾਂ ਦੀ ਰਿਹਾਇਸ਼ ਤੇ ਜਾ ਕੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਨ੍ਹਾਂ ਦੀ ਸ਼ਹਾਦਤ ਉਪਰੰਤ ਵਿਗਿਆਨਕ ਚੇਤਨਾ ਦੀ ਲਹਿਰ ਨੇ ਜਨ ਅੰਦੋਲਨ ਦਾ ਰੂਪ ਲਿਆ। ਨਾਲ ਹੀ ਸਾਬਤ ਕੀਤਾ ਕਿ ਵਿਅਕਤੀ ਦਾ ਕਤਲ ਕੀਤਾ ਜਾ ਸਕਦਾ ਹੈ, ਵਿਚਾਰਾਂ ਦਾ ਹਰਗਿਜ਼ ਨਹੀਂ।

**ਸੋਚ ਦੀ ਹਰਮਨਪਿਆਰਤਾ**

ਆਨੰਦ ਪਟਵਰਧਨ ਦੀ ਡਾਕੂਮੈਂਟਰੀ ਵਿੱਚ ਉਨ੍ਹਾਂ ਦੇ ਜੀਵਨ ਸੰਘਰਸ਼ ਨੂੰ ਵਿਖਾਇਆ ਗਿਆ ਹੈ। ਦੇਸ਼ ਦੇ ਤਿੰਨ ਪ੍ਰਮੁੱਖ ਪ੍ਰਕਾਸ਼ਨ ਸਮੂਹਾਂ ਤੁਲਿਕਾ ਬੁੱਕਸ, ਪੈਰੂਮੱਲ ਮੁਰੂਗਨ ਪਬਲਿਸ਼ਿੰਗ ਹਾਊਸ ’ਤੇ ਦੇਸ਼ਭਿਮਾਨੀ ਬੁੱਕ ਹਾਊਸ ਵੱਲੋਂ ਪੰਸਾਰੇ, ਡਾ.ਦਾਭੋਲਕਰ ਤੇ ਡਾ.ਕਲਬੁਰਗੀ ਦੀ ਯਾਦ ਵਿੱਚ ਉਨ੍ਹਾਂ ਦੇ ਅਮੁੱਲੇ ਯੋਗਦਾਨ ਨੂੰ ਦਰਸਾਉਂਦੀ ਲਘੂ ਫਿਲਮ ‘ਬੁੱਕਸ਼ੈਲਫ਼’ ਬਣਾਈ ਗਈ ਹੈ।

# ਮੰਗਲੀਕ ਦੋਸ਼

**ਸ਼ੰਭੂ ਸ਼ਰਨ ਸਤਿਆਰਥੀ**

ਭਾਰਤੀ ਸਮਾਜ ਵਿੱਚ ਵਿਆਹ ਹੋਣਾ ਸਿਰਫ ਦੋ ਲੋਕਾਂ ਦਾ ਨਿੱਜੀ ਸਬੰਧ ਨਹੀਂ ਮੰਨਿਆ ਜਾਂਦਾ , ਸਗੋਂ ਉਸ ਨੂੰ ਪਰਿਵਾਰ, ਪਰੰਪਰਾ, ਧਰਮ, ਜਾਤੀ, ਕੁਲਗੋਤਰ, ਗ੍ਰਹਿ-ਨਛੱਤਰਾਂ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਸੇ ਸਿਲਸਿਲੇ ਵਿੱਚ ਮੰਗਲੀਕ ਦੋਸ਼ ਇੱਕ ਅਜਿਹਾ ਸ਼ਬਦ ਬਣ ਚੁੱਕਾ ਹੈ, ਜਿਸ ਨੇ ਅਣਗਿਣਤ ਨੌਜਵਾਨਾਂ ਵਿਸ਼ੇਸ਼ ਕਰਕੇ ਇਸਤਰੀਆਂ ਦੇ ਜੀਵਨ ਵਿੱਚ ਡਰ, ਅਪਮਾਨ, ਮਾਨਸਿਕ-ਪੀੜਾ ਅਤੇ ਅਸਵੀਕਾਰ ਦੀਆਂ ਕੰਧਾਂ ਖੜੀਆਂ ਕਰ ਦਿੱਤੀਆਂ ਹਨ।

ਮੰਗਲੀਕ ਦੋਸ਼ ਨਾ ਸਿਰਫ ਵਿਆਹ ਦੀ ਪ੍ਰਕਿਰਿਆ ਨੂੰ ਔਖਾ ਬਣਾਉਂਦਾ ਹੈ, ਸਗੋਂ ਪਿਆਰ, ਬਰਾਬਰੀ ਅਤੇ ਮਨੁੱਖ ਦੀ ਆਜ਼ਾਦੀ ਵਰਗੀਆਂ ਅੱਜੋਕੀਆਂ ਨੈਤਿਕ ਕਦਰਾਂ ਕੀਮਤਾਂ ਉੱਤੇ ਵੀ ਸਿੱਧਾ ਹਮਲਾ ਕਰਦਾ ਹੈ। ਮੰਗਲੀਕ ਦੋਸ਼ ਦੇ ਨਾਂ ਉੱਤੇ ਅੱਜ ਵੀ ਭਾਰਤ ਵਿੱਚ ਰਿਸ਼ਤੇ ਟੁੱਟਦੇ ਹਨ। ਲੜਕੀਆਂ ਨੂੰ ਅਸ਼ੁੱਭ ਕਿਹਾ ਜਾਂਦਾ ਹੈ। ਲੜਕਿਆਂ ਨੂੰ ਡਰਾਇਆ ਜਾਂਦਾ ਹੈ ਅਤੇ ਪਰਿਵਾਰਾਂ ਨੂੰ ਮਾਨਸਿਕ ਗੁਲਾਮੀ ਵਿੱਚ ਜਕੜ ਦਿੱਤਾ ਜਾਂਦਾ ਹੈ।

ਸਵਾਲ ਇਹ ਨਹੀਂ ਕਿ ਜੋਤਿਸ਼ ਵਿੱਚ ਮੰਗਲ ਗ੍ਰਹਿ ਦੀ ਕੀ ਥਾਂ ਹੈ? ਸਵਾਲ ਇਹ ਵੀ ਹੈ ਕਿ ਕਿਸੇ ਦੇ ਜਨਮ ਸਮੇਂ ਗ੍ਰਹਿਆਂ ਦੀ ਕਥਿਤ ਸਥਿਤੀ ਦੇ ਆਧਾਰ 'ਤੇ ਕਿਸੇ ਮਨੁੱਖ ਦੇ ਸਾਰੇ ਜੀਵਨ ਨੂੰ ਸਰਾਪਿਆ ਹੋਇਆ ਐਲਾਨ ਦੇਣਾ, ਕੀ ਨੈਤਿਕ, ਵਿਗਿਆਨਕ ਅਤੇ ਮਾਨਵੀ ਹੈ?

ਮੰਗਲੀਕ ਦੋਸ਼ ਬਾਰੇ ਜੋਤਿਸ਼ ਵਿੱਚ ਵਿਸ਼ਵਾਸ ਰੱਖਣ ਵਾਲੇ ਦਾਅਵਾ ਕਰਦੇ ਹਨ ਕਿ ਜੇ ਕਿਸੇ ਬੰਦੇ ਦੀ ਕੁੰਡਲੀ/ਟੇਵੇ ਵਿੱਚ ਮੰਗਲ ਗ੍ਰਹਿ ਪਹਿਲੇ, ਚੌਥੇ, ਸੱਤਵੇਂ ,ਅੱਠਵੇਂ ਜਾਂ ਬਾਰਵੇਂ ਖਾਨਿਆਂ ਵਿੱਚ ਸਾਬਤ ਹੋਵੇ ਤਾਂ ਉਸ ਵਿਅਕਤੀ ਨੂੰ ਮੰਗਲੀਕ ਕਿਹਾ ਜਾਂਦਾ ਹੈ।

ਇਹ ਮੰਨ ਲਿਆ ਜਾਂਦਾ ਹੈ ਕਿ ਅਜਿਹਾ ਵਿਅਕਤੀ ਵਿਆਹ ਦੇ ਲਈ ਅਸ਼ੁਭ ਹੁੰਦਾ ਹੈ ਅਤੇ ਉਸਦੇ ਜੀਵਨ ਸਾਥੀ ਨੂੰ ਦੁੱਖ / ਬਿਮਾਰੀ ਜਾਂ ਮੌਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਇਥੋਂ ਸਾਰੀ ਸਮੱਸਿਆ ਸ਼ੁਰੂ ਹੁੰਦੀ ਹੈ। ਬਿਨਾਂ ਕਿਸੇ ਵਿਗਿਆਨਕ ਆਧਾਰ ਦੇ ਆਪਣੀ ਖਾਮ-ਖਿਆਲੀ ਨੂੰ ਸਮਾਜਿਕ ਸੱਚ ਵਜੋਂ ਜਚਾ ਦਿੱਤਾ ਜਾਂਦਾ ਹੈ। ਇਹ ਮਾਨਤਾ ਪੀੜ੍ਹੀ ਦਰ ਪੀੜ੍ਹੀ ਚੱਲੀ ਆ ਰਹੀ ਹੈ ਅਤੇ ਹੌਲੀ ਹੌਲੀ ਇਹ ਡਰ, ਅਫਵਾਹ ਅਤੇ ਸਮਾਜਿਕ ਦਬਾਅ ਦਾ ਹਥਿਆਰ ਬਣ ਗਈ ਹੈ।

ਅੱਜ ਦਾ ਯੁੱਗ ਵਿਗਿਆਨ, ਤਰਕ ਅਤੇ ਸਬੂਤ ਦਾ ਯੁੱਗ ਹੈ। ਖਗੋਲ ਵਿਗਿਆਨ ਅਤੇ ਜੋਤਿਸ਼ ਵਿੱਚ ਬੁਨਿਆਦੀ ਅੰਤਰ ਹੁੰਦਾ ਹੈ। ਖਗੋਲ ਵਿਗਿਆਨ ਗ੍ਰਹਿਆਂ ਦੀ ਗਤੀ , ਦੂਰੀ ਅਤੇ ਭੌਤਿਕ ਗੁਣਾਂ/ਸਥਿਤੀ ਦਾ ਅਧਿਅਨ ਕਰਦਾ ਹੈ। ਜਦ ਕਿ ਜੋਤਿਸ਼ ਆਪਣੇ ਅੰਧ ਵਿਸ਼ਵਾਸੀ ਨਜ਼ਰੀਏ ਕਾਰਨ ਉਹਨਾਂ ਗ੍ਰਹਿਆਂ ਨੂੰ ਮਨੁੱਖ ਦੀ ਕਿਸਮਤ ਨਾਲ ਜੋੜ ਦਿੰਦਾ ਹੈ। ਜੇ ਮੰਗਲ ਗ੍ਰਹਿ ਸਚਮੁੱਚ ਏਨਾਂ ਅਸਰਦਾਰ ਹੁੰਦਾ ਤਾਂ ਇੱਕ ਹੀ ਸਮੇਂ ਜਨਮੇਂ ਲੱਖਾਂ ਲੋਕਾਂ ਦੀ ਜ਼ਿੰਦਗੀ ਇੱਕੋ ਜਿਹੀ ਹੁੰਦੀ, ਪਰੰਤੂ ਸੱਚਾਈ ਇਸ ਤੋਂ ਠੀਕ ਉਲਟ ਹੈ। ਸਫਲ ਅਤੇ ਅਸਫਲ ਵਿਆਹ, ਸੁਖ ਅਤੇ ਦੁੱਖ, ਬਿਮਾਰੀ ਅਤੇ ਸਿਹਤ, ਇਹ ਸਭ ਸਮਾਜਿਕ, ਆਰਥਿਕ, ਮਾਨਸਿਕ ਅਤੇ ਜੀਵ ਵਿਗਿਆਨਕ ਆਦਿ ਕਾਰਨਾਂ ਨਾਲ ਜੁੜੇ ਹੁੰਦੇ ਹਨ, ਨਾ ਕਿ ਕਿਸੇ ਗ੍ਰਹਿ ਦੀ ਕਾਲਪਨਿਕ ਸਥਿਤੀ ਨਾਲ।

ਭਾਰਤੀ ਸਮਾਜ ਵਿੱਚ ਮੰਗਲੀਕ ਦੋਸ਼ ਦਾ ਸਭ ਤੋਂ ਖਤਰਨਾਕ ਅਸਰ ਲੜਕੀਆਂ ਉੱਪਰ ਪੈਂਦਾ ਹੈ। ਮੰਗਲੀਕ ਲੜਕੀ ਨੂੰ ਅਕਸਰ ਮਨਹੂਸ, ਅਸ਼ੁਭ, ਖਤਰਨਾਕ ਵਰਗੇ ਸ਼ਬਦਾਂ ਨਾਲ ਨਿਵਾਜਿਆ ਜਾਂਦਾ ਹੈ। ਉਸ ਦੀ ਕੁੰਡਲੀ ਨੂੰ ਉਸਦੇ ਕਿਰਦਾਰ, ਉਸਦੀ ਪੜ੍ਹਾਈ, ਉਸਦੀ ਕਾਬਲੀਅਤ ਤੋਂ ਵੱਡੀ ਮੰਨ ਲਈ ਲਿਆ ਜਾਂਦਾ ਹੈ। ਕਈ ਪਰਿਵਾਰਾਂ ਵਿੱਚ ਮੰਗਲੀਕ ਲੜਕੀ ਦਾ ਵਿਆਹ ਦੇਰ ਨਾਲ ਕੀਤਾ ਜਾਂਦਾ ਹੈ ਜਾਂ ਉਸਨੂੰ ਜਬਰਦਸਤੀ ਕਿਸੇ ਅਜਿਹੇ ਲੜਕੇ ਨਾਲ ਵਿਆਹ ਦਿੱਤਾ ਜਾਂਦਾ ਹੈ, ਜਿਸ ਨੂੰ ਵੀ ਮੰਗਲੀਕ ਦੱਸਿਆ ਗਿਆ ਹੋਵੇ, ਭਾਵੇਂ ਉਹਨਾਂ ਦੋਹਾਂ ਦੀ ਸੋਚ, ਪੜ੍ਹਾਈ-ਲਿਖਾਈ ਜਾਂ ਜਿੰਦਗੀ ਨੂੰ ਸਮਝਣ ਦੇ ਨਜ਼ਰੀਏ ਵਿੱਚ ਕੋਈ ਤਾਲਮੇਲ ਨਾ ਵੀ ਹੋਵੇ। ਅਜਿਹੇ ਹਾਲਾਤ ਵਿੱਚ ਲੜਕੀ ਦੀ ਨਵੀਂ ਸੋਚ ਅਤੇ ਆਤਮ ਸਨਮਾਨ ਉਪਰ ਸਿੱਧਾ ਹਮਲਾ ਹੁੰਦਾ ਹੈ। ਉਸ ਨੂੰ ਇਹ ਵਿਸ਼ਵਾਸ ਦਿਵਾ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਜੀਵਨ ਸਾਥੀ ਲਈ ਖਤਰਾ ਹੈ। ਇਹ ਮਾਨਸਿਕ ਹਿੰਸਾ ਦਾ ਇਕ ਡੂੰਘਾ

ਅਤੇ ਅਣਦੇਖਿਆ ਰੂਪ ਹੁੰਦਾ ਹੈ।

ਮੰਗਲੀਕ ਦੋਸ਼ ਦੇ ਡਰ ਨਾਲ ਪੀੜਤ ਨੌਜਵਾਨ ਉਦਾਸੀ (ਡਿਪਰੈਸ਼ਨ) ਅਤੇ ਚਿੰਤਾ ਦਾ ਸ਼ਿਕਾਰ ਹੋ ਜਾਂਦੇ ਹਨ। ਕਈ ਲੜਕੀਆਂ ਇਹ ਮੰਨਣ ਲੱਗਦੀਆਂ ਹਨ ਕਿ ਉਹ ਆਪਣੇ ਪਤੀ ਦੀ ਮੌਤ ਦਾ ਕਾਰਨ ਬਣ ਸਕਦੀਆਂ ਹਨ। ਇਹ ਸੋਚ ਉਹਨਾਂ ਦੇ ਆਤਮ ਵਿਸ਼ਵਾਸ ਨੂੰ ਤੋੜ ਦਿੰਦੀ ਹੈ ਅਤੇ ਜਿੰਦਗੀ ਨੂੰ ਬੋਝਲ ਬਣਾ ਦਿੰਦੀ ਹੈ। ਕੁਝ ਮਾਮਲਿਆਂ ਵਿੱਚ ਮੰਗਲੀਕ ਹੋਣ ਦਾ ਠੱਪਾ ਖੁਦਕੁਸ਼ੀ ਵਰਗੇ ਖਤਰਨਾਕ ਕਦਮਾਂ ਤੱਕ ਲੈ ਜਾਂਦਾ ਹੈ। ਸਵਾਲ ਇਹ ਹੈ ਕਿ ਕੀ ਕੋਈ ਅੰਧ-ਵਿਸ਼ਵਾਸੀ ਨਜ਼ਰੀਆ ਕਿਸੇ ਦੀ ਜਾਨ ਤੋਂ ਵੀ ਵੱਧ ਕੀਮਤੀ ਹੈ?

ਆਮ ਤੌਰ ਉੱਤੇ ਮੰਗਲੀਕ ਦੋਸ਼ ਨੂੰ ਧਰਮ ਨਾਲ ਜੋੜ ਕੇ ਉਸ ਨੂੰ ਸਵਾਲਾਂ ਤੋਂ ਦੂਰ ਰੱਖਿਆ ਜਾਂਦਾ ਹੈ। ਪ੍ਰੰਤੂ ਸੱਚ ਇਹ ਹੈ ਕਿ ਇਹ ਧਾਰਮਿਕ ਸ਼ਰਧਾ ਤੋਂ ਵੱਧ ਸਮਾਜਿਕ ਕੰਟਰੋਲ ਦਾ ਉਪਕਰਨ ਬਣ ਚੁੱਕਾ ਹੈ। ਵਿਆਹ ਦੇ ਬਾਜ਼ਾਰ ਵਿੱਚ ਇਹ ਦੋਸ਼ ਸੌਦੇਬਾਜ਼ੀ ਦਾ ਹਥਿਆਰ ਬਣ ਜਾਂਦਾ ਹੈ..... ਦਾਜ ਨੂੰ ਵਧਾਉਣ, ਲੜਕੀ ਨੂੰ ਨੀਵਾਂ ਦਿਖਾਉਣ ਜਾਂ ਰਿਸ਼ਤੇ ਨੂੰ ਤੋੜਨ ਦੇ ਲਈ।

ਮੰਗਲੀਕ ਦੋਸ਼ ਸਬੰਧੀ ਸਭ ਤੋਂ ਵੱਡਾ ਵਿਰੋਧਾਭਾਸ ਇਹ ਹੈ ਕਿ ਇਸ ਦੋਸ਼ ਨੂੰ ਉਪਾਵਾਂ ਨਾਲ ਖਤਮ ਕਰਨ ਦਾ ਪਖੰਡ ਕੀਤਾ ਜਾਂਦਾ ਹੈ। ਜੋਤਸ਼ੀਆਂ ਵੱਲੋਂ ਇਹ ਦੱਸਿਆ ਜਾਂਦਾ ਹੈ ਕਿ ਮੰਗਲੀਕ ਲੜਕੀਆਂ ਦਾ ਗ੍ਰਹਿ ਤੋਂ ਛੁਟਕਾਰਾ ਪਾਉਣ ਦੇ ਲਈ ਪਹਿਲਾਂ ਕਿਸੇ ਜਾਨਵਰ, ਦਰਖਤ ਜਾਂ ਮੂਰਤੀ ਨਾਲ ਵਿਆਹ ਖਾਸ ਤਰ੍ਹਾਂ ਦੇ ਪੂਜਾ ਪਾਠ ਕਰਵਾਇਆ ਜਾਵੇ। ਪਰ ਜੇਕਰ ਕੋਈ ਦੋਸ਼ ਏਨਾਂ ਹੀ ਘਾਤਕ ਹੈ ਕਿ ਉਹ ਮੌਤ ਤੱਕ ਕਰ ਸਕਦਾ ਹੈ ਤਾਂ ਉਹ ਕਿਸੇ ਜਾਨਵਰ, ਦਰਖਤ ਜਾਂ ਮੂਰਤੀ ਨਾਲ ਵਿਆਹ ਕਰਕੇ ਕਿਵੇਂ ਖਤਮ ਹੋ ਸਕਦਾ ਹੈ। ਇਹ ਗੱਲ ਸਾਫ ਕਰਦੀ ਹੈ ਕਿ ਮੰਗਲੀਕ ਦੋਸ਼ ਇੱਕ ਡਰ ਪੈਦਾ ਕਰਨ ਵਾਲਾ ਸਿਧਾਂਤ ਹੈ, ਜਿਸ ਨੂੰ ਬਾਅਦ ਵਿੱਚ ਆਰਥਿਕ ਅਤੇ ਧਾਰਮਿਕ ਪਖੰਡ ਨਾਲ ਜੋੜਿਆ ਜਾਂਦਾ ਹੈ।

ਸਿੱਖਿਆ ਅਤੇ ਵਿਗਿਆਨਕ ਸੋਚ ਮੰਗਲੀਕ ਦੋਸ਼ ਵਰਗੇ ਅੰਧ ਵਿਸ਼ਵਾਸਾਂ ਦੇ ਵਿਰੁੱਧ ਸਭ ਤੋਂ ਵੱਡਾ ਹਥਿਆਰ ਹੈ। ਵਿਗਿਆਨਕ ਸੋਚ, ਤਰਕ ਭਰੀਆਂ ਗੱਲਾਂ-ਬਾਤਾਂ, ਸਵਾਲ ਅਤੇ ਸੰਵਾਦ ਕਰਨ ਦੀ ਆਦਤ ਸਮਾਜ ਨੂੰ ਇਸ ਡਰ ਤੋਂ ਦੂਰ ਕਰ ਸਕਦੀ ਹੈ। ਅੱਜ ਜਰੂਰੀ ਹੈ ਕਿ ਸਕੂਲਾਂ, ਕਾਲਜਾਂ ਅਤੇ ਸਮਾਜ ਦੇ ਦੂਸਰੇ ਮੰਚਾਂ ਰਾਹੀਂ ਇਸ ਮੁੱਦੇ 'ਤੇ ਖੁੱਲ੍ਹ ਕੇ ਚਰਚਾ ਹੋਵੇ ਕਿ ਵਿਆਹ ਦੀ ਬੁਨਿਆਦ ਗ੍ਰਹਿ ਨਹੀਂ, ਸਗੋਂ ਆਪਸੀ ਸਮਝ, ਸਤਿਕਾਰ ਅਤੇ ਜਿੰਮੇਂਵਾਰੀ ਹੋਣੀ ਚਾਹੀਦੀ ਹੈ। ਚੰਗਾ ਸੰਕੇਤ ਇਹ ਹੈ ਕਿ ਅੱਜ ਦੀ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਵਿੱਚ ਮੰਗਲੀਕ ਦੋਸ਼ ਦੀ ਪਕੜ ਕਮਜ਼ੋਰ ਪੈ ਰਹੀ ਹੈ। ਪਿਆਰ-ਵਿਆਹ, ਅੰਤਰ-ਜਾਤੀ ਵਿਆਹ ਅਤੇ ਬਰਾਬਰੀ ਦੀ ਨੀਂਹ ਉੱਤੇ ਖੜੇ ਰਿਸ਼ਤੇ, ਇਸ ਅੰਧਵਿਸ਼ਵਾਸ ਨੂੰ ਚੁਣੌਤੀ ਦੇ ਰਹੇ ਹਨ ਪ੍ਰੰਤੂ ਇਹ ਬਦਲਾਅ ਹਾਲੇ ਅਧੂਰਾ ਹੈ। ਪਰੰਪਰਿਕ ਪਰਿਵਾਰਾਂ ਅਤੇ ਪਛੜੇ ਹੋਏ ਖਿੱਤਿਆਂ ਵਿੱਚ ਅੱਜ ਵੀ ਇਹ ਡਰ ਡੂੰਘਾਈ ਨਾਲ ਮੌਜੂਦ ਹੈ। ਮੰਗਲੀਕ ਦੋਸ਼ ਖਿਲਾਫ ਲੜਾਈ ਬਹੁਤ ਲੰਬੀ ਹੈ, ਪਰੰਤੂ ਬਹੁਤ ਜਰੂਰੀ ਹੈ।

ਮੰਗਲੀਕ ਦੋਸ਼ ਦਾ ਵਿਰੋਧ, ਸਿਰਫ ਜੋਤਿਸ਼ ਦੇ ਅੰਧਵਿਸ਼ਵਾਸ ਦਾ ਵਿਰੋਧ ਨਹੀਂ ਸਗੋਂ ਇਹ ਵਿਰੋਧ ਇਸਤਰੀ-ਪੁਰਸ਼ ਦੀ ਬਰਾਬਰੀ ਦੇ ਪੱਖ ਵਿੱਚ, ਵਿਗਿਆਨਕ ਸੋਚ,ਦੀ ਹਮਾਇਤ ਵਿੱਚ, ਮਾਨਸਿਕ ਆਜ਼ਾਦੀ ਲਈ ਹੈ। ਵਿਆਹ ਇੱਕ ਬਹੁਤ ਜਰੂਰੀ ਸਮਾਜਿਕ ਵਰਤਾਰਾ ਹੈ, ਨਾ ਕਿ ਗ੍ਰਹਿਆਂ ਦੀ ਖੇਡ। ਇਸ ਦਾ ਵਿਰੋਧ ਉਸ ਸਿਸਟਮ ਦੇ ਵਿਰੋਧ ਹੈ, ਜੋ ਡਰ ਪੈਦਾ ਕਰਕੇ ਲੋਕਾਂ ਨੂੰ ਕੰਟਰੋਲ ਕਰਦਾ ਹੈ, ਉਹਨਾਂ ਨੂੰ ਬੁਜ਼ਦਿਲ ਬਣਾਉਂਦਾ ਹੈ। ਕਿਸੇ ਵੀ ਵਿਆਹ ਦੀ ਕਾਮਯਾਬੀ ਜਾਂ ਨਾਕਾਮੀ ਦਾ ਕਾਰਨ ਕੋਈ ਗ੍ਰਹਿ ਨਹੀਂ, ਸਗੋਂ ਇਨਸਾਨ ਹੁੰਦੇ ਹਨ। ਉਹਨਾਂ ਦੀ ਸੋਚ, ਉਹਨਾਂ ਦਾ ਵਰਤਾਓ, ਉਹਨਾਂ ਦੇ ਹਾਲਾਤ ਹੁੰਦੇ ਹਨ। ਜਦ ਅਸੀਂ ਇਹ ਜ਼ਿੰਮੇਂਵਾਰੀਆਂ ਗ੍ਰਹਿਆਂ ਉੱਤੇ ਪਾ ਦਿੰਦੇ ਹਾਂ ਤਾਂ ਅਸੀਂ ਆਪਣੇ ਆਪ ਤੋਂ ਭੱਜਦੇ ਹਾਂ। ਮੰਗਲੀਕ ਦੋਸ਼ ਵਰਗਾ ਅੰਧ-ਵਿਸ਼ਵਾਸ ਇਕ ਸਮਾਜਿਕ ਭਰਮ ਹੈ, ਜਿਸ ਨੂੰ ਖਤਮ ਕਰਨਾ ਬਹੁਤ ਜਰੂਰੀ ਹੈ। ਇਹ ਨਾ ਸਿਰਫ ਲੋਕਾਂ ਦਾ ਨਿੱਜੀ ਆਜ਼ਾਦੀ ਦਾ ਸਵਾਲ ਹੈ, ਸਗੋਂ ਇੱਕ ਜ਼ਿਆਦਾ ਵਧੀਆ ਸਮਾਜ ਬਣਾਉਣ ਦੀ ਸ਼ਰਤ ਵੀ ਹੈ।

ਜਦ ਤੱਕ ਅਸੀਂ ਇਹ ਨਹੀਂ ਸਮਝਾਂਗੇ ਕਿ ਇਨਸਾਨ ਦਾ ਭਵਿੱਖ ਕਿਸੇ ਗ੍ਰਹਿ ਦੀ ਸਥਿਤੀ ਨਾਲ ਨਹੀਂ, ਸਗੋਂ ਉਸ ਦੇ ਕੰਮ, ਭਾਵਨਾਵਾਂ ਅਤੇ ਸਮਾਜਿਕ ਢਾਂਚੇ ਨਾਲ ਬਣਦਾ ਹੈ, ਤਦ ਤੱਕ ਮੰਗਲੀਕ ਦੋਸ਼ ਵਰਗੇ ਅੰਧ-ਵਿਸ਼ਵਾਸ ਸਾਡੀ ਜਿੰਦਗੀ ਉੱਤੇ ਗ੍ਰਹਿਣ ਬਣ ਕੇ ਛਾਏ ਰਹਿਣਗੇ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਸ ਗ੍ਰਹਿਣ ਨੂੰ ਹਟਾਈਏ।

ਅਨੁਵਾਦ ਅਤੇ ਸੰਖੇਪ ਰੂਪ : **ਪਵਨ ਰੱਤੋਂ**

(ਸਰਸ ਸਲਿਲ-ਮਾਰਚ 26)

* * *

# ਗੋਹ ਬਨਾਮ ਚੰਨਣਗ੍ਰੀਰੀ

ਪੰਜਾਬ ਵਿੱਚ ਗੋਹੀਰਾ/ਗੋਹ/ਚੰਨਣਗ੍ਰੀਰੀ (Monitor lizard) ਬਾਰੇ ਕਈ ਵਹਿਮ ਅਤੇ ਲੋਕ-ਧਾਰਨਾਵਾਂ ਪ੍ਰਚਲਿਤ ਹਨ। ਮਾਲਵੇ ਵਿੱਚ ਆਮ ਹੀ ਕਿਹਾ ਜਾਂਦਾ ਕਿ ਚੰਨਣ ਗ੍ਰੀਰੀ ਬੰਦੇ ਦੇ ਮੱਥੇ ਵਿੱਚ ਲੜਦੀ ਹੈ ਅਤੇ ਆਖਦੀ ਹੈ, "ਪਿੱਛਾਂਹ ਹੋਕੇ ਡਿੱਗ"। ਆਮ ਲੋਕ ਨਹੀਂ ਜਾਣਦੇ ਕਿ ਚੰਨਣ ਗ੍ਰੀਰੀ ਨਾਮ ਦਾ ਜਾਨਵਰ ਅਸਲ ਵਿੱਚ ਗੋਹ ਦਾ ਬੱਚਾ ਹੁੰਦਾ ਹੈ। ਲੋਕਾਂ ਨੂੰ ਜਾਣਕਾਰੀ ਨਾ ਹੋਣ ਅਤੇ ਗੋਹ ਬਾਰੇ ਪ੍ਰਚਲਿਤ ਡਰ ਕਾਰਨ ਗੋਹ ਦੇ ਹਜਾਰਾਂ ਛੋਟੇ ਬੱਚੇ ਮਾਰ ਦਿੱਤੇ ਜਾਂਦੇ ਹਨ। ਇਹ ਬੱਚਾ ਛੋਟਾ ਹੋਣ ਕਾਰਨ ਬਹੁਤ ਫੁਰਤੀਲਾ ਹੁੰਦਾ ਹੈ ਜੋ ਕੇ ਵੱਡਾ ਹੋ ਕੇ ਭਾਰੀ ਅਤੇ ਸੁਸਤ ਹੋ ਜਾਂਦਾ ਹੈ। ਇਹੀ ਭੁਲੇਖੇ ਦਾ ਅਸਲੀ ਕਾਰਨ ਹੈ ਗੋਹ ਦੀਆਂ ਸਾਰੀਆਂ ਕਿਸਮਾਂ ਵਿੱਚੋਂ ਕੋਈ ਵੀ ਜ਼ਹਿਰ ਵਾਲੀ ਨਹੀਂ ਹੁੰਦੀ। ਹਕੀਕਤ ਵਿੱਚ ਇਹਨਾਂ ਸ਼ਰੀਫ ਜਿਹੇ ਕਿਰਲਾਨੁਮਾ ਜਾਨਵਰਾਂ ਬਾਰੇ ਜ਼ਿਆਦਾਤਰ ਧਾਰਨਾਵਾਂ ਅਧਾਰਹੀਨ ਹਨ।

ਗੋਹ ਰੇਂਗਣ ਵਾਲੇ ਜੀਵਾਂ (Reptilia) ਵਿੱਚੋਂ ਹੈ ਅਤੇ Varanidae ਪਰਿਵਾਰ ਨਾਲ ਸੰਬੰਧਤ ਹੈ। ਗੋਹ ਦੁਨੀਆਂ ਦੇ ਕਈ ਮਹਾਦੀਪਾਂ ਵਿੱਚ ਮਿਲਦੀਆਂ ਹਨ, ਪਰ ਭਾਰਤ ਵਿੱਚ ਕੁਝ ਹੀ ਪ੍ਰਜਾਤੀਆਂ ਦਰਜ ਕੀਤੀਆਂ ਗਈਆਂ ਹਨ। ਪੰਜਾਬ ਵਿੱਚ ਆਮ ਤੌਰ ਤੇ ਦੋ ਪ੍ਰਜਾਤੀਆਂ ਹੀ ਵਧੇਰੇ ਮਿਲਦੀਆਂ ਹਨ:-

1. **ਬੰਗਾਲੀ ਗੋਹ** (Varanus bengalensis)

ਇਹ ਭਾਰਤੀ ਉਪ-ਮਹਾਂਦੀਪ ਦੀ ਸਭ ਤੋਂ ਵਿਆਪਕ monitor lizard ਹੈ। ਇਸਦੀ ਲੰਬਾਈ ਆਮ ਤੌਰ 'ਤੇ 3 ਤੋਂ 5 ਫੁੱਟ ਤੱਕ ਹੁੰਦੀ ਹੈ, ਹਾਲਾਂਕਿ ਕੁਝ ਮਾਮਲਿਆਂ ਵਿੱਚ ਇਸ ਤੋਂ ਵੱਧ ਵੀ ਹੋ ਸਕਦੀ ਹੈ। ਸਰੀਰ ਮਜ਼ਬੂਤ, ਪੂਛ ਲੰਬੀ ਅਤੇ ਮੋਟੀ ਹੁੰਦੀ ਹੈ। ਚਮੜੀ ਭੂਰੇ ਜਾਂ ਸਲੇਟੀ ਰੰਗ ਦੀ ਹੋਣ ਨਾਲ ਇਸ 'ਤੇ ਹਲਕੇ ਧੱਬੇ ਹੁੰਦੇ ਹਨ। ਜਵਾਨ ਗੋਹ ਵਿੱਚ ਧੱਬੇ ਹੋਰ ਵੱਧ ਸਪਸ਼ਟ ਹੁੰਦੇ ਹਨ। ਇਸਦੀ ਜੀਭ ਦੋ-ਫਾਟੀ (forked) ਹੁੰਦੀ ਹੈ, ਜਿਸ ਨਾਲ ਇਹ ਵਾਤਾਵਰਣ ਵਿੱਚ ਮੌਜੂਦ ਗੰਧ ਸੰਕੇਤਾਂ ਨੂੰ ਮਹਿਸੂਸ ਕਰਦੀ ਹੈ। ਇਹ ਵਿਸ਼-ਰਹਿਤ ਹੁੰਦੀ ਹੈ ਅਤੇ ਮਨੁੱਖ ਤੋਂ ਦੂਰ ਰਹਿਣਾ ਪਸੰਦ ਕਰਦੀ ਹੈ।

2. **ਮਾਰੂਥਲੀ ਗੋਹ** (Varanus griseus)

ਇਹ ਪ੍ਰਜਾਤੀ ਜ਼ਿਆਦਾਤਰ ਰੇਗਿਸਤਾਨੀ ਅਤੇ ਅਰਧ-ਰੇਗਿਸਤਾਨੀ ਖੇਤਰਾਂ ਵਿੱਚ ਮਿਲਦੀ ਹੈ। ਇਸਦਾ ਰੰਗ ਹਲਕੇ ਪੀਲੇਪਣ ਵਾਲਾ ਜਾਂ ਰੇਤ ਰੰਗ ਦਾ ਹੁੰਦਾ ਹੈ, ਜੋ ਇਸਨੂੰ ਆਪਣੇ ਆਵਾਸ ਨਾਲ ਮਿਲਦਾ-ਜੁਲਦਾ ਬਣਾਉਂਦਾ ਹੈ। ਪੰਜਾਬ ਵਿੱਚ ਇਸਦੀ ਮੌਜੂਦਗੀ ਬਹੁਤ ਘੱਟ ਦਰਜ ਕੀਤੀ ਗਈ ਹੈ ਅਤੇ ਇਹ ਮੁੱਖ ਤੌਰ 'ਤੇ ਰਾਜਸਥਾਨ ਦੇ ਥਾਰ ਰੇਗਿਸਤਾਨੀ ਖੇਤਰਾਂ ਨਾਲ ਜੁੜੀ ਹੋਈ ਹੈ।

ਪੰਜਾਬ ਦੀ ਭੂਗੋਲਿਕ ਸਥਿਤੀ ਵਿੱਚ ਦਰਿਆਈ ਪੱਟੀਆਂ, ਖੇਤੀਬਾੜੀ ਵਾਲੀ ਉਪਜਾਊ ਜ਼ਮੀਨ ਅਤੇ ਕੁਝ ਸੁੱਕੇ ਇਲਾਕੇ ਸ਼ਾਮਲ ਹਨ। ਇਨ੍ਹਾਂ ਸਾਰੇ ਖੇਤਰਾਂ ਵਿੱਚ ਗੋਹ ਦੀ ਮੌਜੂਦਗੀ ਵੱਖ-ਵੱਖ ਪੱਧਰਾਂ 'ਤੇ ਵੇਖੀ ਗਈ ਹੈ।

**ਦੱਖਣ-ਪੱਛਮੀ ਪੰਜਾਬ** : ਬਠਿੰਡਾ, ਮਾਨਸਾ, ਮੁਕਤਸਰ ਅਤੇ ਫਰੀਦਕੋਟ ਵਰਗੇ ਜ਼ਿਲ੍ਹਿਆਂ ਵਿੱਚ ਖੇਤਾਂ ਦੇ ਕਿਨਾਰੇ, ਨਹਿਰਾਂ ਦੇ ਨੇੜੇ ਅਤੇ ਝਾੜੀਦਾਰ ਖੇਤਰਾਂ ਵਿੱਚ ਬੰਗਾਲੀ ਗੋਹ ਆਮ ਤੌਰ 'ਤੇ ਵੇਖੀ ਜਾਂਦੀ ਹੈ।

**ਦਰਿਆਈ ਖੇਤਰ** : ਸਤਲੁਜ ਅਤੇ ਰਾਵੀ ਦਰਿਆ ਦੇ ਨੇੜਲੇ ਖੇਤਰਾਂ ਵਿੱਚ ਵੀ ਇਹ ਜੀਵ ਮਿਲਦਾ ਹੈ। ਪਾਣੀ ਦੇ ਸਰੋਤਾਂ ਨੇੜੇ ਛੋਟੇ ਜੀਵਾਂ ਦੀ ਉਪਲਬਧਤਾ ਕਾਰਨ ਇਹ ਇਲਾਕੇ ਇਸਦੇ ਸ਼ਿਕਾਰ ਲਈ ਉਚਿਤ ਹਨ।

**ਆਵਾਸ ਅਤੇ ਜੀਵਨ-ਚੱਕਰ**

ਗੋਹ ਅਨੁਕੂਲਨਸ਼ੀਲ (adaptable) ਜੀਵ ਹੈ। ਇਹ ਜੰਗਲਾਂ, ਖੇਤਾਂ, ਰੇਤਲੇ ਖੇਤਰਾਂ ਅਤੇ ਮਨੁੱਖੀ ਬਸਤੀ ਦੇ ਨੇੜੇ ਵੀ ਰਹਿ ਸਕਦੀ ਹੈ। ਇਹ ਆਮ ਤੌਰ 'ਤੇ ਖੁੱਡਾਂ ਵਿੱਚ ਰਹਿੰਦੀ ਹੈ। ਦਿਨ ਦੇ ਸਮੇਂ ਸਰਗਰਮ ਰਹਿੰਦੀ ਹੈ। ਸਰਦੀ ਦੇ ਮੌਸਮ ਵਿੱਚ ਇਸਦੀ ਗਤੀਵਿਧੀ ਘੱਟ ਹੋ ਜਾਂਦੀ ਹੈ। ਇਹ ਅੰਡੇ ਦੇ ਕੇ ਪ੍ਰਜਨਨ ਕਰਦੀ ਹੈ। ਮਾਦਾ ਆਮ ਤੌਰ 'ਤੇ ਮਿੱਟੀ ਵਿੱਚ ਅੰਡੇ ਦੱਬਦੀ ਹੈ। ਗੋਹ ਮਾਸਾਹਾਰੀ ਹੁੰਦੀ ਹੈ। ਇਸਦੀ ਖੁਰਾਕ ਵਿੱਚ ਚੂਹੇ, ਕੀੜੇ-ਮਕੌੜੇ, ਛੋਟੇ ਸੱਪ, ਪੰਛੀਆਂ ਦੇ ਅੰਡੇ ਸ਼ਾਮਿਲ ਹੁੰਦੇ ਹਨ। ਇਸ ਤਰ੍ਹਾਂ ਇਹ ਖੇਤਾਂ ਵਿੱਚ ਚੂਹਿਆਂ ਦੀ ਸੰਖਿਆ ਘਟਾ ਕੇ ਕਿਸਾਨਾਂ ਲਈ ਲਾਭਕਾਰੀ ਸਾਬਤ ਹੁੰਦੀ ਹੈ। ਇਹ ਪਰਿਸਥਿਤਕੀ ਸੰਤੁਲਨ ਬਣਾਈ ਰੱਖਣ ਵਿੱਚ ਮਹੱਤਵਪੂਰਨ ਕੜੀ ਹੈ।

**ਲੋਕ-ਧਾਰਣਾਵਾਂ ਅਤੇ ਸਮਾਜਿਕ ਪੱਖ :**

ਪੰਜਾਬ ਦੇ ਪਿੰਡਾਂ ਵਿੱਚ ਗੋਹ ਬਾਰੇ ਕਈ ਵਹਿਮ ਪ੍ਰਚਲਿਤ ਹਨ। ਜਿਵੇਂ :

# ਇਹ ਜ਼ਹਿਰੀਲੀ ਹੁੰਦੀ ਹੈ।

# ਇਹ ਮਨੁੱਖ ਦਾ ਪਿੱਛਾ ਕਰਦੀ ਹੈ।
# ਇਸਦੀ ਚਰਬੀ ਦਵਾਈ ਵਜੋਂ ਵਰਤੀ ਜਾਂਦੀ ਹੈ।

ਵਿਗਿਆਨਕ ਅਧਿਐਨ ਅਨੁਸਾਰ ਇਹ ਸਾਰੇ ਵਹਿਮ ਗਲਤ ਹਨ। ਗੋਹ ਜ਼ਹਿਰ-ਰਹਿਤ ਹੈ ਅਤੇ ਮਨੁੱਖ ਤੋਂ ਦੂਰ ਰਹਿੰਦੀ ਹੈ। ਇਸਦੇ ਅੰਗਾਂ ਦੀ ਗੈਰਕਾਨੂੰਨੀ ਵਰਤੋਂ ਜੰਗਲੀ ਜੀਵਾਂ ਲਈ ਖ਼ਤਰਾ ਹੈ। ਭਾਰਤ ਵਿੱਚ ਗੋਹ ਨੂੰ ਜੰਗਲੀ ਜੀਵ ਸੁਰੱਖਿਆ ਕਨੂੰਨ 1972 ਅਧੀਨ ਸੂਚੀ-1 ਵਿੱਚ ਰੱਖਿਆ ਗਿਆ ਹੈ। ਇਸਦਾ ਮਤਲਬ ਹੈ ਕਿ ਇਹ ਸਖ਼ਤ ਤੌਰ 'ਤੇ ਸੁਰੱਖਿਅਤ ਜੀਵ ਹੈ। ਇਸਨੂੰ ਮਾਰਨਾ, ਫੜਨਾ ਜਾਂ ਇਸਦੇ ਅੰਗਾਂ ਦੀ ਤਸਕਰੀ ਕਰਨਾ ਅਪਰਾਧ ਹੈ। ਆਵਾਸ ਦੀ ਘਾਟ, ਮਨੁੱਖੀ ਦਖ਼ਲਅੰਦਾਜ਼ੀ, ਲੋਕ-ਵਹਿਮ ਕਾਰਨ ਹਿੰਸਾ, ਗੈਰਕਾਨੂੰਨੀ ਸ਼ਿਕਾਰ ਆਦਿ ਕਾਰਨ ਗੋਹ ਦੀ ਸੰਖਿਆ ਉਤੇ ਅਸਰ ਪਾ ਰਹੇ ਹਨ। ਸਕੂਲਾਂ, ਪਿੰਡ ਪੱਧਰ ਦੇ ਕੈਂਪਾਂ ਅਤੇ ਮੀਡੀਆ ਰਾਹੀਂ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ ਕਿ ਗੋਹ ਨੁਕਸਾਨਦਾਇਕ ਨਹੀਂ, ਸਗੋਂ ਲਾਭਕਾਰੀ ਜੀਵ ਹੈ।ਕਿਸਾਨਾਂ ਨੂੰ ਇਹ ਸਮਝਾਉਣਾ ਜ਼ਰੂਰੀ ਹੈ ਕਿ ਇਹ ਚੂਹਿਆਂ ਦੀ ਸੰਖਿਆ ਘਟਾ ਕੇ ਫਸਲਾਂ ਦੀ ਰੱਖਿਆ ਕਰਦੀ ਹੈ।

ਪੰਜਾਬ ਵਿੱਚ ਗੋਹ ਵਾਤਾਵਰਣ ਸੰਤੁਲਨ ਦੀ ਇੱਕ ਮਹੱਤਵਪੂਰਨ ਕੜੀ ਹੈ। ਇਸ ਲਈ ਜ਼ਰੂਰੀ ਹੈ ਕਿ ਵਿਗਿਆਨਕ ਜਾਣਕਾਰੀ ਦੇ ਆਧਾਰ 'ਤੇ ਜਾਗਰੂਕਤਾ ਵਧਾਈ ਜਾਵੇ ਅਤੇ ਕਾਨੂੰਨੀ ਸੁਰੱਖਿਆ ਦੇ ਪ੍ਰਬੰਧਾਂ ਨੂੰ ਲਾਗੂ ਕੀਤਾ ਜਾਵੇ। ਗੋਹ ਦੀ ਸੁਰੱਖਿਆ ਸਿਰਫ ਇੱਕ ਜੀਵ ਦੀ ਰੱਖਿਆ ਨਹੀਂ, ਸਗੋਂ ਪੂਰੇ ਪਰਿਆਵਰਣਕ ਤੰਤਰ ਦੀ ਰੱਖਿਆ ਹੈ।

**ਨਵਪ੍ਰੀਤ ਨਵੀ**
**ਸ. ਸ. ਸ. ਸਕੂਲ ਸ਼ੇਰ ਸਿੰਘ ਵਾਲਾ (ਫਰੀਦਕੋਟ)**
**81465 00172**

* * *

**ਮਿੰਨੀ ਕਹਾਣੀ**

## ਛੱਬੀ ਸਾਲ

***ਕੁਲਦੀਪ ਮਾਣੂੰਕੇ***

ਨਵੇਂ ਆਏ ਪ੍ਰਿੰਸੀਪਲ ਮੈਡਮ ਨੇ ਪਹਿਲੇ ਹਫ਼ਤੇ ਹੀ ਜਾਂਚ ਲਿਆ ਕਿ ਕੁਝ ਕੁ ਵਿਗੜੇ ਵਿਦਿਆਰਥੀਆਂ ਕਾਰਨ ਇੱਥੇ ਵਿਦਿਅਕ ਮਾਹੌਲ ਸੁਖਾਵਾਂ ਨਹੀਂ। ਜਦੋਂ ਦਾ ਸਕੂਲ ਅਪਗ੍ਰੇਡ ਹੋਇਆ ਸੀ ਉਦੋਂ ਤੋਂ ਹੀ ਸਕੂਲ ਮੁਖੀ ਤੋਂ ਵਾਂਝਾ ਸੀ। ਅਧਿਆਪਕਾਂ ਦੀਆਂ ਬਹੁਤ ਸਾਰੀਆਂ ਪੋਸਟਾਂ ਖ਼ਾਲੀ ਸਨ। ਸੈਕੰਡਰੀ ਵਿਭਾਗ ਵਿੱਚ ਸਿਰਫ਼ ਇੱਕ ਹੀ ਲੈਕਚਰਾਰ ਹੋਣ ਕਾਰਨ ਹੇਠਲੇ ਅਧਿਆਪਕਾਂ ਨੂੰ ਉੱਪਰਲੀਆਂ ਜਮਾਤਾਂ ਦਿੱਤੀਆਂ ਹੋਈਆਂ ਸਨ।

ਭਾਂਵੇ ਸਾਰੇ ਅਧਿਆਪਕ ਬਹੁਤ ਮਿਹਨਤੀ ਸਨ ਪਰ ਪਲੱਸ ਟੂ ਦੇ ਤਿੰਨ ਵਿਦਿਆਰਥੀ ਦੂਸਰੇ ਬੱਚਿਆਂ ਨਾਲ ਲੜਾਈ ਝਗੜਾ ਕਰਕੇ ਰੋਜ਼ਾਨਾ ਕੋਈ ਨਾ ਕੋਈ ਪੰਗਾ ਪਾਈ ਰੱਖਦੇ। ਇਨ੍ਹਾਂ ਤਿੰਨਾਂ ਦਾ ਲੀਡਰ ਸੂਬਾ ਤਾਂ ਨਸ਼ੇ ਦਾ ਆਦੀ ਵੀ ਸੀ ਤੇ ਨਸ਼ੇ ਵਿੱਚ ਅਧਿਆਪਕਾਂ ਅੱਗੇ ਅਕਸਰ ਹੀ ਬੋਲ ਪੈਂਦਾ। ਸੂਬੇ ਦਾ ਬਾਪ ਪਿੰਡ ਦੇ ਡੇਰੇ ਦਾ ਮੁਖੀ ਹੋਣ ਕਾਰਨ ਧਾਗੇ ਤਵੀਤ ਤੇ ਪੁੱਛਾਂ ਦੇਣ ਦਾ ਕੰਮ ਵੀ ਕਰਦਾ ਸੀ। ਸੂਬਾ ਨਸ਼ਾ ਵੀ ਡੇਰੇ ਨਾਲ ਜੁੜੇ ਤਸਕਰਾਂ ਤੋਂ ਲੈ ਲੈਂਦਾ। ਮੁਖੀ ਵੱਲੋਂ ਸੱਦੀ ਮੀਟਿੰਗ ਵਿੱਚ ਭਾਵੇਂ ਸਾਰੇ ਸਟਾਫ਼ ਨੇ ਇਸ ਤਿੱਕੜੀ ਨੂੰ ਹੀ ਸਕੂਲ ਦੇ ਅਣਸੁਖਾਵੇਂ ਮਾਹੌਲ ਦਾ ਦੋਸ਼ੀ ਦੱਸਿਆ ਸੀ, ਪਰ ਦੋ ਅਧਿਆਪਕਾਵਾਂ ਅਜੇ ਵੀ ਉਨ੍ਹਾਂ ਲਈ ਨਰਮੀ ਵਿਖਾ ਰਹੀਆਂ ਸਨ। ਵਿਗਿਆਨਕ ਸੋਚ ਰੱਖਣ ਵਾਲੇ ਕੰਪਿਊਟਰ ਅਧਿਆਪਕ ਨੇ ਮੁਖੀ ਨੂੰ ਦੱਸਿਆ ਕਿ ਇਹ ਦੋਵੇਂ ਅਧਿਆਪਕਾਵਾਂ ਸੂਬੇ ਦੇ ਡੇਰਾ ਮੁਖੀ ਬਾਪ ਕੋਲੋਂ ਆਪਣੇ ਬੱਚਿਆਂ ਦੇ ਸੁਨਿਹਰੀ ਭਵਿੱਖ ਦੇ ਸੁਪਨੇ ਲੈ ਕੇ ਉਹੜ ਪੋਹੜ ਕਰਵਾਉਂਦੀਆਂ ਹਨ।

ਪਹਿਲਾਂ ਤਾਂ ਸਕੂਲ ਮੁਖੀ ਨੇ ਡੇਰੇ ਜਾਣ ਵਾਲੀਆਂ ਦੋਵੇਂ ਅਧਿਆਪਕਾਵਾਂ ਨੂੰ ਬੁਲਾ ਕੇ ਸਮਝਾਇਆ ਕਿ ਜਿਸ ਬਾਪ ਦਾ ਬੇਟਾ ਖ਼ੁਦ ਵਿਗੜਿਆ ਹੋਇਆ ਹੈ, ਉਹ ਤੁਹਾਡੇ ਬੱਚਿਆਂ ਦਾ ਭਵਿੱਖ ਕਿਵੇਂ ਸੁਧਾਰ ਸਕਦਾ ਹੈ? ਫਿਰ ਮੁਖੀ ਵੱਲੋਂ ਸੂਬੇ ਦੇ ਬਾਪ ਨੂੰ ਸਕੂਲ ਬੁਲਾ ਕੇ ਉਸ ਦੀਆਂ ਸਾਰੀਆਂ ਕਰਤੂਤਾਂ ਦੱਸ ਦਿੱਤੀਆਂ। ਸੂਬੇ ਦੇ ਬਾਪ ਨੇ ਦੋਵੇਂ ਹੱਥ ਜੋੜ ਕੇ ਮਾਫ਼ੀ ਮੰਗਦਿਆਂ ਉਸ ਨਾਲ ਪੂਰੀ ਸਖ਼ਤੀ ਨਾਲ ਪੇਸ਼ ਆਉਣ ਲਈ ਕਿਹਾ। ਸਕੂਲ ਮੁਖੀ ਨੇ ਸੂਬੇ ਦੇ ਸਿਰ ਸੁੱਟੀ ਬੈਠੇ ਬਾਪ ਨੂੰ ਕਿਹਾ ਕਿ "ਬਾਬਾ ਜੀ ਗੁੱਸਾ ਨਾ ਕਰਿਓ, ਬੱਚਿਆਂ ਦਾ ਭਵਿੱਖ ਅਧਿਆਪਕ ਹੀ ਸੰਵਾਰ ਸਕਦੇ ਹਨ ਤੁਹਾਡੇ ਧਾਗੇ ਤਵੀਤ ਨਹੀਂ" ਸੂਬੇ ਦੇ ਬਾਪ ਨੇ ਗਲ ਵਿੱਚ ਪਾਏ ਪਰਨੇ ਨਾਲ ਅੱਖਾਂ ਪੂੰਝਦਿਆਂ ਕਿਹਾ, 'ਬੱਚੇ ਦੀ ਜ਼ਿੰਦਗੀ ਲਈ, ਲਓ ਛੱਡ 'ਤਾ ਮੈਡਮ ਜੀ ਅੱਜ ਤੋਂ ਧਾਗੇ ਤਵੀਤ ਵਾਲਾ ਕੰਮ। ਛੱਬੀ ਸਾਲ ਪਹਿਲਾਂ ਜੇਕਰ ਮੇਰੇ ਬਾਪ ਨੇ ਵੀ ਮੇਰੇ ਵਿਗੜਨ ਦੀ ਪਹਿਲੀ ਸੂਚਨਾ ਦੇਣ ਵਾਲੀ ਇੱਕ ਨੇਕ ਅਧਿਆਪਕ ਦੀ ਸਲਾਹ ਮੰਨੀ ਹੁੰਦੀ ਤਾਂ ਅੱਜ ਮੈਂ ਵੀ ਆਪਣੀ ਜ਼ਮੀਰ ਦੇ ਉਲਟ ਕੰਮ ਨਾ ਕਰਦਾ ...ਤੇ ਮੈਡਮ, ਉਹ ਅਧਿਆਪਕ ਵੀ ਤੁਸੀਂ ਹੀ ਹੋ.. ਸ਼ਾਇਦ ਤੁਸੀਂ ਮੈਨੂੰ ਪਹਿਚਾਣਿਆ ਨਹੀਂ..ਮੈਂ ਸ਼ਹਿਰ ਦੇ ਸਕੂਲ ਵਿੱਚ ਰਿਹਾ ਤੁਹਾਡਾ ਪੁਰਾਣਾ ਵਿਦਿਆਰਥੀ ਹਰਬੰਸ ਹਾਂ।" ਹੁਣ ਮੈਡਮ ਵੀ ਬਾਬੇ ਵਿੱਚ ਛੱਬੀ ਸਾਲ ਪਹਿਲਾਂ ਵਾਲਾ ਹਰਬੰਸ ਤਲਾਸ਼ਣ ਲੱਗੀ।

***# 98147 22408***

**ਆਓ ਧਾਤਾਂ ਬਾਰੇ ਕੁਝ ਜਾਣੀਏ**

ਪ੍ਰਿਥਵੀ ਉਪਰ 92 ਤੱਤ ਕੁਦਰਤੀ ਰੂਪ ਵਿੱਚ ਮਿਲਦੇ ਹਨ, ਇਨ੍ਹਾਂ ਵਿਚੋਂ 70 ਧਾਤਾਂ ਹਨ। ਇਨ੍ਹਾਂ ਤੋਂ ਇਲਾਵਾ ਵਿਗਿਆਨੀਆਂ ਨੇ ਕੁਝ ਤੱਤ ਪ੍ਰਯੋਗਸ਼ਾਲਾ ਵਿੱਚ ਸਿੰਥੇਟਿਕ ਤੌਰ 'ਤੇ ਬਣਾਏ ਹਨ ਜਿਸ ਨਾਲ ਹੁਣ ਤੱਕ ਕੁੱਲ ਤੱਤਾਂ ਦੀ ਗਿਣਤੀ 118 ਹੋ ਚੁੱਕੀ ਹੈ। ਇਨ੍ਹਾਂ 118 ਤੱਤਾਂ ਵਿਚੋਂ ਧਾਤਾਂ ਦੀ ਗਿਣਤੀ 94 ਮੰਨੀ ਜਾਂਦੀ ਹੈ।

**ਪਾਰਾ ਇੱਕ ਵਿਲੱਖਣ ਧਾਤ**- ਆਮ ਹਾਲਤ ਵਿੱਚ ਧਾਤਾਂ ਠੋਸ ਰੂਪ ਵਿੱਚ ਮਿਲਦੀਆਂ ਹਨ। ਸਿਰਫ ਤੇ ਸਿਰਫ ਪਾਰਾ ਹੀ ਇੱਕ ਅਜਿਹੀ ਧਾਤ ਹੈ ਜੋ ਆਮ ਤਾਪਮਾਨ 'ਤੇ ਤਰਲ ਹਾਲਤ ਵਿੱਚ ਮਿਲਦੀ ਹੈ। ਪਾਰਾ ਮਾਈਨਸ 39 ਡਿਗਰੀ ਸੈਲਸੀਅਸ (−39°) 'ਤੇ ਹੀ ਠੋਸ ਰੂਪ ਅਖਤਿਆਰ ਕਰਦਾ ਹੈ। ਠੋਸ ਨਾ ਹੋਣ ਦੇ ਬਾਵਜੂਦ ਪਾਰਾ ਧਾਤਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਕਿਉਂਕਿ ਇਸ ਵਿੱਚ ਧਾਤਾਂ ਵਾਲੇ ਬਾਕੀ ਗੁਣ– ਜਿਵੇਂ ਧਾਤਵੀ ਚਮਕ ਹੋਣੀ, ਬਿਜਲੀ ਅਤੇ ਤਾਪ ਦਾ ਸੁਚਾਲਕ ਹੋਣਾ ਆਦਿ – ਮੌਜੂਦ ਹੁੰਦੇ ਹਨ।

**ਧਾਤਾਂ ਦੇ ਪਿਘਲਣ ਦਰਜੇ**- ਠੋਸ ਅਵਸਥਾ ਵਿੱਚ ਮਿਲਣ ਵਾਲੀਆਂ ਧਾਤਾਂ ਵਿਚੋਂ ਗੈਲੀਅਮ ਹੀ ਇੱਕ ਅਜਿਹੀ ਧਾਤ ਹੈ ਜੋ ਸਭ ਤੋਂ ਘੱਟ 29.76 ਡਿਗਰੀ ਸੈਲਸੀਅਸ ਤਾਪਮਾਨ ਉਪਰ ਪਿਘਲ ਕੇ ਤਰਲ ਦਾ ਰੂਪ ਧਾਰਨ ਕਰ ਲੈਂਦੀ ਹੈ। ਸਾਧਾਰਣ ਤੌਰ 'ਤੇ ਮਨੁੱਖੀ ਸਰੀਰ ਦਾ ਤਾਪਮਾਨ ਤਕਰੀਬਨ 37 ਡਿਗਰੀ ਸੈਲਸ਼ੀਅਸ ਹੁੰਦਾ ਹੈ। ਇਸ ਦਾ ਅਰਥ ਹੈ ਕਿ ਗੈਲੀਅਮ ਧਾਤ ਮਨੁੱਖ ਦੇ ਹੱਥ ਵਿੱਚ ਰੱਖਣ ਨਾਲ ਹੀ ਪਿਘਲ ਜਾਵੇਗੀ।

ਇਸਦੇ ਉਲਟ ਸਭ ਤੋਂ ਵੱਧ ਤਾਪਮਾਨ ਉਪਰ ਪਿਘਲਣ ਵਾਲੀ ਧਾਤ ਟੰਗਸਟਨ ਹੈ ਜੋ 3422 ਡਿਗਰੀ ਸੈਲਸੀਅਸ ਉਪਰ ਹੀ ਪਿਘਲਦੀ ਹੈ। ਇਸ ਉਚ ਪਿਘਲਾਓ ਦਰਜੇ ਵਾਲੇ ਗੁਣ ਕਾਰਣ ਇਸ ਦੀ ਵਰਤੋਂ ਰਾਕਟ ਦੀ ਨੋਜ਼ਲ ਅਤੇ ਉੱਚ ਤਾਪਮਾਨ ਵਾਲੀਆਂ ਮਸ਼ੀਨਾਂ ਵਿੱਚ ਕੀਤੀ ਜਾਂਦੀ ਹੈ। ਟੰਗਸਟਨ ਦੀ ਇੱਕ ਆਮ ਵਰਤੋਂ ਬਿਜਲੀ ਬਲਬ ਦੇ ਫਿਲਾਮੈਂਟ ਵਿੱਚ ਕੀਤੀ ਜਾਂਦੀ ਹੈ। ਇਸ ਖੋਜ ਲਈ ਵਿਗਿਆਨੀ ਥਾਮਸ ਅਲਵਾ ਐਡੀਸਨ ਨੂੰ ਹਜਾਰਾਂ ਕੋਸ਼ਿਸ਼ਾਂ ਬਾਅਦ ਸਫਲਤਾ ਮਿਲੀ ਸੀ।

**ਸਭ ਤੋਂ ਮਹਿੰਗੀ ਧਾਤ**- ਆਮ ਤੌਰ 'ਤੇ ਸੋਨੇ ਨੂੰ ਸਭ ਤੋਂ ਮਹਿੰਗੀ ਧਾਤ ਸਮਝਿਆ ਜਾਂਦਾ ਹੈ ਪਰ ਅਕਸਰ ਪਲਾਟੀਨਮ ਧਾਤ ਸੋਨੇ ਤੋਂ ਵੀ ਮਹਿੰਗੀ ਰਹਿੰਦੀ ਹੈ। ਇਨ੍ਹਾਂ ਦੋਵਾਂ ਦੀ ਕੀਮਤ ਮੰਡੀ ਦੀ ਮੰਗ ਅਨੁਸਾਰ ਉਪਰ ਥੱਲੇ ਹੁੰਦੀ ਰਹਿੰਦੀ ਹੈ। ਜਿਵੇਂ ਅੱਜ ਕੱਲ੍ਹ ਸੋਨੇ ਦੇ ਰੇਟ ਜਿਆਦਾ ਵਧੇ ਹੋਏ ਹਨ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਸੋਨੇ ਨੂੰ 100 ਪ੍ਰਤੀਸ਼ਤ ਸ਼ੁੱਧ ਕਰਨਾ ਲਗਪੱਗ ਅਸੰਭਵ ਹੈ, 24 ਕੈਰੇਟ ਦਾ ਸੋਨਾ ਵੀ ਸੌ ਪ੍ਰਤੀਸ਼ਤ ਸ਼ੁੱਧ ਨਹੀਂ ਹੁੰਦਾ।

ਅਸਲ ਵਿੱਚ ਸਭ ਤੋਂ ਮਹਿੰਗੀ ਧਾਤ ਸੋਨਾ ਜਾਂ ਪਲਾਟੀਨਮ ਦੀ ਬਜਾਏ ਕੈਲੇਫੋਰਨੀਅਮ–252 ਹੈ। ਇਹ ਕੁਦਰਤ ਵਿੱਚ ਸਿੱਧੇ ਰੂਪ ਵਿੱਚ ਨਹੀਂ ਮਿਲਦੀ, ਇਸ ਨੂੰ ਵਿਗਿਆਨੀਆਂ ਦੁਆਰਾ ਪ੍ਰਯੋਗਸ਼ਾਲਾ ਵਿੱਚ ਤਿਆਰ ਕੀਤਾ ਜਾਂਦਾ ਹੈ। ਇਸ ਨੂੰ ਸਭ ਤੋਂ ਪਹਿਲਾਂ ਕੈਲੇਫੋਰਨੀਆ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਇੱਕ ਟੀਮ ਨੇ 1950 ਵਿੱਚ ਤਿਆਰ ਕੀਤਾ ਸੀ, ਜਿਸ ਕਰਕੇ ਇਸਦਾ ਨਾਮ 'ਕੈਲੇਫੋਰਨੀਅਮ' ਰੱਖਿਆ ਗਿਆ। ਇਹ ਰੇਡੀਓਐਕਟਿਵ ਧਾਤ ਹੈ ਜਿਸਦਾ ਪ੍ਰਯੋਗ ਕੈਂਸਰ ਦੇ ਇਲਾਜ ਅਤੇ ਮੈਟਲ ਡਿਟੈਕਟਰਾਂ ਵਿੱਚ ਕੀਤਾ ਜਾਂਦਾ ਹੈ। ਇਸਦੇ ਇੱਕ ਗ੍ਰਾਮ ਦੀ ਕੀਮਤ 27 ਮਿਲੀਅਨ ਡਾਲਰ (250 ਕਰੋੜ ਰੁਪਏ ਤੋਂ ਵੀ ਵੱਧ) ਬਣਦੀ ਹੈ।

**ਸਭ ਤੋਂ ਭਾਰੀ ਅਤੇ ਹਲਕੀ ਧਾਤ**- ਘਣਤਾ ਦੇ ਪੱਖ ਤੋਂ ਸਭ ਤੋਂ ਭਾਰੀ ਧਾਤ 'ਓਸਮੀਅਮ' ਹੈ, ਜਿਸਦੀ ਘਣਤਾ 22.59 ਗ੍ਰਾਮ ਪ੍ਰਤੀ ਘਣ ਸੈਂਟੀਮੀਟਰ ਹੈ। ਭਾਵ ਇਹ ਸ਼ੁੱਧ ਪਾਣੀ ਨਾਲੋਂ ਸਾਢੇ ਬਾਈ ਗੁਣਾਂ ਵੱਧ ਭਾਰੀ ਹੈ। ਇਸਦੇ ਉਲਟ ਲੀਥੀਅਮ ਸਭ ਧਾਤਾਂ ਵਿਚੋਂ ਹਲਕੀ ਧਾਤ ਹੈ, ਜਿਸਦੀ ਘਣਤਾ 0.534 ਗ੍ਰਾਮ ਪ੍ਰਤੀ ਘਣ ਸੈਂਟੀਮੀਟਰ ਹੈ। ਇਸਦਾ ਮਤਲਬ ਹੈ ਕਿ ਇਹ ਪਾਣੀ ਉਪਰ ਆਸਾਨੀ ਨਾਲ ਤੈਰ ਸਕਦੀ ਹੈ। ਉਧਰ ਲੋਹੇ ਦੀ ਘਣਤਾ 7.87 ਗ੍ਰਾਮ ਅਤੇ ਸੋਨੇ ਦੀ ਘਣਤਾ 19.32 ਗ੍ਰਾਮ ਪ੍ਰਤੀ ਘਣ ਸੈਂਟੀਮੀਟਰ ਹੁੰਦੀ ਹੈ। ਭਾਵ ਸੋਨਾ, ਲੋਹੇ ਨਾਲੋਂ ਢਾਈ ਗੁਣਾਂ ਵੱਧ ਭਾਰਾ ਹੁੰਦਾ ਹੈ।

**ਸਰੀਰ ਵਿੱਚ ਲੋਹਾ ਅਤੇ ਹੋਰ ਧਾਤਾਂ**- ਮਨੁੱਖੀ ਸਰੀਰ ਵਿੱਚ ਲੋਹੇ ਦੀ ਔਸਤ ਮਾਤਰਾ 3.8 ਗ੍ਰਾਮ ਹੁੰਦੀ ਹੈ। ਸਰੀਰ ਵਿੱਚ ਲੋਹੇ ਦਾ 75 ਪ੍ਰਤੀਸ਼ਤ ਹਿੱਸਾ ਖ਼ੂਨ ਵਿਚਲੇ ਹੀਮੋਗਲੋਬਿਨ ਵਿੱਚ ਹੁੰਦਾ ਹੈ। ਸਰੀਰ ਵਿੱਚ ਮੌਜੂਦ ਲੋਹੇ ਤੋਂ ਡੇਢ ਇੰਚ ਲੰਬੀ ਕਿੱਲ ਬਣਾਈ ਜਾ ਸਕਦੀ ਹੈ। ਉਂਜ ਸਰੀਰ ਵਿੱਚ ਕੈਲਸ਼ੀਅਮ, ਪੋਟਾਸ਼ੀਅਮ, ਸੋਡੀਅਮ ਅਤੇ ਮੈਗਨੀਸ਼ੀਅਮ ਧਾਤਾਂ ਲੋਹੇ ਤੋਂ ਵੱਧ ਮਾਤਰਾ ਵਿੱਚ ਮੌਜੂਦ ਹੁੰਦੀਆਂ ਹਨ ਜਿਵੇਂ– ਕੈਲਸ਼ੀਅਮ 1000 ਗ੍ਰਾਮ, ਪੋਟਾਸ਼ੀਅਮ 140 ਗ੍ਰਾਮ, ਸੋਡੀਅਮ 100 ਗ੍ਰਾਮ, ਮੈਗਨੀਸ਼ੀਅਮ 30 ਗ੍ਰਾਮ (ਇਹ ਔਸਤ ਮਾਤਰਾਵਾਂ ਹਨ)

ਰਣਧੀਰ ਗਿੱਲਪੱਤੀ

# ਧਰੁਵੀ ਰੋਸ਼ਨੀਆਂ ਦਾ ਨਾਚ

ਪਿਆਰੇ ਵਿਦਿਆਰਥੀਓ ! ਕੀ ਤੁਸੀਂ ਜਾਣਦੇ ਹੋ ਕਿ ਪ੍ਰਿਥਵੀ ਦੇ ਧਰੁਵੀ ਖੇਤਰਾਂ ਦੇ ਵਾਯੂਮੰਡਲ ਵਿੱਚ ਹਰ ਰਾਤ ਰੰਗ ਬਿਰੰਗੀਆਂ ਰੋਸ਼ਨੀਆਂ ਦਾ ਦਿਲਕਸ਼ ਨਾਚ ਹੁੰਦਾ ਹੈ। ਪਰ ਰੋਸ਼ਨੀਆਂ ਦਾ ਇਹ ਅਦਭੁਤ ਨਜ਼ਾਰਾ ਧਰੁਵੀ ਖੇਤਰਾਂ ਵਿੱਚ ਵਸਦੇ ਲੋਕ ਹੀ ਵੇਖ ਸਕਦੇ ਹਨ, ਅਸੀਂ ਦੁਰਾਡੇ ਖੇਤਰਾਂ ਵਿੱਚ ਵਸਦੇ ਬਸ਼ਿੰਦੇ ਨਹੀਂ। ਵੈਸੇ ਦੱਖਣੀ ਧਰੁਵ ਖੇਤਰ ਵਿੱਚ ਮਨੁੱਖੀ ਆਬਾਦੀ ਨਾ ਹੋਣ ਕਾਰਨ ਉਥੇ ਇਹ ਨਜ਼ਾਰਾ ਅਣਵੇਖਿਆ ਹੀ ਰਹਿ ਜਾਂਦਾ ਹੈ। ਹਾਂ, ਪ੍ਰਿਥਵੀ ਦੇ ਧਰਾਤਲ ਤੋਂ 4000 ਕਿਲੋਮੀਟਰ ਤੋਂ ਵੱਧ ਉਚਾਈ ਉੱਤੇ, ਪੁਲਾੜ ਵਿੱਚੋਂ, ਦੋਵਾਂ ਧਰੁਵਾਂ ਦੇ ਚੁੰਬਕੀ ਖੇਤਰਾਂ ਦੇ ਐਨ ਵਿਚਕਾਰੋਂ, ਇਨ੍ਹਾਂ ਰੌਸ਼ਨੀਆਂ ਦਾ ਆਭਾ ਮੰਡਲ ਇੱਕੋ ਸਮੇਂ ਸਪਸ਼ਟ ਰੂਪ ਵਿੱਚ ਵੇਖਿਆ ਜਾ ਸਕਦਾ ਹੈ।

**ਆਓ ਇਨ੍ਹਾਂ ਰੋਸ਼ਨੀਆਂ ਦੇ ਬਣਨ ਬਾਰੇ ਕੁਝ ਹੋਰ ਜਾਣੀਏ।**

ਪ੍ਰਿਥਵੀ ਇੱਕ ਵਿਸ਼ਾਲ ਚੁੰਬਕ ਵਾਂਗ ਕੰਮ ਕਰਦੀ ਹੈ। ਇਸ ਚੁੰਬਕ ਦੇ ਸਿਰੇ ਪ੍ਰਿਥਵੀ ਦੇ ਭੁਗੋਲਿਕ ਉੱਤਰੀ ਅਤੇ ਦੱਖਣੀ ਧਰੁਵਾਂ ਦੇ ਕੋਲ ਹਨ। ਕਿਸੇ ਆਮ ਚੁੰਬਕ ਵਾਂਗ ਪ੍ਰਿਥਵੀ ਦੇ ਇਹ ਵਿਸ਼ਾਲ ਚੁੰਬਕ ਦੇ ਦੋਵੇਂ ਸਿਰੇ ਵੀ ਚੁੰਬਕੀ ਪ੍ਰਭਾਵ ਖੇਤਰ ਸਿਰਜਦੇ ਹਨ। ਆਪਣੀ ਧੁਰੀ ਦੁਆਲੇ ਘੁੰਮਦੀ ਹੋਈ ਪ੍ਰਿਥਵੀ ਡਾਇਨਮੋ ਵਾਂਗ ਵਿਹਾਰ ਕਰਦੀ ਹੈ। ਨਤੀਜੇ ਵਜੋਂ ਇਸ ਦੇ ਧਰੁਵੀ ਸਿਰਿਆਂ ਦੇ ਚੁੰਬਕੀ ਖੇਤਰਾਂ ਦੀ ਹਵਾ ਚਾਰਜਿਤ ਹੋ ਜਾਂਦੀ ਹੈ। ਉਧਰ ਸੂਰਜ ਦੀ ਬਾਹਰੀ ਸਤ੍ਹਾ ਕਰੋਨਾ ਵਿੱਚੋਂ ਬਿਜਲਈ ਚਾਰਜਿਤ ਪ੍ਰੋਟੋਨ ਅਤੇ ਇਲੈਕਟਰਾਨ ਯੁਕਤ ਹਨੇਰੀਆਂ ਦਾ ਪ੍ਰਵਾਹ ਲਗਾਤਾਰ ਚਲਦਾ ਰਹਿੰਦਾ ਹੈ। ਇਨ੍ਹਾਂ ਹਨੇਰੀਆਂ ਦੀ ਰਫਤਾਰ 25 ਲੱਖ ਕਿਲੋਮੀਟਰ ਪ੍ਰਤੀ ਘੰਟਾ ਜਾਂ ਇਸ ਤੋਂ ਵੀ ਵੱਧ ਹੋ ਸਕਦੀ ਹੈ। ਜਦੋਂ ਸੂਰਜੀ ਹਨੇਰੀ ਦੇ ਬਿਜਲਈ ਚਾਰਜਿਤ ਕਣ, ਪ੍ਰਿਥਵੀ ਦੇ ਚੁੰਬਕੀ ਵਾਯੂਮੰਡਲ ਨਾਲ ਟਕਰਾਉਂਦੇ ਹਨ ਤਾਂ ਇਹ ਲਾਲ, ਹਰੀ ਅਤੇ ਜਾਮਨੀ ਰੰਗ ਦੀ ਰੋਸ਼ਨੀ ਦੇ ਰੂਪ ਵਿੱਚ ਜਗਮਗਾ ਉਠਦੇ ਹਨ। ਰੋਸ਼ਨੀਆਂ ਦਾ ਇਹ ਨਜ਼ਾਰਾ ਪ੍ਰਿਥਵੀ ਦੇ ਧਰਾਤਲ ਤੋਂ ਸੈਂਕੜੇ ਕਿਲੋਮੀਟਰ ਉਚਾਈ ਤੱਕ ਦਿਖਾਈ ਦਿੰਦਾ ਹੈ। ਪ੍ਰਿਥਵੀ ਦੇ ਧੁਰੇ ਦੁਆਲੇ ਘੁੰਮਣ ਨਾਲ ਇਹ ਰੋਸ਼ਨੀਆਂ ਵਰੋਲੇ ਵਾਂਗ ਨਾਚ ਕਰਦੀਆਂ ਦਿਖਾਈ ਦਿੰਦੀਆਂ ਹਨ। ਸ਼ਾਮ ਸਮੇਂ ਦਿਸਣ ਲੱਗਦੀਆਂ ਰੋਸ਼ਨੀਆਂ, ਜਿਉਂ ਜਿਉਂ ਰਾਤ ਹਨੇਰੀ ਤੇ ਗਹਿਰੀ ਹੁੰਦੀ ਜਾਂਦੀ ਹੈ, ਤਿਉਂ ਤਿਉਂ ਹੋਰ ਚਮਕੀਲੀਆਂ ਹੁੰਦੀਆਂ ਜਾਂਦੀਆਂ ਹਨ।

ਇਨ੍ਹਾਂ ਵਚਿੱਤਰ ਰੋਸ਼ਨੀਆਂ ਦੀ ਮਾਤਰਾ ਅਤੇ ਆਕਾਰ ਸੂਰਜੀ ਹਨੇਰੀ ਰਾਹੀਂ ਆਉਣ ਵਾਲੇ ਬਿਜਲਈ ਚਾਰਜਿਤ ਕਣਾਂ ਦੀ ਮਾਤਰਾ ਅਤੇ ਸੂਰਜ ਦੇ ਸਾਹਮਣੇ ਆਉਣ ਵਾਲੇ ਪ੍ਰਿਥਵੀ ਦੇ ਚੁੰਬਕੀ ਖੇਤਰਾਂ ਉੱਤੇ ਨਿਰਭਰ ਕਰਦਾ ਹੈ। ਵਿਗਿਆਨੀਆਂ ਲਈ ਅਜੇ ਇਹ ਹੋਰ ਖੋਜ ਦਾ ਵਿਸ਼ਾ ਹੈ ਕਿ ਇਹ ਵਰਤਾਰਾ ਕਿਵੇਂ ਅਤੇ ਕਿਉਂ ਵਾਪਰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਧਰੁਵੀ ਰੋਸ਼ਨੀਆਂ ਦਾ ਨਜ਼ਾਰਾ ਕੇਵਲ ਪ੍ਰਿਥਵੀ ਉਪਰ ਹੀ ਨਹੀਂ, ਸਗੋਂ ਇਹ ਬ੍ਰਹਸਪਤੀ ਅਤੇ ਸ਼ਨੀ ਉਪਰ ਵੀ ਦਿਖਾਈ ਦਿੰਦਾ ਹੈ। ਪਰ ਉਪਰੋਕਤ ਦੋਵੇਂ ਗ੍ਰਹਿ ਠੋਸ ਧਰਾਤਲ ਦੀ ਬਜਾਏ ਗੈਸੀ ਰੂਪ ਵਿੱਚ ਹਨ।

ਸਮਝਿਆ ਜਾਂਦਾ ਹੈ ਕਿ ਰੋਸ਼ਨੀਆਂ ਦੇ ਹਰੇ, ਲਾਲ ਅਤੇ ਜਾਮਨੀ ਰੰਗਾਂ ਵਿੱਚ ਪ੍ਰਗਟ ਹੋਣ ਦਾ ਕਾਰਨ ਪ੍ਰਿਥਵੀ ਦੇ ਵਾਤਾਵਰਨ ਵਿੱਚ ਮੌਜੂਦ ਵੱਖ-ਵੱਖ ਗੈਸਾਂ ਹਨ। ਪ੍ਰਿਥਵੀ ਦੇ ਵਾਯੂ ਮੰਡਲ ਵਿੱਚ 78.08 ਫੀਸਦੀ ਨਾਈਟਰੋਜਨ, 20.95 ਫੀਸਦੀ ਆਕਸੀਜਨ ਅਤੇ ਬਾਕੀ ਕਾਰਬਨ ਡਾਇਆਕਸਾਈਡ, ਆਰਗਨ ਆਦਿ ਗੈਸਾਂ ਹਨ। ਜਦ ਸੂਰਜੀ ਹਨੇਰੀਆਂ ਦੇ ਬਿਜਲਈ ਚਾਰਜਿਤ ਕਣ ਪ੍ਰਿਥਵੀ ਦੇ ਵਾਤਾਵਰਨ ਦੀਆਂ ਚੁੰਬਕੀ ਚਾਰਜਿਤ ਗੈਸਾਂ ਦੇ ਕਣਾਂ ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਇਹ ਵੱਖ ਵੱਖ ਰੰਗਾਂ ਵਿੱਚ ਚਮਕ ਉਠਦੇ ਹਨ। ਪ੍ਰਿਥਵੀ ਸਮੇਤ ਜੁਪੀਟਰ ਅਤੇ ਸ਼ਨੀ ਦੇ ਧਰੁਵੀ ਖੇਤਰਾਂ ਵਿੱਚ ਨੱਚ ਰਹੀਆਂ ਰੰਗ ਬਿਰੰਗੀਆਂ ਰੌਸ਼ਨੀਆਂ ਦਾ ਇਹ ਜਲਵਾ ਪੁਲਾੜ ਵਿੱਚੋਂ ਵੱਧ ਸਪਸ਼ਟ ਰੂਪ ਵਿੱਚ ਦਿਖਾਈ ਦਿੰਦਾ ਹੈ।

## ਪ੍ਰਿਥਵੀ ਦੇ ਫੇਫੜੇ

ਦੱਖਣੀ ਅਮਰੀਕਾ ਮਹਾਂਦੀਪ ਦੇ 9 ਦੇਸ਼ਾਂ – ਬਰਾਜ਼ੀਲ, ਬੋਲੀਵੀਆ, ਪੇਰੂ, ਇਕਾਵਾਡੋਰ, ਕੋਲੰਬੀਆ, ਵੈਨਜ਼ੂਏਲਾ, ਗੁਆਨਾ, ਸੂਰੀਨਾਮ ਅਤੇ ਫਰੈਂਚ ਗੁਆਨਾ ਵਿੱਚ ਫੈਲਿਆ ਹੋਇਆ ਐਮੇਜ਼ਨ ਦਾ ਜੰਗਲ ਪ੍ਰਿਥਵੀ ਉਪਰ ਸਭ ਤੋਂ ਵੱਡਾ ਜੰਗਲੀ ਖੇਤਰ ਹੈ। ਐਮੇਜ਼ਨ ਦਰਿਆ ਦੇ ਬੇਸਿਨ ਤੇ ਜਲਖੇਤਰ ਸਮੇਤ ਇਹ 70 ਲੱਖ ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ। ਇਹ ਖੇਤਰ ਭਾਰਤ ਦੇ ਕੁੱਲ ਰਕਬੇ ਤੋਂ ਦੁੱਗਣਾ ਹੈ। ਵੱਡੀ ਮਾਤਰਾ ਵਿੱਚ ਆਕਸੀਜਨ ਪੈਦਾ ਕਰਨ ਵਾਲੇ ਇਸ ਵਿਸ਼ਾਲ ਜੰਗਲ ਨੂੰ ਪ੍ਰਿਥਵੀ ਦੇ ਫੇਫੜੇ ਕਿਹਾ ਜਾਂਦਾ ਹੈ। ਅਤੀ ਸੰਘਣੇ ਜੰਗਲ ਵਿੱਚ ਜੰਗਲੀ ਜੀਵਾਂ ਦੀਆਂ ਅਜਿਹੀਆਂ ਪ੍ਰਜਾਤੀਆਂ ਹੋਣ ਦਾ ਅਨੁਮਾਨ ਹੈ ਜੋ ਅਜੇ ਵੀ ਮਨੁੱਖੀ ਜਾਣਕਾਰੀ ਤੋਂ ਪਰੇ ਹਨ।

23 ਜੁਲਾਈ ਨੂੰ ਜਨਮ ਦਿਹਾੜੇ 'ਤੇ

## ਸਾਥੀਆਂ ਦੇ ਦਿਲਾਂ ਵਿੱਚ ਜਗ੍ਹਾ ਬਣਾ ਲੈਣ ਵਾਲਾ: ਚੰਦਰ ਸ਼ੇਖਰ ਅਜ਼ਾਦ

ਅਜ਼ਾਦ ਦੇ ਸਾਥੀਆਂ ਵਿਚੋਂ ਸ਼ਾਇਦ ਹੀ ਕਿਸੇ ਨੂੰ ਉਨ੍ਹਾਂ ਤੋਂ ਘੱਟ ਸਕੂਲੀ ਸਿੱਖਿਆ ਮਿਲੀ ਹੋਵੇਗੀ। ਸ਼ਾਇਦ ਹੀ ਕੋਈ ਉਨ੍ਹਾਂ ਵੱਧ ਗਰੀਬੀ ਦੀ ਹਾਲਤ ਵਿੱਚ ਵੱਡਾ ਹੋਇਆ ਹੋਵੇਗਾ। ਉਨ੍ਹਾਂ ਉੱਤੇ ਉਨ੍ਹਾਂ ਦੇ ਪਿਤਾ, ਭਰਾ ਜਾਂ ਕਿਸੇ ਹੋਰ ਸਬੰਧੀ ਦੀ ਦੇਸ਼ਭਗਤੀ, ਤਿਆਗ, ਤਪੱਸਿਆ, ਬਹਾਦਰੀ ਜਾਂ ਹੋਰ ਕਿਸੇ ਤਰ੍ਹਾਂ ਦੀ ਵਡਿਆਈ ਦੀ ਛਾਪ ਵੀ ਨਹੀਂ ਲੱਗੀ ਹੋਈ ਸੀ। ਅਮਰ ਸ਼ਹੀਦ ਅਜ਼ਾਦ ਨੂੰ ਆਪਣੇ ਸਾਥੀਆਂ 'ਚ ਆਗੂ ਦਾ ਅਹੁਦਾ ਕਿਤਾਬੀ ਗਿਆਨ 'ਤੇ ਅਧਾਰਿਤ ਥੋਥੇ ਤਰਕ ਬਲ ਉੱਤੇ ਨਹੀਂ ਮਿਲਿਆ, ਸਗੋਂ ਉਨ੍ਹਾਂ ਨੇ ਅਮਲੀ ਸੂਝ ਬੂਝ, ਦ੍ਰਿੜ ਹੌਸਲੇ ਅਤੇ ਸਭ ਤੋਂ ਪਹਿਲਾਂ ਆਪਣੇ ਸਾਥੀਆਂ ਦੇ ਸੁਖ ਆਰਾਮ ਦੀ ਦਿਲੋਂ ਸਨੇਹਪੂਰਨ ਫਿਕਰ ਕਰਦਿਆਂ ਅਤੇ ਅਤੀ ਮੁਸ਼ਕਿਲ ਸਮੇਂ 'ਚ ਹੁਨਰਮੰਦ ਅਗਵਾਈ ਪ੍ਰਦਾਨ ਕਰਕੇ ਹੀ ਹਾਸਲ ਕੀਤਾ ਸੀ। ਆਪਣੇ ਸਾਥੀਆਂ ਅਤੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦੇ ਜੀਵਨ 'ਚ ਸਿਰਫ ਇੱਕ ਸਿਆਸੀ ਹਸਤੀ ਦੇ ਰੂਪ 'ਚ ਹੀ ਨਹੀਂ, ਸਗੋਂ ਇੱਕ ਸ਼ਖ਼ਸੀਅਤ ਵਜੋਂ ਵੀ ਉਨ੍ਹਾਂ ਦੇ ਦਿਲ ਵਿੱਚ ਜਗ੍ਹਾ ਬਣਾ ਲੈਣ ਦਾ ਵਿਸ਼ੇਸ਼ ਗੁਣ ਹੀ ਅਜ਼ਾਦ ਦੀ ਸਫਲਤਾ ਦਾ ਰਾਜ਼ ਸੀ। ਉਨ੍ਹਾਂ ਦੇ ਗੈਰ ਬਣਾਵਟੀ ਸਨੇਹਪੂਰਨ ਵਿਅਕਤੀਗਤ ਵਤੀਰੇ ਨੇ ਉਨ੍ਹਾਂ ਨੂੰ ਸਾਥੀਆਂ ਦਾ ਪਿਆਰਾ ਆਗੂ ਬਣਾ ਦਿੱਤਾ ਸੀ ਅਤੇ ਉਨ੍ਹਾਂ ਦੇ ਦਿਲ ਵਿੱਚ ਆਪਣੇ ਲਈ ਅਜਿਹਾ ਵਿਸ਼ਵਾਸ ਪੈਦਾ ਕਰ ਲਿਆ ਸੀ ਕਿ ਉਹ ਉਨ੍ਹਾਂ ਦੇ ਇਕੋ ਇਸ਼ਾਰੇ ਉੱਤੇ ਜਾਨ ਦੇਣ ਲਈ ਤਿਆਰ ਰਿਹਾ ਕਰਦੇ ਸਨ।

**ਭਗਵਾਨ ਦਾਸ ਮਾਹੌਰ**

31 ਜੁਲਾਈ ਨੂੰ ਸ਼ਹੀਦੀ ਦਿਵਸ 'ਤੇ

## ਗ਼ਦਰ ਲਹਿਰ ਦਾ ਪ੍ਰਵਾਨਾ: ਸ਼ਹੀਦ ਊਧਮ ਸਿੰਘ

ਸੁਨਾਮ ਵਿੱਚ 26 ਦਸੰਬਰ 1899 ਨੂੰ ਕਿਰਤੀ ਪਰਿਵਾਰ ਵਿੱਚ ਜਨਮਿਆਂ ਸ਼ੇਰ ਸਿੰਘ ਨਾਂ ਦਾ ਬਾਲ, ਜਿਹੜਾ ਬਾਅਦ ਵਿੱਚ ਊਧਮ ਸਿੰਘ ਕਹਿਲਾਇਆ। ਸੱਤ ਸਾਲ ਦੀ ਉਮਰ ਵਿੱਚ ਮਾਂ ਬਾਪ ਸਦਾ ਲਈ ਵਿਛੜ ਗਏ। ਫਿਰ ਅੰਮ੍ਰਿਤਸਰ ਦਾ ਅਨਾਥ ਆਸ਼ਰਮ ਉਸ ਦਾ ਘਰ ਬਣਿਆ। 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲਾ ਬਾਗ ਕਾਂਡ ਨੇ ਨੌਜੁਆਨ ਊਧਮ ਸਿੰਘ ਦਾ ਜੀਵਨ ਰਾਹ ਬਦਲਿਆ। ਉਸ ਨੇ ਮਨ ਹੀ ਮਨ ਜਲ੍ਹਿਆਂ ਵਾਲਾ ਬਾਗ ਦੀ ਘਟਨਾ ਦਾ ਬਦਲਾ ਲੈਣ ਦਾ ਪ੍ਰਣ ਲਿਆ। 1924 ਵਿੱਚ ਉਹ ਗ਼ਦਰ ਪਾਰਟੀ ਨਾਲ ਜਾ ਜੁੜਿਆ। ਗਦਰ ਪਾਰਟੀ ਨੇ ਉਸਦੀ ਡਿਊਟੀ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ਼ਦਰੀਆਂ ਦੇ ਗੁਪਤ ਟਿਕਾਣਿਆਂ ਉਤੇ ਪਹੁੰਚਾਉਣ ਅਤੇ ਪਾਰਟੀ ਲਈ ਫੰਡ ਇਕੱਠਾ ਕਰਨ 'ਤੇ ਲਗਾਈ। ਗ਼ਦਰ ਪਾਰਟੀ ਨਾਲ ਜੁੜਨ ਉਪਰੰਤ ਉਹ ਪੜ੍ਹਨ ਤੇ ਅਧਿਐਨ ਕਰਨ ਦੇ ਰਾਹ ਪਿਆ, ਜਿਸ ਨੇ ਉਸ ਦੀ ਇਰਾਦੇ ਪ੍ਰਤੀ ਦ੍ਰਿੜਤਾ ਨੂੰ ਹੋਰ ਪੱਕਿਆਂ ਕੀਤਾ। ਨੌਜਵਾਨ ਭਾਰਤ ਸਭਾ ਦੀ ਕਾਨਫਰੰਸ ਵਿੱਚ ਬੋਲਦਿਆਂ ਉਨ੍ਹਾਂ ਆਖਿਆ, "ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ, ਮਨੁੱਖਤਾ ਦਾ ਧਰਮ ਹੈ। ਅਸੀਂ ਇਨਕਲਾਬ ਦੇ ਦਰ ਤੇ ਆਪਣੀਆਂ ਜਵਾਨੀਆਂ ਦੀਆਂ ਬਹਾਰਾਂ ਵਾਰਨ ਲਈ ਤੱਤਪਰ ਹੋ ਗਏ ਹਾਂ। ਇਸ ਮਹਾਨ ਆਦਰਸ਼ ਦੀ ਭੇਟ ਆਪਣੀ ਜਵਾਨੀ ਤੋਂ ਘੱਟ ਹੋਰ ਹੋ ਵੀ ਕੀ ਸਕਦਾ ਹੈ।

ਸਾਮਰਾਜੀ ਨਿਜ਼ਾਮ ਕਾਰਣ ਲੱਖਾਂ ਕਿਰਤੀ ਕੁੱਲੀ, ਜੁੱਲੀ, ਵਿੱਦਿਆ ਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਦੇ ਮੁਹਤਾਜ ਹਨ। ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ, ਕਿਰਤੀਆਂ ਕਿਸਾਨਾਂ ਦੀ ਬੇਵਸੀ ਤੇ ਲਾਚਾਰੀ ਨੂੰ ਵੇਖ ਜਿਸ ਦਾ ਖੂਨ ਉਬਲ ਨਹੀਂ ਪੈਂਦਾ। ਕਹਿਰ ਹੈ ਯਾਰੋ! ਜਿਹੜਾ ਆਪਣੀ ਜ਼ਿੰਦਗੀ ਤੇ ਖੂਨ ਨਾਲ ਸਰਮਾਏਦਾਰੀ ਦੇ ਮਹੱਲ ਉਸਾਰਦਾ ਹੈ। ਉਹ ਆਪ ਢਿੱਡੋਂ ਖ਼ਾਲੀ ਤੇ ਕੇਵਲ ਆਕਾਸ਼ ਦੀ ਛੱਤ ਹੇਠ ਸੌਵੇਂ। ਅਜਿਹੇ ਨਿਜ਼ਾਮ ਨੂੰ ਸਾੜ ਕੇ ਸੁਆਹ ਕਿਉਂ ਨਹੀਂ ਕਰ ਦਿੱਤਾ ਜਾਂਦਾ?"

ਮਾਈਕਲ ਓਡਵਾਇਰ ਤੱਕ ਪਹੁੰਚਣ ਲਈ ਉਸ ਨੇ ਕਈ ਦੇਸ਼ਾਂ ਦੀ ਯਾਤਰਾ ਕੀਤੀ। ਜਰਮਨੀ ਹੁੰਦਾ ਹੋਇਆ ਉਹ 1934 ਵਿੱਚ ਲੰਡਨ ਪੁੱਜਾ। ਆਖ਼ਰ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਉਹ ਓਡਵਾਇਰ ਕੋਲ ਜਾ ਪਹੁੰਚਿਆ। ਮੀਟਿੰਗ ਹਾਲ ਵਿੱਚ ਜਦ ਓਡਵਾਇਰ ਬੋਲਣ ਲਈ ਮੰਚ ਤੇ ਆਇਆ ਤਾਂ ਊਧਮ ਸਿੰਘ ਨੇ ਗੋਲੀਆਂ ਦੀ ਵਾਛੜ ਨਾਲ ਉਸ ਨੂੰ ਮੌਤ ਦੇ ਦਰ ਤੇ ਪਹੁੰਚਾ ਦਿੱਤਾ। 31 ਜੁਲਾਈ 1940 ਨੂੰ ਆਜ਼ਾਦੀ ਦੇ ਇਸ ਨਾਇਕ ਨੂੰ ਲੰਡਨ ਵਿਖੇ ਫਾਂਸੀ ਦੇ ਦਿੱਤੀ ਗਈ।

**ਰਾਮ ਸਵਰਨ ਲੱਖੇਵਾਲੀ**

# ਕੌਫੀ ਦੇ ਇੱਕ ਕੱਪ ਤੋਂ ਦੁਨੀਆਂ ਬਦਲਣ ਤੱਕ : ਵੈਬਕੈਮ ਦੀ ਅਨੋਖੀ ਕਹਾਣੀ

ਕਈ ਵਾਰ ਵਿਗਿਆਨ ਦੀਆਂ ਬਹੁਤ ਵੱਡੀਆਂ ਖੋਜਾਂ ਕਿਸੇ ਵੱਡੇ ਸੁਪਨੇ ਜਾਂ ਮਹਿੰਗੇ ਪ੍ਰਯੋਗ ਤੋਂ ਨਹੀਂ, ਸਗੋਂ ਰੋਜ਼ਾਨਾ ਜੀਵਨ ਦੀ ਇੱਕ ਛੋਟੀ ਜਿਹੀ ਪਰੇਸ਼ਾਨੀ ਨੂੰ ਹੱਲ ਕਰਨ ਦੀ ਕੋਸ਼ਿਸ਼ਾਂ ਵਿਚੋਂ ਹੀ ਜਨਮ ਲੈ ਲੈਂਦੀਆਂ ਹਨ। ਵੈਬਕੈਮ ਦੀ ਕਹਾਣੀ ਵੀ ਕੁਝ ਅਜਿਹੀ ਹੀ ਹੈ।

ਸਾਲ 1991 ਦੀ ਗੱਲ ਹੈ। ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਦੇ ਕੰਪਿਊਟਰ ਵਿਗਿਆਨੀ ਡਾ. ਕਵੈਂਟਿਨ ਸਟਾਫੋਰਡ-ਫਰੇਜ਼ਰ ਅਤੇ ਉਨ੍ਹਾਂ ਦੇ ਸਾਥੀ ਪਾਲ ਜਰਦੇਤਜਕੀ ਆਪਣੇ ਕੰਮ ਵਿੱਚ ਇੰਨੇ ਮਗਨ ਰਹਿੰਦੇ ਸਨ ਕਿ ਦਿਨ ਵਿੱਚ ਕਈ ਵਾਰ ਉਨ੍ਹਾਂ ਨੂੰ ਇੱਕੋ ਜਿਹੀ ਨਿਰਾਸ਼ਾ ਦਾ ਸਾਹਮਣਾ ਕਰਨਾ ਪੈਂਦਾ ਸੀ। ਜਦੋਂ ਵੀ ਉਹ ਕੌਫੀ ਪੀਣ ਲਈ ਦਫ਼ਤਰ ਦੇ ਦੂਜੇ ਕੋਨੇ ਵਿੱਚ ਰੱਖੇ ਕੌਫੀ ਪੌਟ ਤੱਕ ਪਹੁੰਚਦੇ, ਅਕਸਰ ਉਹ ਖਾਲੀ ਮਿਲਦਾ।

ਇੱਕ ਦਿਨ ਉਨ੍ਹਾਂ ਨੇ ਸੋਚਿਆ ਕਿ ਕੀ ਕੋਈ ਅਜਿਹਾ ਤਰੀਕਾ ਨਹੀਂ ਹੋ ਸਕਦਾ ਕਿ ਅਸੀਂ ਆਪਣੀ ਸੀਟ ਤੋਂ ਹੀ ਦੇਖ ਲਈਏ ਕਿ ਕੌਫੀ ਬਚੀ ਹੈ ਜਾਂ ਨਹੀਂ?

ਇਹੀ ਸਵਾਲ ਇੱਕ ਅਜਿਹੇ ਵਿਚਾਰ ਦਾ ਕਾਰਨ ਬਣਿਆ ਜਿਸ ਨੇ ਆਉਣ ਵਾਲੇ ਸਮੇਂ ਵਿੱਚ ਦੁਨੀਆਂ ਨੂੰ ਬਦਲ ਦਿੱਤਾ। ਉਨ੍ਹਾਂ ਨੇ ਕੌਫੀ ਪੌਟ ਦੇ ਸਾਹਮਣੇ ਇੱਕ ਕੈਮਰਾ ਲਗਾ ਦਿੱਤਾ ਅਤੇ ਉਸ ਨੂੰ ਕੰਪਿਊਟਰ ਨੈੱਟਵਰਕ ਨਾਲ ਜੋੜ ਦਿੱਤਾ। ਹੁਣ ਉਹ ਬਿਨਾਂ ਉੱਠੇ ਆਪਣੇ ਸਕ੍ਰੀਨ ਤੇ ਦੇਖ ਸਕਦੇ ਸਨ ਕਿ ਕੌਫੀ ਮੌਜੂਦ ਹੈ ਜਾਂ ਨਹੀਂ।

ਉਸ ਵੇਲੇ ਸ਼ਾਇਦ ਕਿਸੇ ਨੇ ਵੀ ਨਹੀਂ ਸੋਚਿਆ ਹੋਣਾ ਕਿ ਕੌਫੀ ਦੇ ਇੱਕ ਭਾਂਡੇ ਨੂੰ ਦੇਖਣ ਲਈ ਬਣਾਇਆ ਗਿਆ ਇਹ ਛੋਟਾ ਜਿਹਾ ਪ੍ਰਯੋਗ ਇੱਕ ਦਿਨ ਦੁਨੀਆਂ ਦਾ ਪਹਿਲਾ ਵੈਬਕੈਮ ਬਣ ਜਾਵੇਗਾ। ਇਸ ਦਾ ਮਕਸਦ ਸਿਰਫ਼ ਕੌਫੀ ਪੌਟ ਦੀ ਨਿਗਰਾਨੀ ਕਰਨਾ ਸੀ ਅਤੇ ਇਹ ਕੈਮਰਾ ਲਗਭਗ 10 ਸਾਲਾਂ ਤੱਕ ਕੰਮ ਕਰਦਾ ਰਿਹਾ।

ਸਮਾਂ ਬੀਤਦਾ ਗਿਆ ਅਤੇ ਤਕਨਾਲੋਜੀ ਵਿਕਸਿਤ ਹੁੰਦੀ ਗਈ। ਅੱਜ ਇਹੀ ਵੈਬਕੈਮ ਵਿਦਿਆਰਥੀਆਂ ਨੂੰ ਆਨਲਾਈਨ ਕਲਾਸਾਂ ਨਾਲ ਜੋੜਦਾ ਹੈ, ਪਰਿਵਾਰਾਂ ਨੂੰ ਹਜ਼ਾਰਾਂ ਕਿਲੋਮੀਟਰ ਦੂਰ ਹੋ ਕੇ ਵੀ ਨੇੜੇ ਰੱਖਦਾ ਹੈ, ਡਾਕਟਰਾਂ ਨੂੰ ਮਰੀਜ਼ਾਂ ਨਾਲ ਗੱਲ ਕਰਨ ਵਿੱਚ ਮਦਦ ਕਰਦਾ ਹੈ ਅਤੇ ਦੁਨੀਆਂ ਭਰ ਦੇ ਲੋਕਾਂ ਨੂੰ ਇੱਕ ਸਕ੍ਰੀਨ ਤੇ ਮਿਲਾ ਦਿੰਦਾ ਹੈ।

ਇਹ ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਨਵੀਨਤਾ ਹਮੇਸ਼ਾ ਵੱਡੀਆਂ ਪ੍ਰਯੋਗਸ਼ਾਲਾਵਾਂ ਵਿੱਚ ਨਹੀਂ ਜਨਮ ਲੈਂਦੀ। ਕਈ ਵਾਰ ਇਹ ਇੱਕ ਸਧਾਰਣ ਸਵਾਲ ਨਾਲ ਸ਼ੁਰੂ ਹੁੰਦੀ ਹੈ।

ਇੱਕ ਖਾਲੀ ਕੌਫੀ ਪੌਟ ਨੇ ਵਿਗਿਆਨੀਆਂ ਨੂੰ ਸੋਚਣ ਲਈ ਮਜਬੂਰ ਕੀਤਾ ਅਤੇ ਉਨ੍ਹਾਂ ਦੀ ਸੋਚ ਨੇ ਦੁਨੀਆਂ ਨੂੰ ਇੱਕ ਨਵੀਂ ਤਕਨਾਲੋਜੀ ਦੇ ਦਿੱਤੀ। ਇਹੀ ਤਾਂ ਵਿਗਿਆਨ ਦੀ ਅਸਲ ਵਿਧੀ ਹੈ : ਸਮੱਸਿਆ ਨੂੰ ਦੇਖਣਾ, ਉਸ ਬਾਰੇ ਸੋਚਣਾ ਅਤੇ ਉਸ ਦਾ ਹੱਲ ਲੱਭਣਾ।

**ਗੁਰਪ੍ਰੀਤ ਸਿੰਘ**
**ਕੰਪਿਊਟਰ ਅਧਿਆਪਕ**
**ਸ.ਸ.ਸ.ਸਕੂਲ ਭਲਾਈਆਣਾ**

**ਕੌਫੀ ਬਾਰੇ ਕੁਝ ਹੋਰ ਜਾਣਕਾਰੀ**

ਇਸ ਲਿਖਤ ਵਿੱਚ ਦਰਜ ਹੈ ਕਿ ਦੋ ਵਿਗਿਆਨੀਆਂ ਦੀ ਕੌਫੀ ਪੀਣ ਦੀ ਇੱਛਾ ਨੇ ਵੈੱਬਕੈਮ (Webcam) ਦੀ ਖੋਜ ਕਰਵਾ ਦਿੱਤੀ। ਸੋ ਵੇਖੀਏ ਕਿ ਕੌਫੀ ਵਿੱਚ ਅਜਿਹਾ ਕੀ ਹੁੰਦਾ ਹੈ ਕਿ ਉਨ੍ਹਾਂ ਨੂੰ ਕੌਫੀ ਪੀਣ ਦੀ ਤਲਬ ਮਹਿਸੂਸ ਹੁੰਦੀ ਸੀ।

ਕੌਫੀ ਵਿੱਚ ਚੁਸਤੀ ਲਿਆਉਣ ਵਾਲਾ ਪਦਾਰਥ ਕੈਫ਼ੀਨ (Caffeine) ਹੁੰਦਾ ਹੈ। ਕੌਫੀ ਦੇ ਇੱਕ ਕੱਪ ਵਿੱਚ 80-100 ਮਿਲੀਗ੍ਰਾਮ ਤੱਕ ਕੈਫ਼ੀਨ ਹੁੰਦੀ ਹੈ ਜੋ ਚਾਹ ਦੇ ਕੱਪ ਵਿਚਲੀ ਕੈਫ਼ੀਨ ਨਾਲੋਂ ਦੁਗਣੀ ਹੁੰਦੀ ਹੈ।

ਕੈਫ਼ੀਨ ਦਿਮਾਗ ਨੂੰ ਚੁਸਤ ਬਣਾਉਂਦੀ ਹੈ, ਥਕਾਵਟ ਘਟਾਉਂਦੀ ਹੈ ਅਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦੀ ਹੈ। ਸਰੀਰ ਦੀ ਢਾਹ-ਉਸਾਰ ਕ੍ਰਿਆ (Metabolism) ਨੂੰ ਥੋੜ੍ਹਾ ਤੇਜ ਕਰਦੀ ਹੈ। ਇਹ ਐਂਟੀਆਕਸੀਡੈਂਟ ਨਾਲ ਭਰਪੂਰ ਹੁੰਦੀ ਹੈ।

ਦੂਜੇ ਪਾਸੇ ਜਿਆਦਾ ਮਾਤਰਾ ਵਿੱਚ ਪੀਣ ਨਾਲ ਦਿਲ ਦੀ ਧੜਕਣ ਤੇਜ ਹੋ ਸਕਦੀ ਹੈ, ਨੀਂਦ ਤੇ ਅਸਰ ਪੈਂਦਾ ਹੈ, ਬੈਚੇਨੀ ਵਧ ਸਕਦੀ ਹੈ, ਮਿਹਦੇ ਵਿੱਚ ਤੇਜਾਬੀਪਨ (Acidity) ਪੈਦਾ ਹੋ ਸਕਦਾ ਹੈ।

ਦੋਵੇਂ ਪੱਖ ਦੇਖਦੇ ਹੋਏ ਮਾਹਿਰਾਂ ਦੀ ਸਲਾਹ ਹੈ ਕਿ ਦਿਨ ਵਿੱਚ 4 ਕੱਪਾਂ ਤੋਂ ਵੱਧ ਬਿਲਕੁਲ ਨਾ ਪੀਤੀ ਜਾਵੇ; 1-2 ਕੱਪ ਪੀਣੇ ਠੀਕ ਹਨ। ਨੀਂਦ ਉਪਰ ਅਸਰ ਕਾਰਣ ਦੇਰ ਸ਼ਾਮ ਜਾਂ ਰਾਤ ਨੂੰ ਨਾ ਪੀਤੀ ਜਾਵੇ।

# ਜਲ-ਧਾਰਾ

ਕਈ ਦਹਾਕੇ ਪਹਿਲਾਂ ਦੀ ਗੱਲ ਹੈ ਪਿੰਡ ਵਿੱਚ ਅਚਾਨਕ ਇਕ ਭਾਰੀ ਭਰਕਮ ਸਰੀਰ ਵਾਲੇ ਸਾਧ ਰੁਪੀ ਭਗਵੇਂ ਭੇਖ ਵਾਲੇ ਬਾਬੇ ਆਣ ਪ੍ਰਗਟ ਹੋਏ। ਨਾਲ ਉਹਨਾਂ ਦੇ ਦੋ ਚੇਲੇ ਬਾਲਕੇ। ਪਿੰਡ ਦੀ ਸਾਂਝੀ ਥਾਂ ਉਤੇ ਧੂਣਾ ਲਾਇਆ। ਪਿੰਡ ਦੇ ਹੀ ਕਈ ਘਰੋਂ ਕੰਮਾਂ ਕਾਰਾਂ ਤੋਂ ਵਿਹਲੇ ਬੰਦੇ ਬਾਬੇ ਨੂੰ ਨਮਸਕਾਰ ਕਰਨ ਗਏ ਉਸਦੇ ਸ਼ਰਧਾਲੂ ਬਣ ਗਏ ਸਨ। ਹੌਲੀ ਹੌਲੀ ਬਾਬੇ ਦੀ ਸਿੱਖੀ-ਸੇਵਕੀ ਵਾਹਵਾ ਹੋ ਗਈ। ਦੁੱਧ ਅਤੇ ਲੰਗਰ ਪ੍ਰਸ਼ਾਦੇ ਬਾਬਿਆਂ ਲਈ ਲੋੜੋਂ ਵੱਧ ਬੀਬੀਆਂ ਘਰੋਂ ਬਣਾ ਕੇ ਲੈ ਜਾਣ ਲੱਗ ਪਈਆਂ ਸਨ। ਜਿਵੇਂ ਕਹਾਵਤ ਹੈ ਕਿ ਬੀਬੀਆਂ ਦਾ ਗੁਰੂ/ਬਾਬਾ ਭੁੱਖਾ ਨਹੀ ਮਰਦਾ। ਇਸੇ ਤਰ੍ਹਾਂ ਬਾਬੇ ਦੇ ਧੂਣਿਆਂ ਲਈ ਪਾਥੀਆਂ ਅਤੇ ਲੱਕੜਾਂ ਵੀ ਵਾਧੂ ਪਹੁੰਚਦੀਆਂ।

ਇਕ ਦਿਨ ਬਾਬੇ ਨੇ ਸੰਗਤ ਨੂੰ ਦੱਸਿਆ ਕਿ ਸੋਮਵਾਰ ਮੱਸਿਆ ਹੈ ਤੇ ਉਸ ਦਿਨ ਤੋਂ ਏਥੇ ਜਲ-ਧਾਰਾ ਸ਼ੁਰੂ ਕੀਤੀ ਜਾਵੇਗੀ। ਸੇਵਕਾਂ, ਭਗਤਾਂ ਨੇ ਜਲ-ਧਾਰਾ ਦੀ ਤਿਆਰੀ ਸ਼ੁਰੂ ਕਰ ਦਿੱਤੀ। ਲੱਕੜ ਦੀ ਰੰਗ ਕਰਨ ਵਾਲੀ ਘੋੜੀ ਵਰਗਾ ਉੱਚਾ ਜਿਹਾ ਚੌੜੀਆਂ ਚਾਰ ਟੰਗਾਂ ਵਾਲਾ ਸਟੈਂਡ ਬਣਾਕੇ, ਉਪਰ ਪਟੜੇ ਵਰਗੀ ਚੌਰਸ ਫੱਟੀ ਲਾਈ ਗਈ। ਫੱਟੀ ਦੇ ਵਿਚਕਾਰ ਤੌੜਾ (ਘੜਾ) ਰੱਖਣ ਦੀ ਸੀਟ ਅਤੇ ਸੀਟ ਦੇ ਵਿਚਕਾਰ ਦੋ ਕੁ ਇੰਚ ਬੋਰ ਦਾ ਸੁਰਾਖ ਰੱਖਿਆ ਗਿਆ।

ਮਾਘ ਮਹੀਨੇ ਦੀ ਅਤਿ ਦੀ ਠੰਢ ਦੇ ਦਿਨ ਸਨ ਜਦੋਂ ਮਿਥੇ ਦਿਨ ਤੇ ਸਾਧ ਬਾਬੇ ਨੇ ਆਪਣੇ ਧੂਣੀਆਂ ਦੇ ਨੇੜੇ ਹੀ ਇਸ ਸਟੈਂਡ ਦੇ ਉਪਰ ਲੱਕੜ ਦੀ ਫੱਟੀ ਦੇ ਸੁਰਾਖ ਤੋਂ ਕੁੱਝ ਘੱਟ ਸੁਰਾਖ ਵਾਲਾ ਖੁਲ੍ਹੇ ਮੂੰਹ ਵਾਲਾ ਘੜਾ ਰਖਵਾਇਆ।

ਬਾਬਾ ਜੀ ਦੀ ਹਦਾਇਤ ਅਨੁਸਾਰ ਇਸ ਸਟੈਂਡ ਦੇ ਚਾਰੇ ਪਾਸੇ, ਉਪਰੋਂ ਬੰਨ੍ਹ ਕੇ ਦਰੀਆਂ ਦੇ ਲੰਬੇ ਪਰਦੇ ਲਟਕਾਏ ਗਏ ਤਾਂ ਜੋ ਉਪਰੋਂ ਪੈਂਦੀ ਪਾਣੀ ਦੀ ਧਾਰ (ਜਲ-ਧਾਰਾ) ਸਟੈਂਡ ਦੇ ਹੇਠ ਪਰਦਿਆਂ ਦੇ ਅੰਦਰ ਬੈਠੇ ਬਾਬੇ ਦੇ ਸਿਰ ਉਪਰ ਲਗਾਤਾਰ ਪੈਂਦੀ ਰਹੇ ਪਰ ਬਾਹਰੋਂ ਅੰਦਰ ਬੈਠੇ ਬਾਬਾ ਜੀ ਨਜ਼ਰ ਨਾ ਆਉਣ।

ਇਸ ਤਰ੍ਹਾਂ ਮੱਸਿਆ ਵਾਲੇ ਦਿਨ ਤੋਂ ਜਲ-ਧਾਰਾ ਸਮਾਗਮ ਸ਼ੁਰੂ ਹੋ ਗਿਆ। ਸ਼ਰਧਾਲੂ ਭਗਤ ਰਾਤ ਨੂੰ ਹੀ ਜਾਂ ਵੱਡੇ ਸਵੇਰੇ ਸਵਖਤੇ ਉੱਠ ਕੇ ਪਾਣੀ ਦੇ ਘੜੇ ਭਰ ਕੇ ਸੁਕ੍ਹਾ ਦੀ ਜਲ-ਧਾਰਾ ਵਾਸਤੇ ਤਿਆਰੀ ਕਰਕੇ ਰਖਦੇ।

ਪਹਿਲੇ ਦਿਨ ਦੋ, ਅਗਲੇ ਦਿਨ ਚਾਰ, ਤੀਜੇ ਦਿਨ ਅੱਠ, ਚੌਥੇ ਦਿਨ ਸੋਲਾਂ; ਇਸ ਤਰ੍ਹਾਂ ਹਰ ਰੋਜ ਪਾਣੀ ਦੇ ਭਰੇ ਤੌੜਿਆਂ ਨੂੰ ਸਟੈਂਡ ਦੇ ਬਰਾਬਰ ਇਕ ਪਾਸੇ ਉੱਚੇ ਬੈਂਚ ਲਾਕੇ ਤਿੰਨ ਸ਼ਰਧਾਲੂ, ਹੇਠੋਂ ਦੂਸਰੇ ਲੋਕਾਂ ਤੋਂ ਵਾਰੀ ਨਾਲ ਪਾਣੀ ਭਰੇ ਤੌੜੇ/ਘੜੇ ਫੜ ਫੜ ਕੇ ਉਪਰ ਰੱਖੇ ਹੇਠਾਂ ਸੁਰਾਖ ਵਾਲੇ ਤੌੜੇ ਰਾਹੀਂ ਸਟੈਂਡ ਹੇਠਾਂ ਪਰਦਿਆਂ ਅੰਦਰ ਬੈਠੇ ਸਾਧ ਉਰਫ ਸੰਤ ਬਾਬਾ ਜੀ ਦੇ ਸਿਰ ਵਿੱਚ ਲਗਾਤਾਰ ਪਾਈ ਜਾਂਦੇ।

ਜਦੋਂ ਜਲ ਭਰੇ ਘੜੇ ਮੁੱਕ ਜਾਂਦੇ ਤਾਂ ਸ਼ਰਧਾਲੂ ਸੰਗਤ, ਪਰਦੇ ਪਾਸੇ ਕਰਕੇ, ਸਾਧ ਬਾਬੇ ਨੂੰ ਪਾਣੀ ਨਾਲ ਭਿੱਜੇ-ਨੁਚੜਦੇ, ਠੰਢ ਵਿੱਚ ਠੁਰ-ਠੁਰ ਕਰਦੇ ਬਾਬੇ ਨੂੰ ਚੁਕਦੇ ਅਤੇ ਨੇੜੇ ਹੀ ਬਲ ਰਹੇ ਧੂਣਿਆਂ ਦੀ ਗਰਮ ਗਰਮ ਸੁਆਹ ਵਿੱਚ ਬਾਬਾ ਜੀ ਨੂੰ ਲਿਟਾ ਕੇ ਉਪਰ ਹੋਰ ਧੂਣੇ ਦੀ ਗਰਮ ਰਾਖ (ਸੁਆਹ) ਪਾ ਕੇ ਬਾਬੇ ਨੂੰ ਕੁਝ ਦੇਰ ਦਬਾ ਕੇ ਰਖਦੇ। ਇਸ ਤਰ੍ਹਾਂ ਸੁਆਹ ਵਿੱਚ ਲਿਬੜਿਆ ਬਾਬਾ ਬੱਚਿਆਂ ਨੂੰ ਕੋਈ ਡਰਾਉਣਾ ਭੂਤ ਜਾਪਦਾ।

ਪਿੰਡ ਦੇ ਸ਼ਰਧਾਲੂ ਆਦਮੀ ਔਰਤਾਂ ਕਤਾਰ ਬੰਨਕੇ ਇਸ ਸੁਆਹ ਵਿੱਚ ਲਿਬੜੇ ਨੰਗ ਧੜੰਗ ਬਾਬੇ ਦੇ ਪੈਰੀਂ ਹੱਥ ਲਾਕੇ 'ਪੁੰਨ ਅਤੇ ਆਸ਼ੀਰਵਾਦ' ਖਟਦੇ। ਬਾਬਾ ਹੱਥ ਉੱਚਾ ਕਰਕੇ ਸਾਰਿਆਂ ਉਤੇ ਆਸ਼ੀਰਵਾਦ ਦੀ ਰਹਿਮਤ ਵਰਸਾਉਂਦਾ ਲਗਦਾ। ਫੇਰ ਧੂਣਿਆਂ ਵਾਲੇ ਖੁਲ੍ਹੇ ਅਹਾਤੇ ਵਿੱਚ ਲੋਕ ਸ਼ਰਧਾ ਨਾਲ ਦੁੱਧ ਅਤੇ ਲੰਗਰ ਪ੍ਰਸ਼ਾਦੇ ਲੈਕੇ ਆਉਂਦੇ। ਸਾਰਾ ਦਿਨ ਖੀਰ ਕੜਾਹ ਤੇ ਪ੍ਰਸ਼ਾਦਿਆਂ ਦਾ ਲੰਗਰ ਚਲਦਾ ਰਹਿੰਦਾ।

ਜਲ-ਧਾਰਾ ਲਗਾਤਾਰ ਕਈ ਦਿਨਾਂ ਤੋਂ ਚੱਲ ਰਹੀ ਸੀ। ਪਹਿਲੇ ਦਿਨਾਂ ਨਾਲੋਂ ਜਲ-ਧਾਰਾਂ ਲਈ ਉਪਰੋਂ ਧਾਰ ਬੰਨ੍ਹ ਕੇ ਪਾਏ ਜਾਂਦੇ ਠੰਢੇ ਪਾਣੀ ਦੇ ਤੌੜਿਆਂ ਦੀ ਗਿਣਤੀ ਵਧਦੀ ਜਾ ਰਹੀ ਸੀ। ਬਾਬੇ ਨੂੰ ਜਲ-ਧਾਰਾ ਹੇਠ ਘੰਟਿਆਂ ਬੱਧੀ ਨੰਗੇ ਪਿੰਡੇ ਮਾਘ ਮਹੀਨੇ ਦੀ ਠੰਢ ਵਿੱਚ ਬੈਠਣਾ ਪੈਂਦਾ ਤੇ ਲੋਕ ਬਾਬੇ ਦੀ ਇਸ ਜਲ-ਧਾਰਾ ਰੁਪੀ 'ਤਪੱਸਿਆ' ਦੇ ਬਲਿਹਾਰ ਜਾਂਦੇ, ਬਾਬੇ ਦੀ ਇਸ ਕਠਿਨ ਕਮਾਈ ਦੀਆਂ ਗੱਲਾਂ ਕਰਦੇ। ਬਾਬੇ ਪ੍ਰਤੀ ਸ਼ਰਧਾ ਨੇੜੇ-ਤੇੜੇ ਦੇ ਪਿੰਡਾਂ ਵਿੱਚ ਵੀ ਮਹਿਮਾ ਬਣਕੇ ਫੈਲਦੀ ਜਾ ਰਹੀ ਸੀ।

ਇੱਕ ਦਿਨ ਜਲ-ਧਾਰਾ ਹੇਠਾਂ ਬੈਠਣ ਸਮੇਂ ਬਾਬਾ ਜੀ ਨੇ ਉਪਰੋਂ ਜਲ ਦੀ ਧਾਰਾ ਪਾਉਣ ਵਾਲੇ ਸ਼ਰਧਾਲੂਆਂ ਨੂੰ ਆਦੇਸ਼ ਕੀਤਾ ਕਿ ਭਾਈ ਜਦੋਂ ਤਿੰਨ ਤੌੜੇ ਪਾਣੀ ਦੇ ਉਪਰੋਂ ਪੈਣ ਵਾਲੇ ਰਹਿੰਦੇ ਹੋਣ, ਓਦੋਂ ਆਪਾਂ ਨੇ ਸਤਿਨਾਮ ਵਾਹਿਗੁਰੂ ਜੀ ਜਪਣਾ

ਸ਼ੁਰੂ ਕਰ ਦੇਣਾ ਹੈ।

ਸੋ ਸਾਰੇ ਸੇਵਕ ਜਨਾਂ ਨੇ ਬਾਬੇ ਜੀ ਦੇ ਇਸ ਹੁਕਮ ਦੀ ਤਾਮੀਲ ਸ਼ੁਰੂ ਕਰ ਦਿੱਤੀ।

ਲਗਾਤਾਰ ਠੰਢੇ ਪਾਣੀ ਦੇ ਘੜੇ ਭਰਕੇ ਉਪਰੋਂ ਜਲ-ਧਾਰਾ ਹੇਠਾਂ ਪਰਦਿਆਂ ਅੰਦਰ ਬੈਠੇ ਬਾਬਾ ਜੀ ਦੇ ਸਿਰ ਉਪਰ ਵਹਾਉਂਦੇ ਰਹਿੰਦੇ। ਜਦੋਂ ਤਿੰਨ ਤੌੜੇ ਬਾਕੀ ਰਹਿ ਜਾਂਦੇ, ਪਾਣੀ ਦੇ ਤੌੜੇ ਉਪਰੋਂ ਪਾਉਣ ਵਾਲੇ ਸੇਵਕ ਸਤਿਨਾਮ ਵਾਹਿਗੁਰੂ ਜਪਣਾ ਸ਼ੁਰੂ ਕਰ ਦਿੰਦੇ। ਪਾਣੀ ਦੇ ਤੌੜੇ ਮੁੱਕਣ ਉਪਰੰਤ ਓਹੋ ਕਿਰਿਆ ਲਗਾਤਾਰ ਜਾਰੀ ਰਹਿੰਦੀ ਕਿ ਸ਼ਰਧਾਲੂ ਪਰਦੇ ਪਾਸੇ ਕਰਕੇ ਬਾਬਾ ਜੀ ਨੂੰ ਚੁੱਕ ਕੇ ਧੂਣੇ ਦੀ ਗਰਮ ਸੁਆਹ ਵਿੱਚ ਇਸ਼ਨਾਨ ਕਰਵਾਉਂਦੇ ਤੇ ਪੈਰੀ ਹੱਥ ਲਾ ਲਾ ਕੇ ਆਸ਼ੀਰਵਾਦ ਪ੍ਰਾਪਤ ਕਰਦੇ।

ਕੁੱਝ ਦਿਨਾਂ ਤੋਂ ਪਿੰਡ ਦੇ ਇਕ ਠੁੱਲ੍ਹੇ ਦੇ ਘਰਾਂ ਦੀ ਵਾਰੀ ਸੀ, ਬਾਬਾ ਜੀ ਦੀ ਜਲ-ਧਾਰਾ ਵਿੱਚ ਸੇਵਾ ਕਰਨ ਦੀ। ਇਸ ਠੁੱਲ੍ਹੇ ਦੇ ਲੋਕਾਂ ਨੂੰ "ਨਘੋਚੀਆਂ" ਦੀ ਅੱਲ ਪੈਂਦੀ ਸੀ। ਇਸ ਕਰਕੇ ਦੋ ਤਿੰਨ ਦਿਨਾਂ ਤੋਂ ਇਸ ਠੁੱਲ੍ਹੇ ਦੇ ਮੱਘਰ ਨਿਘੋਚੀ ਅਤੇ ਉਸ ਦਾ ਭਰਾ ਮੁਖਤਿਆਰ ਹੇਠੋਂ ਪਾਣੀ ਦੇ ਘੜੇ ਫੜ ਫੜ ਕੇ ਸਟੈਂਡ ਦੇ ਉਪਰੋਂ ਪਾਣੀ ਦੀ ਜਲ-ਧਾਰਾ ਵਹਾਈ ਜਾ ਰਹੇ ਸਨ ਤੇ ਤਿੰਨ ਤੌੜੇ ਰਹਿੰਦਿਆਂ ਉਹ ਜਾਪ ਕਰਨਾ ਸ਼ੁਰੂ ਕਰ ਦਿੰਦੇ।

ਇਕ ਦਿਨ ਮੱਘਰ ਨਿਘੋਚੀ ਨੂੰ ਉਪਰੋਂ ਸਟੈਂਡ ਦੀ ਫੱਟੀ ਉਪਰ ਰੱਖੇ ਘੜੇ ਦੇ ਸੁਰਾਖ ਵਿਚਦੀ ਨਜਰ ਹੇਠਾਂ ਪੈਣ 'ਤੇ ਕੁੱਝ ਸੰਦੇਹ ਹੋਇਆ। ਉਸ ਦਿਨ ਜਲਧਾਰਾ ਹੋ ਚੁੱਕਣ ਬਾਅਦ ਉਸ ਨੇ ਕੋਈ ਸ਼ੱਕੀ ਗੱਲ ਆਪਣੇ ਭਰਾ ਮੁਖਤਿਆਰ ਨਿਘੋਚੀ ਨਾਲ ਵੀ ਸਾਂਝੀ ਕੀਤੀ ਅਤੇ ਕਲ੍ਹ ਨੂੰ ਪੜਤਾਲ ਕਰਨ ਦਾ ਫੈਸਲਾ ਕਰਕੇ ਅਗਲੇ ਦਿਨ ਸੁਵੱਖਤੇ ਹੀ ਫੇਰ ਉਪਰੋਂ ਜਲ ਵਗਾਉਣ ਦੀ ਡਿਊਟੀ ਸੰਭਾਲ ਲਈ। ਦੋਵੇਂ ਭਰਾ ਹੇਠੋਂ ਪਾਣੀ ਦੇ ਤੌੜੇ ਫੜੀ ਜਾਂਦੇ ਤੇ ਸੁਰਾਖ ਵਾਲੇ ਤੌੜੇ ਵਿੱਚ ਪਾਈ ਜਾਂਦੇ। ਉਨ੍ਹਾਂ ਲਗਾਤਾਰ ਤੌੜੇ ਪਾਣੀ ਦੇ ਪਾਉਂਦਿਆਂ ਜਾਣ ਬੁੱਝ ਕੇ ਤਿੰਨ ਤੌੜੇ ਰਹਿੰਦਿਆਂ ਸਤਿਨਾਮ-ਵਾਹਿਗੁਰੂ ਦਾ ਜਾਪ ਸ਼ੁਰੂ ਨਾ ਕੀਤਾ, ਪਰ ਤੌੜੇ ਮੁੱਕ ਗਏ। ਨਿਘੋਚੀ ਭਰਾਵਾਂ ਨੇ ਬਾਕੀ ਸੇਵਕ ਸ਼ਰਧਾਲੂਆਂ ਨੂੰ ਨਾਲ ਲੈਕੇ ਬਾਬੇ ਦੇ ਦੁਆਲਿਓਂ ਪਰਦੇ ਹਟਾ ਦਿੱਤੇ।

ਸ਼ਰਧਾਲੂ ਲੋਕ ਠੰਢੀ ਜਲਧਾਰਾ ਕਾਰਨ ਸੁੰਨ ਹੋਏ ਬਾਬੇ ਨੂੰ ਧੂਣੇ ਦੀ ਗਰਮ ਸੁਆਹ ਵਿੱਚ ਇਸ਼ਨਾਨ ਕਰਵਾਉਣ ਲਈ ਚੁੱਕਣ ਵਾਸਤੇ ਬਾਬੇ ਦੇ ਦੁਆਲੇ ਹੋਏ, ਪਰ ਹੈਂਅ ਇਹ ਕੀ? ਬਾਬਾ ਇੱਕ ਪਰਦੇ ਦੇ ਨਾਲ ਲੱਗਿਆ ਠੰਢੇ ਪਾਣੀ ਵਿੱਚ ਭਿੱਜਣ ਦੇ ਡਰੋਂ ਬਿਲਕੁਲ ਸੁੱਕਾ ਹੀ ਬੈਠਾ ਹੋਇਆ ਸੀ।

ਮੱਘਰ ਨਿਘੋਚੀ ਨੇ ਗੁੱਸੇ ਵਿਚ ਆਕੇ ਬਾਬੇ ਦਾ ਸਾਰਾ ਪਰਦਾ ਚੁੱਕ ਦਿੱਤਾ; ਯਾਨੀ ਸਾਰਾ ਭਾਂਡਾ ਭੰਨ ਦਿੱਤਾ ਕਿ ਮੈਂ ਇਸਨੂੰ ਕਈ ਦਿਨਾਂ ਤੋਂ ਉਪਰੋਂ ਸੁਰਾਖ ਵਾਲੀ ਮੋਰੀ ਵਿਚੋਂ ਦੀ ਹੇਠਾਂ ਵੇਖ ਰਿਹਾ ਸਾਂ। ਬਾਬਾ ਪਾਣੀ ਦੀ ਜਲ-ਧਾਰਾ ਹੇਠਾਂ ਨਜਰ ਹੀ ਨਹੀਂ ਆਉਂਦਾ ਸੀ। ਇਹ ਧਾਰ ਤੋਂ ਪਾਸੇ ਸੁੱਕਾ ਹੀ ਬੈਠਾ ਰਹਿੰਦਾ ਤੇ ਅਖੀਰਲੇ ਤਿੰਨ ਤੌੜਿਆਂ ਦੀ ਧਾਰਾ ਹੇਠਾਂ ਸਤਿਨਾਮ ਵਾਹਿਗੁਰੂ ਦਾ ਜਾਪ ਸੁਣਕੇ ਹੀ ਆਉਂਦਾ ਸੀ। ਅਸਲ ਵਿੱਚ ਇਹ ਤਿੰਨ ਕੁ ਤੌੜਿਆਂ ਦਾ ਪਾਣੀ ਹੀ ਆਪਣੇ ਸਿਰ 'ਚ ਪੁਆਉਂਦਾ ਸੀ।

"ਇਹ ਪਾਖੰਡੀ ਹੈ, ਇਸ ਨੇ ਸਾਡੀ ਸ਼ਰਧਾ ਨਾਲ ਵਿਸ਼ਵਾਸਘਾਤ ਕੀਤਾ ਹੈ" ਕਹਿਕੇ ਮੱਘਰ ਨੇ ਲੋਕਾਂ ਨੂੰ ਆਖਿਆ ਕਿ "ਫੜ ਲਵੋ ਇਸ ਪਾਖੰਡੀ ਨੂੰ..."

ਸੁਣਦਿਆਂ ਹੀ ਬਾਬਾ ਉਠ ਕੇ ਨੰਗ ਧੜੰਗਾ ਹੀ ਭੱਜ ਨਿਕਲਿਆ। ਲੋਕਾਂ ਦੀ ਭੀੜ ਜੋ ਅਸਲੀਅਤ ਸਮਝ ਚੁੱਕੀ ਸੀ ਨੇ ਘੇਰ ਕੇ ਬਾਬੇ ਨੂੰ ਫੜ ਲਿਆ ਤੇ ਹੁਣ ਉਸ ਸਾਧ ਬਾਬੇ ਉਪਰ ਜਲ-ਧਾਰਾ ਦੀ ਥਾਂ ਛਿੱਤਰ-ਧਾਰਾ ਸ਼ੁਰੂ ਹੋ ਗਈ।

ਰੋਜਾਨਾ ਸੰਗਤ ਬਾਬੇ ਤੋਂ ਆਸ਼ੀਰਵਾਦ ਮੰਗਦੀ ਸੀ ਪਰ ਅੱਜ ਆਸ਼ੀਰਵਾਦ ਦੇਣ ਵਾਲਾ ਬਾਬਾ, ਭਗਤ ਲੋਕਾਂ ਤੋਂ ਇਸ ਠੱਗੀ ਧੋਖਾ ਕਰਨ ਲਈ ਮੁਆਫੀ ਮੰਗ ਰਿਹਾ ਸੀ।

ਬਾਬੇ ਦਾ ਪਰਦਾਫਾਸ਼ ਕਰਨ ਵਾਲਾ ਮੱਘਰ ਸਿੰਘ ਅੱਜ ਹੀਰੋ ਬਣਿਆਂ ਬਾਬੇ ਦੀ ਕਾਰਸਤਾਨੀ ਬਿਆਨ ਕਰ ਰਿਹਾ ਸੀ।

ਮੈਂ ਇਹ ਉਪਰੋਂ ਮੋਰੀ ਵਿਚਦੀ ਕੱਲ੍ਹ ਵੀ ਵੇਖਿਆ ਪਾਣੀ ਦੀ ਧਾਰ ਹੇਠਾਂ ਬੈਠਿਆ ਈ ਨਹੀ ਸੀ। ਪਰਦੇ ਨਾਲ ਲੱਗ ਕੇ ਬੈਠਾ ਰਿਹਾ। ਜਦੋਂ ਅਸੀ ਅਖੀਰਲੇ ਤੀਜਾ ਤੌੜਾ ਪਾਣੀ ਦਾ ਉਤੋਂ ਪਾਇਆ ਇਹ ਓਦੋਂ ਪਾਣੀ ਦੀ ਧਾਰ ਹੇਠਾਂ ਹੋਕੇ ਬੈਠਾ ਦਿਸਿਆ। ਅੱਜ ਅਸੀਂ ਜਾਣਕੇ ਸਾਰੇ ਤੌੜੇ ਪਾਣੀ ਦੇ ਪਾ ਤੇ। ਤਿੰਨੇ ਅਖੀਰਲੇ ਵੀ, ਪਰ ਅੱਜ ਅਸੀਂ ਜਾਣ ਬੁੱਝ ਕੇ ਜਾਪ ਨਹੀ ਸ਼ੁਰੂ ਕੀਤਾ। ਅੰਦਰ ਜਾਕੇ ਵੇਖਿਆ ਤਾਂ ਇਹ ਪਾਖੰਡੀ ਸੁੱਕਾ-ਪੁੱਕਾ ਈ ਧਾਰ ਤੋਂ ਪਾਸੇ ਹੋਇਆ ਬੈਠਾ।" ਲੋਕ ਮੱਘਰ ਨਿਘੋਚੀ ਦੀ ਗੱਲ ਸੁਣਕੇ ਧੂਣਾ ਛੱਡ ਫਰਾਰ ਹੋਏ ਜਲ-ਧਾਰਾ ਵਾਲੇ ਸ਼ੈਤਾਨ ਬਾਬੇ ਦੀ ਕਰਾਮਾਤ ਬਾਰੇ ਸੋਚਣ ਲੱਗੇ ਕਿ ਜੇਕਰ ਮੱਘਰ ਜਲ-ਧਾਰਾ ਦੀ ਪੜਤਾਲ ਨਾ ਕਰਦਾ ਤਾਂ ਪਤਾ ਨਹੀ ਇਹ ਪਾਖੰਡੀ ਸਾਧ ਪਿੰਡ ਨੂੰ ਕਿੰਨਾਂ ਕੁ ਚਿਰ ਮੂਰਖ ਬਣਾਈ ਰਖਦਾ।

ਲੋਕ ਸੋਚ ਰਹੇ ਸਨ ਕਿ ਮੱਘਰ ਕਿਆਂ ਨੂੰ ਨਿਘੋਚੀਆਂ ਵਾਲੀ ਅੱਲ ਐਂਵੇ ਈ ਨ੍ਹੀ ਪੈਂਦੀ, ਇਹ ਨਿਘੋਚੀ ਤਰਕ ਨਾਲ ਸੋਚਣ ਪਰਖਣ ਵਾਲੇ ਵੀ ਹੁੰਦੇ ਹਨ।

**- ਰਾਮ ਸਿੰਘ ਨਿਰਮਾਣ**

* * *

# ਕਿਲਾ ਭਾਨਗੜ੍ਹ ਦੇ ਰਹੱਸਾਂ ਦਾ ਪਰਦਾਫਾਸ਼

ਰਾਜਸਥਾਨ ਦੀ ਅਰਾਵਲੀ ਪਰਬਤ ਲੜੀ ਅੰਦਰ, ਜ਼ਿਲ੍ਹਾ ਅਲਵਰ ਵਿੱਚ ਸਥਿਤ, ਸਦੀਆਂ ਪੁਰਾਣਾ ਕਿਲਾ ਭਾਨਗੜ੍ਹ ਆਮ ਲੋਕਾਂ ਲਈ ਖੌਫਨਾਕ ਮੰਜ਼ਰ ਬਣਿਆ ਹੋਇਆ ਹੈ। ਕਿਸੇ ਸਮੇਂ ਇਸ ਵਿਸ਼ਾਲ ਕਿਲੇ ਦੇ ਅੰਦਰ 9000 ਆਬਾਦੀ ਵਾਲਾ ਸੁੰਦਰ ਸ਼ਹਿਰ ਵਸਿਆ ਹੋਇਆ ਸੀ ਜੋ ਅੱਜ ਬੇਆਬਾਦ ਖੰਡਰ ਬਣਿਆ ਹੋਇਆ ਹੈ। ਆਰਕਿਓਲੋਜੀਕਲ ਸਰਵੇ ਆਫ ਇੰਡੀਆ ਵੱਲੋਂ ਕਿਲੇ ਦੇ ਬਾਹਰ, ਸ਼ਾਮ 6 ਵਜੇ ਤੋਂ ਬਾਅਦ ਕਿਲੇ ਦੇ ਅੰਦਰ ਜਾਣ ਦੀ ਮਨਾਹੀ ਵਾਲਾ ਲਗਾਇਆ ਗਿਆ ਬੋਰਡ, ਇਸ ਨੂੰ ਹੋਰ ਵੀ ਰਹੱਸਮਈ ਬਣਾ ਰਿਹਾ ਹੈ।

ਸਥਾਨਕ ਲੋਕਾਂ ਵਿੱਚ ਚੱਲ ਰਹੀਆਂ ਦੰਦ ਕਥਾਵਾਂ ਅਨੁਸਾਰ ਕਿਲੇ ਦੇ ਅੰਦਰ ਪ੍ਰੇਤ ਆਤਮਾਵਾਂ ਦਾ ਵਾਸਾ ਹੈ। ਰਾਤ ਸਮੇਂ ਇੱਥੇ ਔਰਤਾਂ ਦੇ ਰੋਣ ਕੁਰਲਾਉਣ, ਹੱਸਣ, ਘੁੰਗਰੂਆਂ ਅਤੇ ਪੰਜੇਬਾਂ ਦੀ ਛਣਕਾਰ ਅਤੇ ਚੂੜੀਆਂ ਦੇ ਛਣਕਣ ਤੇ ਟੁੱਟਣ ਦੀਆਂ ਆਵਾਜ਼ਾਂ ਆਉਂਦੀਆਂ ਹਨ। ਕਿਲੇ ਦੇ ਦਸ ਸੁਰੱਖਿਆ ਕਰਮੀ ਵੀ ਰਾਤ ਸਮੇਂ ਕਿਲੇ ਦੇ ਅੰਦਰ ਜਾਣ ਦੀ ਹਿੰਮਤ ਨਹੀਂ ਕਰਦੇ। ਉਕਤ ਲੋਕ ਵਿਸ਼ਵਾਸਾਂ ਅਨੁਸਾਰ ਜੋ ਵੀ ਕੋਈ ਰਾਤ ਸਮੇਂ ਕਿਲੇ ਦੇ ਅੰਦਰ ਗਿਆ, ਉਹ ਜਿਉਂਦਾ ਵਾਪਸ ਨਹੀਂ ਆਇਆ। ਕਿਲੇ ਬਾਰੇ ਉਪਰੋਕਤ ਸਨਸਨੀਖੇਜ ਕਹਾਣੀਆਂ ਦਾ ਅਸਲ ਸੱਚ ਮਸ਼ਹੂਰ ਯੂ-ਟਿਊਬਰ ਧਰੁਵ ਰਾਠੀ ਨੇ ਆਪਣੀ ਖੋਜ ਰਿਪੋਰਟ ਰਾਹੀਂ ਸਾਹਮਣੇ ਲਿਆਂਦਾ ਹੈ।

ਕਿਲੇ ਬਾਰੇ ਦੋ ਪ੍ਰਕਾਰ ਦੀਆਂ ਦੰਦ ਕਥਾਵਾਂ ਪ੍ਰਚਲਿਤ ਹਨ - ਪਹਿਲੀ ਅਮੇਰ ਦੇ ਰਾਜੇ ਭਗਵੰਤ ਦਾਸ ਨੇ ਆਪਣੇ ਛੋਟੇ ਬੇਟੇ ਮਾਧੋ ਸਿੰਘ ਲਈ ਕਿਲੇ ਦੇ ਅੰਦਰ ਨਵਾਂ ਸ਼ਹਿਰ ਵਸਾਉਣ ਦਾ ਫੈਸਲਾ ਕੀਤਾ। ਕਿਲੇ ਦੇ ਅੰਦਰ ਰਹਿੰਦੇ ਫ਼ਕੀਰ ਬਾਬਾ ਬਾਲੂ ਨਾਥ ਨੇ ਇਹ ਸ਼ਰਤ ਰੱਖੀ ਕਿ ਕਿਸੇ ਵੀ ਇਮਾਰਤ ਦਾ ਪਰਛਾਵਾਂ ਉਸ ਦੇ ਨਿਵਾਸ ਅਸਥਾਨ ਉੱਤੇ ਨਹੀਂ ਪੈਣਾ ਚਾਹੀਦਾ। ਇਸ ਨੂੰ ਮੰਨਦੇ ਹੋਏ ਮਾਧੋ ਸਿੰਘ ਲਈ ਤਾਮੀਰ ਕੀਤਾ ਮਹਿਲ ਚਾਰ ਮੰਜ਼ਿਲਾਂ ਤੱਕ ਸੀਮਤ ਰੱਖਿਆ ਗਿਆ, ਪਰ ਮਾਧੋ ਸਿੰਘ ਦੇ ਪੋਤੇ ਅਜਬ ਸਿੰਘ ਨੇ ਮਹਿਲ ਨੂੰ ਸੱਤ ਮੰਜ਼ਿਲਾਂ ਤੱਕ ਵਧਾ ਦਿੱਤਾ। ਫ਼ਕੀਰ ਵੱਲੋਂ ਰੱਖੀ ਸ਼ਰਤ ਟੁੱਟ ਗਈ ਤੇ ਉਸ ਦੇ ਸਰਾਪ ਨਾਲ ਸ਼ਹਿਰ ਤਬਾਹ ਹੋ ਗਿਆ। ਦੂਸਰੀ ਦੰਦ ਕਥਾ ਇਸ ਤੋਂ ਵੀ ਵੱਧ ਖੌਫ਼ਨਾਕ ਹੈ। ਇਸ ਕਹਾਣੀ ਦੇ ਅਨੁਸਾਰ ਭਾਨਗੜ੍ਹ ਦੇ ਰਾਜਾ ਛਤਰ ਸਿੰਘ ਦੀ ਬੇਟੀ ਰਤਨਾਵਤੀ ਬੇਹਦ ਖੂਬਸੂਰਤ ਸੀ। ਕਿਲੇ ਵਿੱਚ ਰਹਿੰਦਾ ਤਾਂਤਰਿਕ ਸਿੰਘੀਆ ਰਾਜਕੁਮਾਰੀ ਨੂੰ ਹਾਸਲ ਕਰਨਾ ਚਾਹੁੰਦਾ ਸੀ। ਇਕ ਦਿਨ ਜਦ ਰਤਨਾਵਤੀ ਨੇ ਬਾਜ਼ਾਰ ਵਿੱਚੋਂ ਪਰਫਿਊਮ ਦੀ ਸ਼ੀਸ਼ੀ ਖਰੀਦੀ ਤਾਂ ਤਾਂਤਰਿਕ ਨੇ ਸ਼ੀਸ਼ੀ ਉੱਪਰ ਕਾਲਾ ਜਾਦੂ ਕਰ ਦਿੱਤਾ ਤਾਂ ਕਿ ਰਾਜਕੁਮਾਰੀ ਜਦ ਪਰਫਿਊਮ ਵਰਤੇ ਤਾਂ ਉਸ ਵੱਲ ਖਿੱਚੀ ਆਵੇ। ਰਾਜਕੁਮਾਰੀ ਉਸਦੀ ਚਾਲ ਸਮਝ ਗਈ ਅਤੇ ਉਸ ਨੇ ਸ਼ੀਸ਼ੀ ਇੱਕ ਪੱਥਰ ਉੱਤੇ ਤੋੜ ਦਿੱਤੀ। ਕਾਲੇ ਜਾਦੂ ਦਾ ਪੱਥਰ ਉੱਪਰ ਅਸਰ ਹੋ ਗਿਆ ਤੇ ਉਹ ਤਾਂਤਰਿਕ ਵੱਲ ਰਿੜ੍ਹਨ ਲੱਗਾ। ਪੱਥਰ ਹੇਠ ਕੁਚਲੇ ਜਾਣ ਕਰਕੇ, ਰਤਨਾਵਤੀ ਅਤੇ ਸਾਰੀ ਆਬਾਦੀ ਸਮੇਤ, ਤਾਂਤਰਿਕ ਦੀ ਮੌਤ ਹੋ ਗਈ ਤੇ ਉਸਦੇ ਸਰਾਪ ਕਾਰਨ ਸ਼ਹਿਰ ਖੰਡਰ ਬਣ ਗਿਆ। ਇਹ ਸਮਾਂ 1573 ਈਸਵੀ ਦਾ ਕਿਹਾ ਜਾਂਦਾ ਹੈ।

ਇੱਕ ਹੋਰ ਅਫਵਾਹ ਅਨੁਸਾਰ ਤਿੰਨ ਦੋਸਤਾਂ ਨੇ ਰਾਤ ਸਮੇਂ ਕਿਲੇ ਦੇ ਅੰਦਰ ਜਾਣ ਦਾ ਹੌਸਲਾ ਦਿਖਾਇਆ। ਆਪਣੇ ਇਕ ਸਾਥੀ ਦੇ ਡੂੰਘੇ ਟੋਏ ਵਿੱਚ ਡਿੱਗ ਕੇ ਜਖਮੀ ਹੋਣ ਉਪਰੰਤ ਜਦ ਉਹ ਉਸ ਨੂੰ ਇਲਾਜ ਵਾਸਤੇ ਕਾਰ ਰਾਹੀਂ ਲਿਜਾ ਰਹੇ ਸਨ ਤਾਂ ਕਾਰ ਦਾ ਐਕਸੀਡੈਂਟ ਹੋ ਗਿਆ ਅਤੇ ਉਹ ਤਿੰਨੇ ਮਾਰੇ ਗਏ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਹਾਦਸਾ ਨਹੀਂ ਸੀ ਬਲਕਿ ਸਾਧੂ ਦਾ ਸਰਾਪ ਸੀ।

ਕਈ ਟੂਰਿਸਟਾਂ ਦਾ ਕਹਿਣਾ ਹੈ ਕਿ ਜਦੋਂ ਉਹ ਦਿਨ ਵੇਲੇ ਕਿਲੇ ਦੇ ਅੰਦਰ ਗਏ ਤਾਂ ਇਉਂ ਮਹਿਸੂਸ ਹੋਇਆ ਜਿਵੇਂ ਕੋਈ ਉਹਨਾਂ ਦਾ ਪਿੱਛਾ ਕਰ ਰਿਹਾ ਹੈ। ਉਹਨਾਂ ਨੇ ਇਹ ਵੀ ਦਾਅਵਾ ਕੀਤਾ ਕਿ ਕਿਲੇ ਦੇ ਅੰਦਰ ਨਾਚ ਘਰ ਕੋਲ ਘੁੰਗਰੂਆਂ ਤੇ ਪਾਇਲਾਂ ਦੇ ਛਣਕਣ ਦੀ ਆਵਾਜ਼ ਸੁਣਾਈ ਦਿੰਦੀ ਹੈ ਅਤੇ ਇਤਰ ਦੀ ਖੁਸ਼ਬੂ ਵੀ ਆਉਂਦੀ ਹੈ। ਬਾਲੀਵੁੱਡ ਦੀ ਸ਼ਾਹਰੁਖ ਖਾਨ ਅਤੇ ਸਲਮਾਨ ਖਾਨ ਦੀ ਅਦਾਕਾਰੀ ਵਾਲੀ ਫਿਲਮ **'ਕਰਨ ਅਰਜਨ'** ਦੀ ਇਥੇ ਹੋਈ ਸ਼ੂਟਿੰਗ ਦੌਰਾਨ ਕਿਹਾ ਜਾਂਦਾ

ਹੈ ਕਿ ਇਕ ਗੀਤ ਉਪਰ ਨਾਚ ਦੌਰਾਨ, ਫਿਲਮ ਦੀ ਹੀਰੋਇਨ ਮਮਤਾ ਕੁਲਕਰਨੀ ਵਾਲ ਖੋਲ੍ਹ ਕੇ ਇਸ ਤਰਾਂ ਨੱਚੀ ਜਿਵੇਂ ਕਿਸੇ ਆਤਮਾ ਨੇ ਉਸ ਨੂੰ ਵੱਸ ਵਿੱਚ ਕਰ ਲਿਆ ਹੋਵੇ। ਸੰਨ 2014ਵਿੱਚ ਕਿਲੇ ਦੇ ਅੰਦਰ ਟਰਿੱਪ ਟੂ ਭਾਨਗੜ੍ਹ ਫਿਲਮ ਬਣਾ ਰਹੇ ਡਾਇਰੈਕਟਰ ਦਾ ਦਾਅਵਾ ਹੈ ਕਿ ਸ਼ੂਟਿੰਗ ਦੌਰਾਨ ਜਦ ਤੇਜ ਬਾਰਿਸ਼ ਹੋਣ ਲੱਗੀ ਤਾਂ ਉਸਨੇ ਰਤਨਾਵਤੀ ਦੇ ਕਮਰੇ ਵਿੱਚ ਜਾ ਕੇ ਪ੍ਰਾਰਥਨਾ ਕੀਤੀ ਤਾਂ ਬਾਰਿਸ਼ ਇੱਕ ਦਮ ਰੁਕ ਗਈ। ਇਸ ਪ੍ਰਕਾਰ ਕਈ ਲੋਕਾਂ ਨੇ ਕਾਰ ਜਾਂ ਸਕੂਟਰ ਬੰਦ ਹੋਣ ਤੇ ਫਿਰ ਬਿਨਾਂ ਕੋਈ ਮੁਰੰਮਤ ਸਟਾਰਟ ਹੋਣ ਦੇ ਦਾਅਵੇ ਵੀ ਕੀਤੇ ਹਨ। ਅਜਿਹੀਆਂ ਹੋਰ ਕਈ ਰਹੱਸਮਈ ਕਹਾਣੀਆਂ ਵੀ ਸੁਣਨ ਨੂੰ ਮਿਲਦੀਆਂ ਹਨ।

ਉਪਰੋਕਤ ਜ਼ਿਕਰ ਅਧੀਨ ਦੰਦ ਕਥਾਵਾਂ ਦੀ ਪਰਖ ਪੜਤਾਲ ਕਰਦੇ ਹੋਏ ਧਰੁਵ ਰਾਠੀ ਇਸ ਨਤੀਜੇ ਤੇ ਪਹੁੰਚੇ ਕਿ ਲੋਕ ਉਹਨਾਂ ਵਰਤਾਰਿਆਂ ਤੋਂ ਡਰਦੇ ਹਨ ਜੋ ਵਾਪਰੇ ਹੀ ਨਹੀਂ। ਦੰਦ ਕਥਾਵਾਂ ਦੇ ਪਾਤਰਾਂ ਬਾਰੇ ਉਹਨਾਂ ਦਾ ਕਹਿਣਾ ਹੈ ਕਿ ਬਾਬਾ ਬਾਲੂ ਨਾਥ, ਰਤਨਾਵਤੀ ਤੇ ਤਾਂਤਰਿਕ ਦੇ ਵਜੂਦ ਦਾ ਕੋਈ ਇਤਿਹਾਸਕ ਸਬੂਤ ਨਹੀਂ ਹੈ। ਤਿੰਨ ਦੋਸਤਾਂ ਦੇ ਕਥਿਤ ਸਰਾਪ ਨਾਲ ਮਾਰੇ ਜਾਣ ਦੀ ਕਹਾਣੀ ਵੀ ਕਲਪਨਾ ਤੋਂ ਵੱਧ ਕੁਝ ਨਹੀਂ ਹੈ। ਕੋਈ ਅਗਿਆਤ ਤੁਹਾਨੂੰ ਦੇਖ ਰਿਹਾ ਹੈ ਜਾਂ ਕੋਈ ਤੁਹਾਡਾ ਪਿੱਛਾ ਕਰ ਰਿਹਾ ਹੈ, ਇਸਨੂੰ ਕੇਵਲ ਮਨ ਦਾ ਭਰਮ ਕਰਾਰ ਦਿੰਦੇ ਹੋਏ ਸ੍ਰੀ ਰਾਠੀ ਨੇ ਇਸ ਦੀ ਵਿਗਿਆਨਕ ਨਜ਼ਰੀਏ ਤੋਂ ਵਿਆਖਿਆ ਕੀਤੀ ਹੈ। ਉਹਨਾਂ ਕਿਹਾ ਕਿ 20 ਹਰਟਜ਼ ਤੋਂ ਘੱਟ ਫਰੀਕੁਐਂਸੀ ਵਾਲੀ ਆਵਾਜ਼ ਨੂੰ ਮਨੁੱਖੀ ਕੰਨ ਸੁਣ ਨਹੀਂ ਸਕਦੇ, ਪਰ ਇਸ ਨਾਲ ਮਨ ਵਿੱਚ ਅਹਿਸਾਸ ਪੈਦਾ ਹੋ ਜਾਂਦਾ ਹੈ ਕਿ ਕੋਈ ਤੁਹਾਡੇ ਆਸ ਪਾਸ ਹੈ ਅਤੇ ਤੁਹਾਨੂੰ ਦੇਖ ਰਿਹਾ ਹੈ। 1980 ਵਿੱਚ ਬਰਤਾਨੀਆ ਦੇ ਵਿਗਿਆਨੀ ਵਿੱਕ ਟੈਂਡੀ ਨੂੰ ਵੀ ਆਪਣੀ ਪ੍ਰਯੋਗਸ਼ਾਲਾ ਵਿੱਚ ਕੰਮ ਕਰਦੇ ਹੋਏ ਅਹਿਸਾਸ ਹੋਇਆ ਕਿ ਕੋਈ ਉਸਨੂੰ ਦੇਖ ਰਿਹਾ ਹੈ। ਪਰ ਜਦ ਉਥੇ ਚਲਦਾ ਪੱਖਾ ਬੰਦ ਕੀਤਾ ਗਿਆ, ਜੋ ਘੱਟ ਫਰੀਕੁਐਂਸੀ ਦੀ ਆਵਾਜ਼ ਪੈਦਾ ਕਰ ਰਿਹਾ ਸੀ, ਤਾਂ ਸਭ ਕੁਝ ਨਾਰਮਲ ਹੋ ਗਿਆ। ਰਾਠੀ ਨੇ ਦੱਸਿਆ ਕਿ ਕਿਲੇ ਦੀਆਂ ਖੰਡਰ ਹੋਈਆਂ ਇਮਾਰਤਾਂ ਅਤੇ ਚਟਾਨਾਂ ਵਿੱਚੋਂ ਗੁਜ਼ਰਦੀ ਹਵਾ ਵੀ ਇਸੇ ਤਰ੍ਹਾਂ ਘੱਟ ਫਰੀਕੁਐਂਸੀ ਦੀ ਆਵਾਜ਼ ਪੈਦਾ ਕਰਦੀ ਹੈ, ਜੋ ਇਸ ਪ੍ਰਕਾਰ ਦਾ ਭਰਮ ਸਿਰਜਣ ਦਾ ਸਾਧਨ ਬਣਦੀ ਹੈ। ਸਾਈਕੋਲੋਜੀ ਅਨੁਸਾਰ ਦਿਮਾਗ ਦੀ ਪੈਰੇਡੋਰੀਆ ਨਾਂ ਦੀ ਵਿਸ਼ੇਸ਼ ਸਥਿਤੀ ਵਿੱਚ ਵੀ ਅਜਿਹੇ ਭਰਮ ਪੈਦਾ ਹੋ ਸਕਦੇ ਹਨ।

ਸੰਨ 2012 ਵਿੱਚ ਇੰਡੀਅਨ ਪੈਰਾਨਾਰਮਲ ਸੋਸਾਇਟੀ ਦੇ ਮੁਖੀ ਗੌਰਵ ਤਿਵਾੜੀ ਨੇ ਆਪਣੀ ਟੀਮ ਸਮੇਤ ਰਾਤ ਭਰ ਕਿਲੇ ਵਿੱਚ ਰਹਿ ਕੇ ਜਾਂਚ ਕੀਤੀ। ਉਹਨਾਂ ਦੱਸਿਆ ਕਿ ਰਾਤ ਸਮੇਂ ਕਿਲੇ ਵਿੱਚ ਹਾਈਨਾ, ਪੈਂਥਰ, ਗਿੱਦੜ, ਲੰਗੂਰ, ਮੋਰ ਤੇ ਹੋਰ ਜੰਗਲੀ ਜੀਵ ਆਵਾਜਾਂ ਕੱਢਦੇ ਹਨ ਜੋ ਕਿਸੇ ਦੇ ਰੋਣ ਜਾਂ ਹੱਸਣ ਦਾ ਭੁਲੇਖਾ ਪਾਉਂਦੀਆਂ ਹਨ।

ਪੁਰਾਤੱਤਵ ਵਿਭਾਗ ਵੱਲੋਂ ਰਾਤ ਸਮੇਂ ਕਿਲੇ ਦੇ ਅੰਦਰ ਜਾਣ ਤੋਂ ਮਨਾਹੀ ਵਾਲੇ ਬੋਰਡ ਬਾਰੇ ਧਰੁਵ ਰਾਠੀ ਨੇ ਦੱਸਿਆ ਕਿ ਜਿਲ੍ਹਾ ਅਲਵਰ, ਜਿਸ ਵਿੱਚ ਇਹ ਕਿਲਾ ਸਥਿਤ ਹੈ, ਭੁਚਾਲ ਦੇ ਸੰਵੇਦਨਸ਼ੀਲ ਜੋਨ ਵਿੱਚ ਆਉਂਦਾ ਹੈ। ਜਮੀਨ ਅੰਦਰਲੀ ਮਮੂਲੀ ਹਿਲਜੁਲ ਨਾਲ ਹੀ ਖੰਡਰ ਹੋਈਆਂ ਇਮਾਰਤਾਂ ਦੇ ਢਹਿਣ ਅਤੇ ਚਟਾਨਾਂ ਦੇ ਖਿਸਕਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਤੋਂ ਬਿਨਾਂ ਕਿਲੇ ਤੋਂ 50 ਕਿਲੋਮੀਟਰ ਦੀ ਦੂਰੀ 'ਤੇ ਟਾਈਗਰ ਅਤੇ ਹੋਰ ਜੰਗਲੀ ਜੀਵਾਂ ਦੀ ਰੱਖ ਹੈ। ਰਾਤ ਸਮੇਂ ਰੱਖ ਵਿੱਚੋਂ ਜੰਗਲੀ ਜੀਵ ਕਿਲੇ ਵੱਲ ਆ ਜਾਂਦੇ ਹਨ। ਸੁਰੱਖਿਆ ਦੇ ਪੱਖ ਤੋਂ ਇਹਨਾਂ ਮੁੱਖ ਕਾਰਨਾਂ ਕਰਕੇ ਰਾਤ ਸਮੇਂ ਕਿਲੇ ਅੰਦਰ ਜਾਣ ਦੀ ਮਨਾਹੀ ਕੀਤੀ ਗਈ ਹੈ।

ਕਿਲੇ ਦੇ ਅੰਦਰ ਵਸੇ ਸ਼ਹਿਰ ਦੇ ਬਰਬਾਦ ਹੋਣ ਦਾ ਕਾਰਨ ਕਿਸੇ ਦਾ ਕੋਈ ਸਰਾਪ ਨਹੀਂ ਹੈ। ਇਸ ਦਾ ਅਸਲ ਕਾਰਨ ਸਾਲ 1783 ਵਿੱਚ ਪਿਆ ਭਿਆਨਕ ਕਾਲ ਸੀ ਜਿਸ ਨੇ ਇਸ ਸ਼ਹਿਰ ਦੀ ਆਬਾਦੀ ਨੂੰ ਹੋਰਨਾਂ ਥਾਵਾਂ ਵੱਲ ਪਲਾਇਨ ਕਰਨ ਲਈ ਮਜ਼ਬੂਰ ਕਰ ਦਿੱਤਾ। ਖਾਲੀ ਹੋਏ ਸ਼ਹਿਰ ਦੀਆਂ ਇਮਾਰਤਾਂ ਹੌਲੀ ਹੌਲੀ ਖੰਡਰ ਬਣ ਗਈਆਂ। ਪੁਰਾਤਤਵ ਵਿਭਾਗ ਖੁਦ ਕਹਿ ਚੁੱਕਾ ਹੈ ਕਿ ਵਿਭਾਗ ਨੇ 1951 ਤੋਂ ਇਸ ਨੂੰ ਸੰਭਾਲਿਆ ਹੋਇਆ ਹੈ ਅਤੇ ਇੱਥੇ ਕੁਝ ਵੀ ਰਹੱਸਮਈ ਨਹੀਂ ਹੈ।

***(ਰਣਧੀਰ ਗਿੱਲਪੱਤੀ ਵੱਲੋਂ ਧਰੁਵ ਰਾਠੀ ਦੀ ਵੀਡੀਓ ਦੇ ਆਧਾਰ 'ਤੇ ਤਿਆਰ ਕੀਤਾ ਗਿਆ)***

* * *

# ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪ੍ਰਕਾਸ਼ਿਤ ਚੰਗੀਆਂ ਬਾਲ-ਪੁਸਤਕਾਂ

***ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਬਾਲ ਮਨਾਂ ਵਿੱਚੋਂ ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ ਤੇ ਅਗਿਆਨਤਾ ਨੂੰ ਤਰਕ ਦੇ ਚਾਨਣ ਨਾਲ ਮਿਟਾਉਣ ਲਈ ਆਪਣੇ ਤਰਕਸ਼ੀਲ ਪ੍ਰਕਾਸ਼ਨ ਵੱਲੋਂ ਅਨੇਕਾਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਜਿਹੜੀਆਂ ਤਰਕਸ਼ੀਲ ਸਾਹਿਤ ਵੈਨ, ਕਿਸਾਨ ਮੇਲਿਆਂ, ਪੁਸਤਕ ਮੇਲਿਆਂ ਤੇ ਤਰਕਸ਼ੀਲ ਪ੍ਰੋਗਰਾਮਾਂ ਰਾਹੀਂ ਬੱਚਿਆਂ ਦੇ ਹੱਥਾਂ ਤੱਕ ਪੁੱਜਦੀਆਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਕੁਝ ਪੁਸਤਕਾਂ ਬਾਰੇ ਜਾਣਕਾਰੀ ਹੇਠਾਂ ਦਿੱਤੀ ਜਾ ਰਹੀ ਹੈ।***

**1. ਜਾਦੂ ਮੰਤਰ :**

ਨਰਿੰਦਰ ਛੀਨੀਵਾਲੀਆ ਵੱਲੋਂ ਲਿਖੀ ਇਹ ਬਾਲ ਪੁਸਤਕ ਜਾਦੂ ਮੰਤਰ ਪ੍ਰਤੀ ਪਾਏ ਜਾਂਦੇ ਭਰਮ ਭੁਲੇਖੇ ਦੂਰ ਕਰਦੀ ਹੈ। ਇਸ ਪੁਸਤਕ ਵਿੱਚ ਦਰਜ ਰੁਮਾਲ ਜਲਾ ਕੇ ਮੁੜ ਬਣਾਉਣਾ, ਸਿੱਕਾ ਗਾਇਬ ਕਰਨਾ, ਨੱਕ ਤੇ ਕੰਨਾਂ ਵਿੱਚੋਂ ਪੈਸੇ ਕੱਢਣੇ, ਡੰਡੇ ਦਾ ਹੱਥ ਨਾਲ ਚਿਪਕਣਾ ਆਦਿ ਅਨੇਕਾਂ ਟ੍ਰਿੱਕਾਂ ਦਾ ਰੌਚਿਕ ਢੰਗ ਨਾਲ ਵਰਨਣ ਕੀਤਾ ਗਿਆ ਹੈ। ਜਿਨ੍ਹਾਂ ਨੂੰ ਪਿੰਡਾਂ, ਸ਼ਹਿਰਾਂ ਤੇ ਮੇਲਿਆਂ ਵਿੱਚ ਜਾਦੂਗਰ ਇਹ ਆਖ ਕੇ ਵਿਖਾਉਂਦੇ ਹਨ ਕਿ ਉਨ੍ਹਾਂ ਨੇ ਕੋਈ ਸ਼ਕਤੀ ਵੱਸ ਕੀਤੀ ਹੋਈ ਹੈ। ਜਿਸ ਨਾਲ ਹਰੇਕ ਮਨਚਾਹੀ ਵਸਤੂ ਪੈਦਾ ਕੀਤੀ ਜਾ ਸਕਦੀ ਹਾਂ। ਇਸ ਪੁਸਤਕ ਵਿੱਚ ਦਰਜ ਸਾਰੇ ਜਾਦੂ ਦੇ ਟ੍ਰਿਕਾਂ ਵਿੱਚ ਇਹ ਸਮਝਾਇਆ ਗਿਆ ਹੈ ਕਿ ਜਾਦੂ ਇੱਕ ਕਲਾ ਹੈ, ਹੱਥ ਦੀ ਸਫ਼ਾਈ ਹੈ, ਜਿਸ ਨੂੰ ਅਭਿਆਸ ਨਾਲ ਹਰੇਕ ਵਿਅਕਤੀ ਸਿੱਖ ਸਕਦਾ ਹੈ। ਜਾਦੂ ਕਾਲਾ, ਚਿੱਟਾ ਨਹੀਂ ਹੁੰਦਾ, ਨਾ ਹੀ ਇਸਦਾ ਸਬੰਧ ਕਿਸੇ ਗ਼ੈਬੀ ਸ਼ਕਤੀ ਜਾਂ ਮੰਤਰ ਨਾਲ ਹੁੰਦਾ ਹੈ। ਸਦੀਆਂ ਤੋਂ ਹੀ ਜਾਦੂ ਮੰਤਰ ਦੇ ਨਾਂ ਤੇ ਲੋਕਾਂ ਨੂੰ ਗੁੰਮਰਾਹ ਕਰਕੇ ਲੁੱਟਿਆ ਜਾਂਦਾ ਰਿਹਾ ਹੈ।




ਇਹ ਪੁਸਤਕ ਬਾਲ ਮਨਾਂ ਤੇ ਆਮ ਪਾਠਕਾਂ ਦੇ ਮਨਾਂ ਵਿੱਚੋਂ ਜਾਦੂ-ਮੰਤਰ ਦਾ ਡਰ ਭੈਅ ਦੂਰ ਕਰਕੇ ਜਾਦੂ ਕਲਾ ਦੀਆਂ ਦਿਲਚਸਪ ਵੰਨਗੀਆਂ ਪੇਸ਼ ਕਰਦੀ ਹੈ। ਬੱਚਿਆਂ ਲਈ ਇਹ ਪੁਸਤਕ ਬਹੁਤ ਦਿਲਚਸਪ ਤੇ ਗਿਆਨ ਦਾ ਸ੍ਰੋਤ ਹੈ।

**2. ਪਿੱਪਲ ਵਾਲਾ ਭੂਤ**

ਸਮਾਜ ਵਿੱਚ ਪ੍ਰਚਲਿਤ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਦੀ ਅਸਲੀਅਤ ਦਰਸਾਉਂਦੀ ਇਹ ਪੁਸਤਕ ਹਿੰਦੀ ਦੇ ਪ੍ਰਸਿੱਧ ਬਾਲ ਲੇਖ਼ਕ ਹਰੀ ਕ੍ਰਿਸ਼ਨ ਦੇਵਸਰੇ ਦੀਆਂ ਹਿੰਦੀ ਕਹਾਣੀਆਂ ਦਾ ਪੰਜਾਬੀ ਰੂਪ ਹੈ। ਜਿਸ ਵਿੱਚ ਸ਼ਾਮਲ ਪੰਜ ਬਾਲ ਕਹਾਣੀਆਂ ਪਿੱਪਲ ਵਾਲਾ ਭੂਤ, ਕਾਂ ਦਾ ਦਾਨ, ਬਿੱਲੀ ਰਸਤਾ ਕੱਟ ਗਈ, ਭਵਿੱਖ ਬਾਣੀ ਤੇ ਛਿੱਕ ਰੌਚਿਕ ਭਾਸ਼ਾ ਵਿੱਚ ਭੂਤਾਂ ਪ੍ਰੇਤਾਂ, ਦਾਨ ਦਕਸ਼ਣਾ ਜਿਹੇ ਭਰਮ ਭੁਲੇਖਿਆਂ ਨੂੰ ਦੂਰ ਕਰਦੀਆਂ ਹਨ। ਭੂਤਾਂ ਪ੍ਰੇਤਾਂ ਦਾ ਡਰ ਵਿਖਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਸ਼ੈਤਾਨ ਲੋਕਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਇਹ ਕਹਾਣੀਆਂ ਬਾਲ-ਮਨਾਂ ਵਿੱਚ ਜੋਤਿਸ਼ੀਆਂ, ਤਾਂਤਰਿਕਾਂ ਦੁਆਰਾ ਭਵਿੱਖ ਦੱਸਣ ਦੇ ਦਾਅਵੇ ਦਾ ਝੂਠ ਨੰਗਾ ਕਰਦੀਆਂ ਹਨ। ਵਹਿਮਾਂ ਭਰਮਾਂ ਦੀ ਅਸਲੀਅਤ ਇਨ੍ਹਾਂ ਕਹਾਣੀਆਂ ਵਿੱਚ ਸਮੋਈ ਹੈ।




ਛੋਟੇ ਵਾਕਾਂ ਵਾਲੀ ਆਪਸੀ ਗੱਲਬਾਤ ਨਾਲ ਤਰਕ ਦਾ ਚਾਨਣ ਕਰਨਾ ਇਨ੍ਹਾਂ ਬਾਲ ਕਹਾਣੀਆਂ ਦੀ ਵਿਸ਼ੇਸ਼ਤਾ ਹੈ। ਜਿੰਨ੍ਹਾਂ ਵਿਚਲੇ ਪੜ੍ਹੇ ਲਿਖੇ, ਗਿਆਨਵਾਨ ਪਾਤਰ ਵਹਿਮ-ਭਰਮ ਤੇ ਅੰਧਵਿਸ਼ਵਾਸ ਫੈਲਾਉਣ ਵਾਲੇ ਚਲਾਕ ਲੋਕਾਂ ਦੀ ਅਸਲੀਅਤ ਉਘਾੜਦੇ ਹਨ। ਨਾਲ ਹੀ ਸਮਾਜ ਨੂੰ ਭਰਮ ਮੁਕਤ ਕਰਨ ਦੀ ਪ੍ਰੇਰਨਾ ਵੀ ਦਿੰਦੇ ਹਨ। ਬੱਚਿਆਂ ਦੇ ਮਨਾਂ ਵਿੱਚੋਂ ਭੂਤਾਂ ਪ੍ਰੇਤਾਂ ਤੇ ਭਰਮਾਂ, ਅੰਧਵਿਸ਼ਵਾਸਾਂ ਦੀ ਧੁੰਦ ਮਿਟਾਉਣ ਲਈ ਇਹ ਪੁਸਤਕ ਬਹੁਤ ਲਾਹੇਵੰਦ ਹੈ।

**3. ਹਵਾਈ ਜਹਾਜ਼ ਦੀ ਕਹਾਣੀ**

ਇਹ ਪੁਸਤਕ ਮਨੁੱਖ ਦੇ ਅੰਬਰਾਂ ਵਿੱਚ ਉਡਾਣ ਭਰਨ ਦੇ ਸੁਪਨੇ ਨੂੰ ਆਪਣੇ ਅਣਥੱਕ ਯਤਨਾਂ ਨਾਲ ਸੱਚ ਸਾਬਤ ਕਰਨ ਵਾਲੇ ਰਾਈਟ ਭਰਾਵਾਂ ਦੀ ਤੇਜ਼ ਬੁੱਧੀ ਤੇ ਹੁਨਰ ਦਾ ਦਿਲਚਸਪ ਵਰਨਣ ਹੈ। ਇਹ ਸੱਚ ਦੇਸ਼ ਦੁਨੀਆਂ ਨੂੰ ਪਤਾ ਹੈ ਕਿ ਹਵਾਈ ਜਹਾਜ਼ ਦੀ ਕਾਢ ਦਾ ਸਿਹਰਾ ਅਮਰੀਕਾ ਵਿੱਚ ਵਸਦੇ ਦੋ ਭਰਾਵਾਂ ਵਿਲਬਰ ਰਾਈਟ ਤੇ ਓਰਵਿਲ ਰਾਈਟ ਨੂੰ ਜਾਂਦਾ ਹੈ। ਇਸ ਪੁਸਤਕ ਵਿੱਚ ਰਾਈਟ ਭਰਾਵਾਂ ਨੂੰ ਬਚਪਨ ਵਿੱਚ ਮਿਲੇ ਪਰਿਵਾਰਕ ਮਾਹੌਲ ਤੇ ਉਡਾਣ ਭਰਨ ਦੇ ਸੁਪਨਿਆਂ ਦੀ ਦਿਲਚਸਪ ਗਾਥਾ ਹੈ।



ਚਿੱਤਰ ਬਣਾਉਣ ਤੋਂ ਛਕੜਾ ਬਣਾਉਣ ਦਾ ਸਫ਼ਰ ਤੈਅ ਕਰਕੇ ਉਨ੍ਹਾਂ ਅਸਮਾਨ ਵਿੱਚ ਉੱਡਦੀ ਪਤੰਗ ਨੂੰ ਵੇਖ ਪਤੰਗਾਂ ਬਣਾਉਣ ਦਾ ਰਾਹ ਫੜ੍ਹਿਆ। ਆਪਣੇ ਪਿਤਾ ਵੱਲੋਂ ਲਿਆ ਕੇ ਦਿੱਤੇ ਹੈਲੀਕਾਪਟਰ ਦੇ ਖਿਡੌਣੇ ਨੇ ਦੋਵਾਂ ਭਰਾਵਾਂ ਦੀਆਂ ਸੋਚਾਂ ਨੂੰ ਹਲੂਣਿਆ। ਆਕਾਸ਼ ਵਿੱਚ ਉਡਾਣ ਭਰਦੇ ਪੰਛੀ ਉਨ੍ਹਾਂ ਲਈ ਪ੍ਰੇਰਨਾ ਸ੍ਰੋਤ ਬਣੇ। ਉਨ੍ਹਾਂ ਆਕਾਸ਼ ਵਿੱਚ ਮੰਡਰਾਉਣ ਤੇ ਉਡਾਣ ਭਰਨ ਲਈ ਅਧਿਐਨ ਕਰਨਾ ਆਰੰਭ ਕੀਤਾ। ਵੱਖ ਵੱਖ ਰੌਚਿਕ ਪਾਠਾਂ ਵਿੱਚ ਵੰਡੀ ਇਸ ਪੁਸਤਕ ਵਿੱਚ ਰਾਈਟ ਭਰਾਵਾਂ ਦੇ ਬਿਨਾਂ ਇੰਜਣ ਤੋਂ ਜ਼ਹਾਜ਼ ਬਣਾਉਣ, ਗਲਾਈਡਰ ਵਿੱਚ ਸੁਧਾਰ, ਰਾਈਟ ਇੰਜਣ ਤੇ ਹਵਾਈ ਯੰਤਰ ਜਿਹੇ ਦਿਲਚਸਪ ਪਾਠ ਸਬਕ ਤੇ ਪ੍ਰੇਰਨਾ ਸ੍ਰੋਤ ਹਨ। ਮਾਣ ਅਤੇ ਸਫਲਤਾ ਇਸ ਪੁਸਤਕ ਦਾ ਅੰਤਿਮ ਪਾਠ ਹੈ ਜਿਸ ਵਿੱਚ ਰਾਈਟ ਭਰਾਵਾਂ ਦੀ ਆਕਾਸ਼ ਵਿੱਚ ਸਫ਼ਲ ਉਡਾਣ ਭਰਨ ਦੀ ਗਾਥਾ ਹੈ। ਜਦ ਅਮਰੀਕੀ ਸੈਨਾ ਦੀ ਹਾਜ਼ਰੀ ਵਿੱਚ ਵਰਜੀਨੀਆ ਦੀ ਫੋਰਟ ਮਾਇਰ ਨਾਂ ਦੇ ਸਥਾਨ ਤੇ ਇੱਕ ਘੰਟੇ ਤੱਕ ਆਕਾਸ਼ ਵਿੱਚ ਉਸ ਮੈਦਾਨ ਦੇ ਚੱਕਰ ਲਗਾਏ। ਜਿਸ ਨੂੰ ਇਕੱਤਰ ਹੋਈ ਲੋਕਾਂ ਦੀ ਭੀੜ ਨੇ ਖੁਸ਼ੀ ਨਾਲ ਤੱਕਿਆ। ਉਨ੍ਹਾਂ ਦੀ ਸਫਲਤਾ ਦਾ ਸਿਤਾਰਾ ਚਮਕਣ ਤੇ ਅਮਰੀਕਾ ਦੇ ਹਰ ਅਖ਼ਬਾਰ ਵਿੱਚ ਉਨ੍ਹਾਂ ਦੀ ਉਡਾਣ ਬਾਰੇ ਸੁਰਖੀਆਂ ਛਪੀਆਂ।

ਵਿਦਿਆਰਥੀਆਂ ਦੇ ਸੁਪਨਿਆਂ ਨੂੰ ਉਡਾਣ ਦਿੰਦੀ ਇਹ ਪੁਸਤਕ ਮੰਜ਼ਿਲ ਉਤੇ ਪਹੁੰਚਣ ਲਈ ਇੱਕ ਅਮੁੱਲਾ ਸਬਕ ਦਿੰਦੀ ਹੈ।

**4. ਕਰਾਮਾਤੀ ਕੁਰਸੀ**




ਵਿਦਿਆਰਥੀਆਂ ਦੀ ਸੋਚ ਨੂੰ ਵਿਗਿਆਨਕ ਚੇਤਨਾ ਦੀ ਜਾਗ ਲਾਉਂਦੀ ਰਣਧੀਰ ਗਿੱਲਪੱਤੀ ਵੱਲੋਂ ਲਿਖੀ ਇਹ ਪੁਸਤਕ ਭੌਤਿਕ ਵਿਗਿਆਨ ਦੇ ਦਿਲਚਸਪ ਵਰਤਾਰਿਆਂ ਦੀ ਰੌਚਿਕ ਗਾਥਾ ਹੈ। ਜਿਸ ਵਿੱਚ ਬਰਫ ਦੀ ਮਾਚਿਸ, ਝੂਲਿਆਂ ਦਾ ਰਹੱਸ, ਨਜ਼ਰ ਦਾ ਪੁਆੜਾ ਤੇ ਲੋਹਾ ਭਾਰਾ ਜਾਂ ਲੱਕੜ ਜਿਹੇ ਪ੍ਰੇਰਨਾਮਈ ਲੇਖਾਂ ਰਾਹੀਂ ਵਿਗਿਆਨ ਦੇ ਨਿਯਮਾਂ ਨੂੰ ਸੌਖੇ ਢੰਗ ਨਾਲ ਸਮਝਾਇਆ ਗਿਆ ਹੈ। ਲੇਖਾਂ ਦੇ ਸਾਰ ਵਿਦਿਆਰਥੀਆਂ ਵਿੱਚ ਸੱਚਾਈ ਨੂੰ ਜਾਨਣ ਲਈ ਘਟਨਾਵਾਂ ਦੇ ਕਾਰਣਾਂ ਨੂੰ ਜਾਨਣ, ਸਮਝਣ ਤੇ ਪਰਖਣ ਦਾ ਸਬਕ ਦਿੰਦੇ ਹਨ। ਇਨ੍ਹਾਂ ਲੇਖਾਂ ਵਿੱਚ ਵਿਗਿਆਨ ਤੇ ਅਧਾਰਿਤ ਸਾਰੀਆਂ ਹੀ ਘਟਨਾਵਾਂ ਦੇ ਮੁੱਖ ਪਾਤਰ ਬੱਚੇ ਹਨ।

ਇਹ ਪੁਸਤਕ ਵਿਗਿਆਨ ਦੀਆਂ ਖੋਜਾਂ ਦੇ ਆਧਾਰ ਤੇ ਉਸ ਦੇ ਨਿਯਮਾਂ ਤੇ ਵਰਤਾਰਿਆਂ ਦਾ ਰੌਚਿਕ ਵਰਨਣ ਹੈ। ਜਿਹੜੇ ਇਹ ਦਰਸਾਉਂਦੇ ਹਨ ਕਿ ਵਾਪਰਨ ਵਾਲੀ ਹਰ ਘਟਨਾ ਪਿੱਛੇ ਕੋਈ ਨਾ ਕੋਈ ਕਾਰਣ ਜਰੂਰ ਹੁੰਦਾ ਹੈ। ਜਿਸ ਨੂੰ ਜਾਣ ਅਤੇ ਪਰਖ ਕੇ ਠੀਕ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ। ਇਹ ਪੁਸਤਕ ਅਗਿਆਨਤਾ ਤੇ ਅੰਧਵਿਸ਼ਵਾਸਾਂ ਨੂੰ ਨਕਾਰ ਕੇ ਮਨਾਂ ਵਿੱਚ ਚੇਤਨਾ ਦੀ ਲੋਅ ਜਗਾਉਂਦੀ ਹੈ।ਇਸ ਪੁਸਤਕ ਰਾਹੀਂ ਲੇਖ਼ਕ ਨੇ ਵਿਦਿਆਰਥੀਆਂ ਨਾਲ ਵਿਗਿਆਨਕ ਨਜ਼ਰੀਏ ਤੋਂ ਸੰਵਾਦ ਰਚਾਉਣ ਦਾ ਸਫ਼ਲ ਉੱਦਮ ਕੀਤਾ ਹੈ। ਦਿਲਚਸਪ ਸ਼ੈਲੀ ਵਿੱਚ ਲਿਖੀ ਇਹ ਪੁਸਤਕ ਵਿਦਿਆਰਥੀਆਂ ਦੇ ਨਾਲ ਨਾਲ ਜਾਣਨ ਦੀ ਜਗਿਆਸਾ ਰੱਖਦੇ ਪਾਠਕਾਂ ਲਈ ਵੀ ਬਹੁਤ ਲਾਹੇਵੰਦ ਹੈ।

**5. ਜਦੋਂ ਡੈਡੀ ਛੋਟੇ ਹੁੰਦੇ ਸੀ**

ਅਲੈਗਜ਼ੈਂਡਰ ਰਸਕਿਨ ਦੀ ਇਹ ਪ੍ਰਸਿੱਧ ਪੁਸਤਕ ਦੇਸ਼ ਦੁਨੀਆਂ ਵਿੱਚ ਬਾਲਾਂ ਦੇ ਮਨਾਂ ਵਿੱਚ ਸੁਪਨੇ ਬੀਜਣ ਤੇ ਸੋਚਣ ਸਮਝਣ ਦੀ ਲਗਨ ਪੈਦਾ ਕਰਨ ਲਈ ਜਾਣੀ ਜਾਂਦੀ ਹੈ। ਇਸ ਪੁਸਤਕ ਵਿੱਚ ਦਰਜ ਘਟਨਾਵਾਂ ਬਹੁਤ ਹੀ ਰੌਚਿਕ ਤੇ ਬਾਲ ਮਨਾਂ ਨੂੰ ਟੁੰਬਣ ਵਾਲੀਆਂ ਹਨ।




ਲੇਖ਼ਕ ਰਸਕਿਨ ਵੱਲੋਂ ਆਪਣੀ ਬਾਲੜੀ ਧੀ ਸ਼ਾਸ਼ਾ ਦਾ ਮਨ ਪਰਚਾਉਣ ਲਈ ਸੁਣਾਈਆਂ ਆਪਣੇ ਬਚਪਨ ਦੀਆਂ ਕਹਾਣੀਆਂ ਦੁਨੀਆਂ ਭਰ ਦੇ ਬਾਲਾਂ ਲਈ ਪੁਸਤਕ ਦਾ ਰੂਪ ਲੈ ਕੇ ਸਬਕ ਤੇ ਪ੍ਰੇਰਨਾ ਵਿੱਚ ਤਬਦੀਲ ਹੋ ਗਈਆਂ। ਪੁਸਤਕ ਵਿਚਲੀਆਂ ਰੌਚਿਕ ਕਹਾਣੀਆਂ ਡੈਡੀ ਸਕੂਲ ਕਿਵੇਂ ਗਏ, ਸੰਗੀਤ ਕਿਵੇਂ ਸਿੱਖਿਆ, ਲੇਖ ਕਿਵੇਂ ਲਿਖਿਆ, ਕਿੱਤਾ ਕਿਵੇਂ ਚੁਣਿਆ ਤੇ ਡੈਡੀ ਨੇ ਕਵਿਤਾ ਕਿਵੇਂ ਸੁਣਾਈ ਆਦਿ ਸਿੱਖਣ ਦੇ ਸੁਹਜ ਨਾਲ ਭਰੀਆਂ ਹੋਈਆਂ ਹਨ। ਹਰ ਕਹਾਣੀ ਦਾ ਆਪਣਾ ਸਬਕ ਹੈ, ਜਿਹੜਾ ਬੱਚਿਆਂ ਦੇ ਮਨ ਨੂੰ ਭਾਉਂਦਾ ਹੈ। ਡੈਡੀ ਦੀ ਕੀਤੀ ਸ਼ਰਾਰਤ, ਗਲਤੀ ਤੇ ਡਿੱਗਣ ਦੀਆਂ ਕਹਾਣੀਆਂ ਵੀ ਬਾਲਾਂ ਨੂੰ ਕੁਝ ਨਵਾਂ ਸਿਖਾਉਣ ਦਾ ਕੰਮ ਕਰਦੀਆਂ ਹਨ। ਦਿਲਚਸਪੀ ਤੇ ਰੌਚਿਕਤਾ ਨਾਲ ਭਰਪੂਰ ਇਹ ਕਹਾਣੀਆਂ ਡੈਡੀ ਦੇ ਬਚਪਨ ਦੇ ਸਬਕ ਬੱਚਿਆਂ ਨੂੰ ਦਿੰਦਿਆਂ ਹਨ। ਜ਼ਿੰਦਗੀ ਦੀਆਂ ਛੋਟੀਆਂ ਘਟਨਾਵਾਂ ਵਿੱਚੋਂ ਮਿਲੇ ਸਬਕ ਬੱਚਿਆਂ ਨੂੰ ਸਿੱਖਣ ਤੇ ਸਿਰਜਣ ਪ੍ਰਕਿਰਿਆ ਨਾਲ ਜੋੜਦੇ ਹਨ।

ਬੱਚਿਆਂ ਦੇ ਹੱਥਾਂ ਵਿੱਚ ਅਜਿਹੀ ਪੁਸਤਕ ਦਾ ਹੋਣਾ ਜ਼ਿੰਦਗੀ ਵਿੱਚ ਸਿੱਖਣ, ਸਮਝਣ ਤੇ ਸਫਲਤਾ ਦੀ ਮੰਜ਼ਿਲ ਵੱਲ ਵਧਣ ਦੀ ਪ੍ਰੇਰਨਾ ਦਾ ਸੋਮਾ ਹੈ।

# ਜਵਾਨ ਹੋ ਰਹੇ ਬੱਚਿਆਂ ਬਾਰੇ ਕੁਝ ਸੁਝਾਅ

**ਡਾ. ਅਗਿਆਜੀਤ ਸਿੰਘ**

ਅਜੋਕੇ ਸਮੇਂ ਵਿਚ ਬਹੁਤ ਸਾਰੇ ਮਾਪੇ ਆਪਣੇ ਜਵਾਨ ਹੋ ਰਹੇ ਬੱਚਿਆਂ ਬਾਰੇ ਬਹੁਤ ਚਿੰਤਤ ਹਨ। ਉਹ ਉਨ੍ਹਾਂ ਦੇ ਵਰਤਮਾਨ ਵਤੀਰੇ ਸੰਬੰਧੀ ਅਤੇ ਭਵਿੱਖ ਦੇ ਜੀਵਨ ਬਾਰੇ ਫਿਕਰਮੰਦ ਹਨ। ਕਿਉਂਕਿ ਮਾਪਿਆਂ ਅਤੇ ਕਿਸ਼ੋਰ ਬੱਚਿਆਂ ਵਿਚਕਾਰ ਪੀੜ੍ਹੀ ਪਾੜਾ ਹੈ; ਇਸ ਲਈ ਉਨ੍ਹਾਂ ਵਿੱਚ ਕਿਸੇ ਨਾ ਕਿਸੇ ਮਾਮਲੇ ਸੰਬੰਧੀ ਸੰਘਰਸ਼ ਪੈਦਾ ਹੋ ਜਾਂਦਾ ਹੈ। ਬਹੁਤ ਸਾਰੇ ਮਾਪੇ ਕਿਸ਼ੋਰਾਂ ਨੂੰ ਬੱਚਾ ਹੀ ਸਮਝਦੇ ਹਨ; ਪਰੰਤੂ ਉਹ ਬਚਪਨ ਦੀ ਅਵਸਥਾ ਵਿਚੋਂ ਲੰਘ ਕੇ ਜ਼ਿੰਦਗੀ ਦੇ ਅਗਲੇ ਪੜਾਅ ਵਿਚ ਪਹੁੰਚ ਚੁੱਕੇ ਹੁੰਦੇ ਹਨ ਅਤੇ ਆਪਣੀ ਜ਼ਿੰਦਗੀ ਨੂੰ ਆਪਣੇ ਮੁਤਾਬਿਕ ਬਿਤਾਉਣਾ ਚਾਹੁੰਦੇ ਹਨ। ਉਹ ਆਜ਼ਾਦੀ ਵਾਲਾ ਜੀਵਨ ਬਤੀਤ ਕਰਨਾ ਚਾਹੁੰਦੇ ਹਨ। ਉਨ੍ਹਾਂ ਦੀ ਸੋਚ, ਵਤੀਰਾ ਤੇ ਆਦਤਾਂ ਵਿੱਚ ਕਾਫ਼ੀ ਅੰਤਰ ਆ ਚੁੱਕਾ ਹੁੰਦਾ ਹੈ; ਕਿਉਂਕਿ ਉਨ੍ਹਾਂ ਦੇ ਸਰੀਰਕ ਅੰਗਾਂ ਵਿਚ ਵੀ ਕਾਫੀ ਪਰਿਵਰਤਨ ਵਾਪਰਿਆ ਹੁੰਦਾ ਹੈ, ਜਿਸ ਕਰਕੇ ਉਨ੍ਹਾਂ ਵਿੱਚ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਵਿਕਾਸ ਹੁੰਦਾ ਹੈ। ਇਸ ਅਵਸਥਾ ਵਿਚ ਮਾਪਿਆਂ ਅਤੇ ਕਿਸ਼ੋਰ ਬੱਚਿਆਂ ਵਿਚਕਾਰ ਨੋਕ-ਝੋਕ ਹੁੰਦੀ ਰਹਿੰਦੀ ਹੈ। ਉਹ ਮਾਪਿਆਂ ਦੀ ਟੋਕਾ-ਟੋਕੀ ਪਸੰਦ ਨਹੀਂ ਕਰਦੇ, ਉਨ੍ਹਾਂ ਦੇ ਹੁਕਮ ਦੀ ਉਲੰਘਣਾ ਕਰਦੇ ਹਨ ਅਤੇ ਆਪਣੀ ਮਨ-ਮਰਜ਼ੀ ਕਰਦੇ ਹਨ, ਜਿਸ ਨੂੰ ਮਾਪੇ ਪਸੰਦ ਨਹੀਂ ਕਰਦੇ।

ਮਾਪੇ ਸਮਝਦੇ ਹਨ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੀ ਜਾਇਦਾਦ ਹਨ, ਉਨ੍ਹਾਂ ਦੀ ਧਨ-ਦੌਲਤ ਹਨ ਅਤੇ ਬੈਂਕ ਦਾ ਖਜ਼ਾਨਾ ਹਨ। ਇਸ ਲਈ ਉਨ੍ਹਾਂ ਦੀ ਉਨ੍ਹਾਂ 'ਤੇ ਮਲਕੀਅਤ ਹੈ। ਉਹ ਉਨ੍ਹਾਂ ਨੂੰ ਸੰਭਾਲ ਕੇ ਰੱਖਣ ਦੇ ਚਾਹਵਾਨ ਹਨ, ਪਰੰਤੂ ਉਹ ਇਹ ਨਹੀਂ ਸਮਝ ਸਕਦੇ ਕਿ ਉਹ ਵੀ ਮਨੁੱਖੀ ਜੀਵ ਹਨ, ਨਾ ਕਿ ਕੋਈ ਪਦਾਰਥਕ ਵਸਤੂ। ਉਨ੍ਹਾਂ ਨੂੰ ਬੱਚਿਆਂ ਦੀ ਮਾਨਸਿਕਤਾ ਦਾ ਕੋਈ ਗਿਆਨ ਨਹੀਂ ਹੁੰਦਾ। ਉਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਸੰਵੇਗ ਕੀ ਹਨ; ਉਨ੍ਹਾਂ ਦੇ ਪ੍ਰੇਰਣਾ ਸਰੋਤ ਕਿਹੜੇ ਹਨ; ਉਨ੍ਹਾਂ ਦੇ ਵਿਅਕਤੀਗਤ ਲੱਛਣ ਕੀ ਹਨ? ਉਨ੍ਹਾਂ ਦੀ ਸੋਚ ਕੀ ਹੈ, ਉਨ੍ਹਾਂ ਦੀਆਂ ਅੰਦਰੂਨੀ ਖਾਹਿਸ਼ਾਂ ਤੇ ਅਭਿਲਾਸ਼ਾਵਾਂ ਕੀ ਹਨ? ਮਾਪੇ ਬੱਚਿਆਂ ਦਾ ਬਾਹਰਲਾ ਵਿਵਹਾਰ ਤਾਂ ਪੜ੍ਹ ਸਕਦੇ ਹਨ, ਦੇਖ ਸਕਦੇ ਅਤੇ ਮੁਲਾਂਕਣ ਕਰ ਸਕਦੇ ਹਨ, ਪਰੰਤੂ ਉਨ੍ਹਾਂ ਨੂੰ ਬੱਚਿਆਂ ਦੇ ਅੰਦਰਲੇ ਵਿਵਹਾਰ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ, ਜਦ ਤਕ ਕਿ ਬੱਚੇ ਉਨ੍ਹਾਂ ਨੂੰ ਕੁਝ ਦੱਸਦੇ ਨਹੀਂ।

ਕਿਸ਼ੋਰ ਬੱਚਿਆਂ ਦੇ ਵਿਵਹਾਰ ਕਰਕੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਗੁੰਮਰਾਹ ਹੋ ਰਹੇ ਹਨ ਜਿਸ ਦੇ ਸਿੱਟੇ ਵਜੋਂ ਅੱਜ ਦੇ ਮਾਪੇ ਫ਼ਿਕਰਮੰਦ ਹਨ। ਉਹ ਆਪਣੇ ਭੈਣ-ਭਾਈਆਂ ਦੀ ਸੰਗਤ ਦੀ ਥਾਂ ਤੇ ਆਪਣੇ ਹਮਜੋਲੀਆਂ ਦੀ ਸੰਗਤ ਵਧੇਰੇ ਪਸੰਦ ਕਰਦੇ ਹਨ ਅਤੇ ਆਨੰਦ ਮਾਣਦੇ ਹਨ। ਕਿਸੇ ਦੋਸਤ ਨੂੰ ਹੀ ਆਪਣਾ ਨਾਇਕ ਸਮਝਦੇ ਹਨ। ਉਹ ਜਿਵੇਂ ਕਹਿੰਦਾ ਹੈ; ਉਸੇ ਤਰ੍ਹਾਂ ਹੀ ਉਹ ਵਿਵਹਾਰ ਕਰਦੇ ਹਨ। ਇਹ ਇਕ ਮੌਕਾ ਮੇਲ ਹੀ ਹੁੰਦਾ ਹੈ ਕਿ ਬੱਚੇ ਦੀ ਸੰਗਤ ਕਿਸੇ ਚੰਗੇ ਰਾਹ ਦਿਖਾਉਣ ਵਾਲੇ ਦੋਸਤ ਨਾਲ ਹੋ ਜਾਵੇ। ਜੇ ਉਨ੍ਹਾਂ ਦੇ ਮਿੱਤਰ ਦੋਸਤ ਚੰਗੇ, ਮਿਲਾਪੜੇ, ਪੜ੍ਹਨ ਵਾਲੇ ਅਤੇ ਚੰਗੀਆਂ ਆਦਤਾਂ ਦੇ ਮਾਲਿਕ ਹੋਣ, ਤਾਂ ਉਹ ਬੱਚੇ ਵੀ ਚੰਗੇ, ਮਿਲਣਸਾਰ, ਸਮਾਜ ਤੇ ਪੜ੍ਹਾਈ ਵਿਚ ਦਿਲਚਸਪੀ ਰੱਖਣ ਵਾਲੇ ਹੋਣਗੇ।

ਇਸ ਦੇ ਉਲਟ ਜੇ ਕਿਸ਼ੋਰ ਬੱਚੇ ਕਿਸੇ ਗਲਤ ਸੰਗਤ ਵਿਚ ਪੈ ਜਾਣ ਜਿੱਥੇ ਉਨ੍ਹਾਂ ਦੇ ਦੋਸਤ ਜੁਆਰੀਏ, ਨਸ਼ਾ ਕਰਨ ਵਾਲੇ, ਪੜ੍ਹਨ ਦੀ ਥਾਂ ਤੇ ਅਪਰਾਧੀ ਕੰਮਾਂ ਵਿਚ ਰੁਝਾਨ ਵਾਲੇ ਹੋਣ ਤਾਂ ਉਨ੍ਹਾਂ ਦੇ ਸੰਪਰਕ ਵਿਚ ਆਉਣ ਕਰਕੇ ਸਾਡੇ ਬੱਚੇ ਵੀ ਗੁੰਮਰਾਹ ਹੋ ਜਾਣਗੇ ਅਤੇ ਉਨ੍ਹਾਂ ਦੇ ਵਿਗੜਨ ਦੇ ਮੌਕੇ ਵਧ ਜਾਣਗੇ ਅਤੇ ਹੋ ਸਕਦਾ ਹੈ ਕਿ ਉਹ ਵੀ ਮੁਜ਼ਰਮੀ ਦੁਨੀਆਂ ਵਿਚ ਗਰਕ ਜਾਣ। ਕਿਆਸ ਕਰੋ ਕਿ ਜੇ ਕਿਸੇ ਦਾ ਬੱਚਾ ਅਜਿਹੀ ਸੰਗਤ ਵਿਚ ਫਸ ਜਾਂਦਾ ਹੈ ਅਤੇ ਫਿਰ ਕਿਸੇ ਦਿਨ ਕਿਸੇ ਜੁਰਮ ਵਿਚ ਪੁਲੀਸ ਦੇ ਕਬਜੇ ਵਿਚ ਆਉਂਦਾ ਹੈ; ਤਾਂ ਮਾਂ ਬਾਪ ਨੂੰ ਕਿੰਨੀ ਮਾਨਸਿਕ ਸੱਟ ਲਗੇਗੀ?

ਇਸ ਲਈ ਲੋੜ ਹੈ ਕਿ ਮਾਪੇ ਆਪਣੇ ਵਡਮੁੱਲੇ ਮਨੁੱਖੀ ਸਰਮਾਏ ਨੂੰ ਚੰਗੀ ਤਰ੍ਹਾਂ ਸੰਭਾਲਣ, ਉਸ ਦੀ ਠੀਕ ਦੇਖ ਭਾਲ ਕਰਨ ਅਤੇ ਉਨ੍ਹਾਂ ਦੀ ਪਰਵਰਿਸ਼ ਮਨੋਵਿਗਿਆਨਕ ਨਿਯਮਾਂ ਅਨੁਸਾਰ ਕੀਤੀ ਜਾਵੇ। ਏਥੇ ਇਹ ਤਜਵੀਜ਼ ਕੀਤਾ ਜਾਂਦਾ ਹੈ ਕਿ ਮਾਪਿਆਂ ਨੂੰ ਬਾਲ ਮਨੋਵਿਗਿਆਨ, ਕਿਸ਼ੋਰ ਮਨੋਵਿਗਿਆਨ ਜਾਂ ਫਿਰ ਵਿਕਾਸਾਤਮਕ ਮਨੋਵਿਗਿਆਨ ਦਾ

ਗਿਆਨ ਹੋਣਾ ਬਹੁਤ ਹੀ ਲਾਜ਼ਮੀ ਹੈ।

**ਮਾਪਿਆਂ ਲਈ ਸੁਝਾਉ** : ਮਾਪਿਆਂ ਲਈ ਕੁਝ ਸੁਝਾਅ ਏਥੇ ਪੇਸ਼ ਕੀਤੇ ਜਾ ਰਹੇ ਹਨ ਜਿਹੜੇ ਮਾਪਿਆਂ ਲਈ ਬਹੁਤ ਹੀ ਲਾਹੇਵੰਦ ਸਿੱਧ ਹੋ ਸਕਦੇ ਹਨ। ਬੱਚਿਆਂ ਨਾਲ ਵਿਵਹਾਰ ਕਰਨ ਸਮੇਂ ਇਨ੍ਹਾਂ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਗੋਚਰੇ ਕਰਨਾ ਚਾਹੀਦਾ ਹੈ।

1. ਮਾਪਿਆਂ ਨੂੰ ਆਪਣੇ ਬੱਚਿਆਂ ਲਈ, ਖਾਸ ਤੌਰ ਤੇ ਕਿਸ਼ੋਰ ਅਵਸਥਾ ਦੇ ਬੱਚਿਆਂ ਲਈ, ਆਪਣੀ ਰੁਝੇਵੇਂ ਭਰੀ ਜ਼ਿੰਦਗੀ ਵਿਚੋਂ ਕੁਝ ਸਮਾਂ ਜਰੂਰ ਕੱਢਣਾ ਚਾਹੀਦਾ ਹੈ। ਹਰੇਕ ਬੱਚਾ ਚਾਹੇ ਉਹ ਬਾਲਗ ਹੈ ਜਾਂ ਕਿਸ਼ੋਰ, ਮਾਪਿਆਂ ਤੋਂ ਪਿਆਰ, ਧਿਆਨ ਅਤੇ ਮਿਲਵਰਤਨ ਚਾਹੁੰਦਾ ਹੈ। ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਨੂੰ ਪਿਆਰ ਤਾਂ ਕਰਦੇ ਹਨ, ਕਿਉਂਕਿ ਉਨ੍ਹਾਂ ਨੇ ਉਸ ਨੂੰ ਜਨਮ ਦਿੱਤਾ ਹੈ ਅਤੇ ਉਨ੍ਹਾਂ ਦਾ ਜੀਵਕ ਅੰਗ ਹਨ। ਪਰ ਆਪਣੀ ਜ਼ਿੰਦਗੀ ਵਿਚ ਰੁਝੇਵੇਂ ਕਰਕੇ ਉਨ੍ਹਾਂ ਨੂੰ ਸਮਾਂ ਤੇ ਧਿਆਨ ਨਹੀਂ ਦੇ ਸਕਦੇ। ਉਹ ਕਦੀ ਇਕੱਠੇ ਬੈਠ ਕੇ ਉਨ੍ਹਾਂ ਦੀਆਂ ਲੋੜਾਂ ਨੂੰ ਨਹੀਂ ਸਮਝਦੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰਦੇ। ਜਿਸ ਕਾਰਨ ਕਿਸ਼ੋਰ ਬੱਚੇ ਆਪ-ਹੁਦਰੇ ਹੋ ਜਾਂਦੇ ਹਨ; ਆਪਣੀ ਮਨਮਾਨੀ ਕਰਦੇ ਹਨ, ਜ਼ਿੱਦੀ ਹੋ ਜਾਂਦੇ ਹਨ ਅਤੇ ਕਈ ਵਾਰ ਨਕਾਰਾਤਮਕ ਰਵੱਈਆ ਅਪਣਾਅ ਲੈਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਮਾਪੇ ਬੱਚਿਆਂ ਨਾਲ ਬੈਠ ਕੇ ਉਨ੍ਹਾਂ ਨਾਲ ਗੱਲਾਂ ਸਾਂਝੀਆਂ ਕਰਨ ਅਤੇ ਪੁੱਛਣ ਕਿ ਉਨ੍ਹਾਂ ਦਾ ਦਿਨ ਕਿਵੇਂ ਬੀਤਿਆ ਹੈ ਅਤੇ ਉਨ੍ਹਾਂ ਨੇ ਸਾਰਾ ਦਿਨ ਕੀ ਕੀਤਾ ਹੈ। ਇੰਝ ਦੀ ਗੱਲਬਾਤ ਨਾਲ ਉਨ੍ਹਾਂ ਦੀਆਂ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦੂਰ ਹੋ ਜਾਣਗੀਆਂ।

2. ਮਾਪਿਆਂ ਨੂੰ ਚਾਹੀਦਾ ਹੈ ਕਿ ਘਰ ਵਿਚ ਸਾਰੇ ਬੱਚਿਆਂ ਨਾਲ ਇਕੋ ਜਿਹਾ ਹੀ ਵਰਤਾਓ ਕੀਤਾ ਜਾਵੇ। ਇਹ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਮਾਪੇ ਵੱਡੇ ਬੱਚੇ ਉੱਤੇ ਤਾਂ ਜ਼ਿੰਮੇਂਵਾਰੀਆ ਦਾ ਭਾਰ ਪਾ ਦੇਂਦੇ ਹਨ ਅਤੇ ਛੋਟੇ ਬੱਚੇ ਨੂੰ ਜ਼ਿਆਦਾ ਲਾਡਲਾ ਸਮਝ ਕੇ ਕੁਝ ਨਹੀਂ ਕਹਿੰਦੇ। ਇਸ ਕਰਕੇ ਹੀ ਭੈਣ ਭਾਈਆਂ ਵਿਚ ਈਰਖਾ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਭਾਵੇਂ ਮਾਪੇ ਤਾਂ ਕਹਿੰਦੇ ਹਨ ਕਿ ਉਹ ਬੱਚਿਆਂ ਨੂੰ ਇਕੋ ਜਿਹਾ ਹੀ ਪਿਆਰ ਕਰਦੇ ਹਨ ਅਤੇ ਕੋਈ ਵਿਤਕਰਾ ਨਹੀਂ ਕਰਦੇ। ਉਨ੍ਹਾਂ ਦੀਆਂ ਦਿਨ-ਪ੍ਰਤੀਦਿਨ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਵਿਚ ਕੋਈ ਫਰਕ ਨਹੀਂ ਕਰਦੇ, ਪਰੰਤੂ ਉਨ੍ਹਾਂ ਦੇ ਮਾਨਸਿਕ ਵਤੀਰੇ ਵਿਚ ਵੱਡੇ-ਛੋਟੇ ਅਤੇ ਭੈਣ-ਭਾਈਆਂ ਵਿਚ ਜ਼ਰੂਰ ਹੀ ਅੰਤਰ ਹੁੰਦਾ ਹੈ। ਅਸੀਂ ਮੁੰਡੇ ਨੂੰ ਤਾਂ ਵਿਰਾਸਤ ਸਮਝ ਕੇ ਜ਼ਿਆਦਾ ਪਿਆਰ ਕਰਦੇ ਹਾਂ ਅਤੇ ਲੜਕੀ ਨੂੰ ਪਰਾਇਆ ਧਨ ਸਮਝ ਕੇ ਮੁੰਡੇ ਨਾਲੋਂ ਵਿਤਕਰਾ ਕਰਦੇ ਹਾਂ। ਅਜਿਹਾ ਨਹੀਂ ਹੋਣਾ ਚਾਹੀਦਾ। ਜੇ ਘਰ ਵਿਚ ਦੋ ਜਾਂ ਤਿੰਨ ਲੜਕੀਆਂ ਹਨ ਲੜਕਾ ਕੇਵਲ ਇਕ ਹੀ ਹੈ, ਤਾਂ ਮਾਂ ਬਾਪ ਦਾ ਉਨ੍ਹਾਂ ਵੱਲ ਰੱਵਈਏ ਵਿਚ ਬਹੁਤ ਫਰਕ ਹੁੰਦਾ ਹੈ। ਜਿਸ ਕਾਰਨ ਲੜਕੀਆਂ ਵਿਚ ਹੀਣ ਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ ਅਤੇ ਮੁੰਡੇ ਜ਼ਿਆਦਾ ਸ਼ੇਖੀਖੋਰ ਅਤੇ ਆਪਣੀਆਂ ਭੈਣਾਂ 'ਤੇ ਰੋਹਬ ਪਾਉਣ ਵਾਲੇ ਬਣ ਜਾਂਦੇ ਹਨ।

3. ਪਰਿਵਾਰ ਵਿਚ ਬੱਚਿਆਂ ਦਾ ਕੋਈ ਆਪਸੀ ਮੁਕਾਬਲਾ ਨਹੀਂ ਕਰਨਾ ਚਾਹੀਦਾ ਕਿਉਂਕਿ ਹਰ ਬੱਚਾ ਕੁਝ ਮੂਲ-ਪ੍ਰਵਿਰਤੀਆਂ ਤੇ ਸੰਭਾਵੀ ਸ਼ਕਤੀਆਂ ਲੈ ਕੇ ਪੈਦਾ ਹੋਇਆ ਹੈ। ਉਸਦੀ ਰੁਚੀ, ਹੁਨਰ, ਯੋਗਤਾ, ਸਮਰੱਥਾ, ਲਿਆਕਤ ਇਕੋ ਜਿਹੀ ਨਹੀਂ ਹੁੰਦੀ। ਹਰੇਕ ਬੱਚੇ ਦੀ ਇਨ੍ਹਾਂ ਗੱਲਾਂ ਵਿੱਚ ਵਿਅਕਤੀਗਤ ਭਿੰਨਤਾ ਹੁੰਦੀ ਹੈ। ਇਕ ਬੱਚਾ ਕਿਸੇ ਚੀਜ਼ ਨੂੰ ਜਲਦੀ ਸਮਝ ਲੈਂਦਾ ਹੈ; ਪਰੰਤੂ ਦੂਜਾ ਕੋਈ ਹੋਰ ਬੱਚਾ ਉਸੇ ਚੀਜ਼ ਨੂੰ ਸਮਝਣ ਵਿਚ ਸਮਾਂ ਲਾ ਦੇਂਦਾ ਹੈ। ਹੋ ਸਕਦਾ ਹੈ ਕਿ ਇਕ ਬੱਚਾ ਪੜ੍ਹਾਈ ਵਿਚ ਲਾਇਕ ਹੈ ਅਤੇ ਦੂਜਾ ਬੱਚਾ ਪੜ੍ਹਾਈ ਵਿੱਚ ਕਮਜ਼ੋਰ। ਇਸ ਲਈ ਪੜ੍ਹਾਈ ਵਿਚ ਕਮਜ਼ੋਰ ਬੱਚੇ ਨੂੰ ਕੋਈ ਸਜ਼ਾ ਜਾਂ ਦੰਡ ਨਹੀਂ ਦੇਣਾ ਚਾਹੀਦਾ। ਕਿਉਂਕਿ ਹੋ ਸਕਦਾ ਹੈ ਕਿ ਜਮਾਂਦਰੂ ਹੀ ਉਹ ਘੱਟ ਬੁੱਧੀ ਦਾ ਮਾਲਿਕ ਹੋਵੇ। ਇਸ ਵਿਚ ਉਸ ਦਾ ਕੋਈ ਕਸੂਰ ਨਹੀਂ। ਸਗੋਂ ਅਜਿਹੇ ਬੱਚੇ ਵੱਲ ਉਸਾਰੂ ਤੇ ਹਮਦਰਦੀ ਭਰਿਆ ਵਤੀਰਾ ਹੋਣਾ ਚਾਹੀਦਾ ਹੈ। ਇਸ ਦਾ ਪ੍ਰਭਾਵ ਬੱਚੇ ਤੇ ਨਹੀਂ ਪੈਣ ਦੇਣਾ ਚਾਹੀਦਾ ਤਾਂ ਜੋ ਉਸ ਵਿਚ ਹੀਣਤਾ ਦੀਆਂ ਭਾਵਨਾਵਾਂ ਨਾ ਆ ਜਾਣ।

4. ਮਾਪਿਆਂ ਨੂੰ ਆਪਣੀਆਂ ਅਸਫਲਤਾਵਾਂ ਦਾ ਬੱਚਿਆਂ ਨੂੰ ਕਦੇ ਵੀ ਅਹਿਸਾਸ ਨਹੀਂ ਹੋਣ ਦੇਣਾ ਚਾਹੀਦਾ। ਉਨ੍ਹਾਂ ਨੂੰ ਆਪਣੀਆਂ ਅਧੂਰੀਆਂ ਖਾਹਿਸ਼ਾਂ ਬੱਚਿਆਂ 'ਤੇ ਠੋਸਣੀਆਂ ਨਹੀਂ ਚਾਹੀਦੀਆਂ। ਕੁਝ ਮਾਂ ਬਾਪ ਜ਼ਿੰਦਗੀ ਵਿਚ ਉਹ ਕੁਝ ਨਹੀਂ ਬਣ ਸਕੇ, ਜੋ ਉਹ ਬਣਨਾ ਚਾਹੁੰਦੇ ਸਨ। ਹੁਣ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਉਹ ਕੁਝ ਬਣਨ। ਜੇ ਬਾਪ ਜ਼ਿੰਦਗੀ ਵਿਚ ਆਈ.ਏ.ਐਸ. ਅਫਸਰ ਨਹੀਂ ਬਣ ਸਕਿਆ

ਤਾਂ ਹੁਣ ਉਹ ਚਾਹੁੰਦਾ ਹੈ ਕਿ ਉਸ ਦਾ ਲੜਕਾ ਜਾਂ ਲੜਕੀ ਆਈ.ਏ.ਐਸ. ਅਫਸਰ ਬਣੇ, ਜਿਸ ਲਈ ਮਾਪੇ ਬੱਚਿਆਂ ਤੇ ਪੜ੍ਹਾਈ ਦਾ ਬੋਝ ਪਾ ਦੇਂਦੇ ਹਨ। ਜਦ ਕਿ ਬੱਚਿਆਂ ਵਿਚ ਉਹ ਯੋਗਤਾ ਅਤੇ ਸਮਰੱਥਾ ਨਹੀਂ ਹੁੰਦੀ ਕਿ ਉਹ ਪ੍ਰਤੀਯੋਗਤਾ ਇਮਤਿਹਾਨ ਵਿਚ ਇਸ ਪੱਧਰ ਨੂੰ ਪਾਸ ਕਰ ਸਕਣ। ਇਸ ਤਰ੍ਹਾਂ ਬੱਚਿਆਂ ਦੇ ਦਿਮਾਗ ਤੇ ਬੋਝ ਪੈ ਜਾਵੇਗਾ ਅਤੇ ਫਿਰ ਉਹ ਮਾਨਸਿਕ ਦਬਾਉ ਤੇ ਤਣਾਉ ਕਾਰਨ ਕਈ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੋ ਜਾਵੇਗਾ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਯੋਗਤਾ ਤੇ ਰੁਚੀ ਅਨੁਸਾਰ ਹੀ ਜ਼ਿੰਦਗੀ ਵਿਚ ਕੁਝ ਬਣਨ ਲਈ ਉਤਸ਼ਾਹਿਤ ਕਰਨ। ਜੇ ਅਸੀਂ ਕਿਸ਼ੋਰ ਬੱਚਿਆਂ ਨੂੰ ਉਨ੍ਹਾਂ ਦੀਆਂ ਰੁਚੀਆਂ, ਯੋਗਤਾਵਾਂ, ਆਦਤਾਂ ਤੇ ਵਤੀਰੇ ਅਨੁਸਾਰ ਕਿਸੇ ਕਿੱਤੇ ਵਿਚ ਜਾਣ ਲਈ ਅਗਵਾਈ ਕਰਦੇ ਹਾਂ, ਤਾਂ ਉਹ ਕਿਸ਼ੋਰ ਬੱਚਾ ਉਸ ਕਿੱਤੇ ਵਿਚ ਬਹੁਤ ਹੀ ਸਫ਼ਲ ਹੋਵੇਗਾ ਅਤੇ ਆਪਣਾ ਤੇ ਆਪਣੇ ਪਰਿਵਾਰ ਦਾ ਨਾਂ ਰੋਸ਼ਨ ਕਰੇਗਾ।

5. ਮਾਪਿਆਂ ਨੂੰ ਆਪਣੇ ਬੱਚਿਆਂ ਲਈ, ਖਾਸ ਕਰਕੇ ਕਿਸ਼ੋਰ ਬੱਚਿਆਂ ਨੂੰ ਲੋੜ ਤੋਂ ਵੱਧ ਜੇਬ ਖਰਚਾ ਨਹੀਂ ਦੇਣਾ ਚਾਹੀਦਾ ਹੈ। ਜੇਬ ਖਰਚਾ ਨਾ ਦੇਣਾ ਜਾਂ ਘਟ ਦੇਣਾ ਵੀ ਵਾਜਬ ਨਹੀਂ ਹੈ। ਸਕੂਲ ਵਿਚ ਬੱਚੇ ਨੂੰ ਸਕੂਲ ਦੀ ਕੰਟੀਨ ਵਿੱਚ ਕੁਝ ਖਾਣ ਲਈ ਜਾਂ ਕੁਝ ਸਟੇਸ਼ਨਰੀ ਦਾ ਸਾਮਾਨ ਖਰੀਦਣ ਲਈ ਪੈਸਿਆਂ ਦੀ ਲੋੜ ਹੁੰਦੀ ਹੈ। ਜੇ ਉਸ ਪਾਸ ਪੈਸੇ ਨਹੀਂ ਹੋਣਗੇ ਤਾਂ ਉਹ ਕਿਸੇ ਦੋਸਤ ਤੋਂ ਪੈਸੇ ਮੰਗੇਗਾ ਜਾਂ ਫਿਰ ਚੋਰੀ ਕਰੇਗਾ, ਜਿਸ ਕਾਰਨ ਉਸ ਵਿਚ ਭੈੜੀਆਂ ਆਦਤਾਂ ਪੈ ਜਾਣਗੀਆਂ। ਜੇ ਬੱਚੇ ਕੋਲ ਲੋੜ ਤੋਂ ਵਧ ਪੈਸੇ ਹਨ, ਤਾਂ ਉਹ ਫਜ਼ੂਲ ਚੀਜ਼ਾਂ ਲਈ ਪੈਸੇ ਖਰਚੇਗਾ ਜਾਂ ਹੋ ਸਕਦਾ ਹੈ ਕਿ ਉਹ ਕੋਈ ਨਸ਼ਾ ਕਰਨ ਦੀ ਆਦਤ ਅਪਣਾਅ ਲਵੇ। ਇਸ ਲਈ ਜੇਬ ਖਰਚ ਬੱਚੇ ਨੂੰ ਲੋੜ ਮੁਤਾਬਿਕ ਹੀ ਦੇਣਾ ਚਾਹੀਦਾ ਹੈ। ਬੱਚੇ ਨੂੰ ਬਹੁਤਾ ਲਾਡਲਾ ਨਾ ਬਣਾਉ। ਉਸ ਨੂੰ ਸਿਰੇ ਨਹੀਂ ਚੜ੍ਹਾਉਣਾ ਚਾਹੀਦਾ। ਪਿਆਰ ਲਾਡ ਵਿਚ ਆਕੇ ਬੱਚੇ ਨੂੰ ਵਿਗਾੜਨਾ ਨਹੀਂ ਚਾਹੀਦਾ। ਜਿਆਦਾ ਲਾਡਲਾ ਰੱਖਿਆ (pampered) ਬੱਚਾ ਹੀ ਬਾਅਦ ਵਿਚ ਤੰਗ ਕਰਦਾ ਹੈ ਅਤੇ ਮਾਂ ਬਾਪ ਲਈ ਸਿਰਦਰਦੀ ਦਾ ਸਰੋਤ ਬਣਦਾ ਹੈ।

6. ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੀ ਸੰਗਤ ਵੱਲ ਪੂਰਾ ਧਿਆਨ ਰੱਖਣ। ਉਸ ਦੇ ਜਿਹੜੇ ਦੋਸਤ ਹਨ, ਉਹ ਉਨ੍ਹਾਂ ਨਾਲ ਕਿਵੇਂ ਸਮਾਂ ਬਿਤਾਉਂਦੇ ਹਨ। ਜੇ ਹੋ ਸਕੇ ਤਾਂ ਆਪਣੇ ਕਿਸ਼ੋਰ ਬੱਚਿਆਂ ਦੇ ਦੋਸਤਾਂ ਤੇ ਹਾਣੀਆਂ ਨੂੰ ਆਪਣੇ ਘਰ ਬੁਲਾਇਆ ਜਾਵੇ ਅਤੇ ਉਨ੍ਹਾਂ ਨਾਲ ਗੱਲ-ਬਾਤ ਕੀਤੀ ਜਾਵੇ। ਉਨ੍ਹਾਂ ਦੀਆਂ ਕੀ ਰੁਚੀਆਂ ਹਨ, ਉਨ੍ਹਾਂ ਦੇ ਕੀ ਸ਼ੁਗਲ ਹਨ, ਉਨ੍ਹਾਂ ਦੀਆਂ ਕਿਹੋ ਜਿਹੀਆਂ ਆਦਤਾਂ ਹਨ, ਇਨ੍ਹਾਂ ਬਾਰੇ ਜਾਣਨਾ ਬਹੁਤ ਹੀ ਜ਼ਰੂਰੀ ਹੈ।

7. ਮਾਪਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਰੇਕ ਬੱਚਾ ਪੜ੍ਹਾਈ ਵਿਚ ਲਾਇਕ ਨਹੀਂ ਹੋ ਸਕਦਾ। ਦਰਅਸਲ ਹਰੇਕ ਮਾਂ ਬਾਪ ਚਾਹੁੰਦੇ ਹਨ ਕਿ ਉਸ ਦਾ ਬੱਚਾ ਡਾਕਟਰ ਜਾਂ ਇੰਜਨੀਅਰ ਬਣੇ ਜਾਂ ਆਈ.ਏ.ਐਸ. ਅਫਸਰ ਜਾਂ ਫਿਰ ਉਸ ਦਾ ਹੀ ਕਾਰੋਬਾਰ ਸੰਭਾਲੇ ਪਰ ਹੋ ਸਕਦਾ ਹੈ ਕਿ ਬੱਚੇ ਦਾ ਇਨ੍ਹਾਂ ਵੱਲ ਕੋਈ ਰੁਝਾਨ ਅਤੇ ਰੁਚੀ ਹੀ ਨਾ ਹੋਵੇ; ਜਿਸ ਕਰਕੇ ਉਹ ਅਜਿਹਾ ਨਹੀਂ ਬਣਨਾ ਚਾਹੁੰਦਾ। ਉਹ ਇਕ ਚੰਗਾ ਖਿਡਾਰੀ ਬਣਨਾ ਚਾਹੁੰਦਾ ਹੈ ਜਾਂ ਉਸ ਦਾ ਸ਼ੌਕ ਸੰਗੀਤ, ਡਾਂਸ, ਪੇਂਟਿੰਗ ਜਾਂ ਕਿਸੇ ਹੋਰ ਕਲਾ ਵਿਚ ਹੋਵੇ। ਉਹ ਕਲਾਕਾਰ ਬਣਨਾ ਚਾਹੁੰਦਾ ਹੈ। ਉਹ ਆਪਣੀ ਅਦਾਕਾਰੀ ਕਰਕੇ ਟੀ.ਵੀ. ਜਾਂ ਫਿਲਮਾਂ ਵਿਚ ਐਕਟਰ ਬਣਨ ਦਾ ਚਾਹਵਾਨ ਹੈ। ਬੱਚਾ ਜੋ ਬਣਨਾ ਚਾਹੁੰਦਾ ਹੈ, ਉਸ ਨੂੰ ਬਣਨ ਦਿਉ। ਕੁਝ ਵੀ ਆਪਣੇ ਵੱਲੋਂ ਬੱਚੇ ਤੇ ਠੋਸਣਾ ਨਹੀਂ ਚਾਹੀਦਾ। ਜੇ ਉਹ ਆਪਣੀਆਂ ਰੁਚੀਆਂ, ਯੋਗਤਾਵਾਂ, ਰੁਝਾਨ ਅਨੁਸਾਰ ਕੁਝ ਬਣਦਾ ਹੈ; ਤਾਂ ਉਹ ਜ਼ਿੰਦਗੀ ਵਿਚ ਬਹੁਤ ਕਾਮਯਾਬ ਹੋਵੇਗਾ।

8. ਅੱਜ ਦੇ ਸਮੇਂ ਵਿੱਚ ਮੋਬਾਇਲ ਫੋਨ ਕਿਸ਼ੋਰ ਬੱਚਿਆਂ ਦੀ ਜ਼ਿੰਦਗੀ ਦਾ ਇਕ ਅਟੁੱਟ ਅੰਗ ਬਣ ਗਿਆ ਹੈ। ਕੋਈ ਵਿਅਕਤੀ ਐਸਾ ਨਹੀਂ ਹੋਵੇਗਾ, ਜਿਸ ਦੇ ਹੱਥ ਵਿਚ ਮੋਬਾਇਲ ਫੋਨ ਨਾ ਹੋਵੇ। ਇਸ ਨਵੀਂ ਟੈਕਨੋਲੋਜੀ ਨੇ ਕਿਸ਼ੋਰ ਬੱਚਿਆਂ ਨੂੰ ਵਿਗਾੜਨ ਵਿਚ ਬਹੁਤ ਯੋਗਦਾਨ ਪਾਇਆ ਹੈ। ਇਸ ਵਿਚ ਮਾਪੇ ਵੀ ਕਸੂਰਵਾਰ ਹਨ ਕਿਉਂਕਿ ਉਹ ਬਚਪਨ ਤੋਂ ਹੀ ਬੱਚਿਆਂ ਨੂੰ ਮੋਬਾਇਲ ਦੀ ਖਿੱਚ ਪਾ ਦੇਂਦੇ ਹਨ। ਅੱਜ-ਕੱਲ੍ਹ ਬਹੁਤ ਸਾਰੇ ਕਿਸ਼ੋਰ ਬੱਚੇ ਫੇਸ ਬੁੱਕ ਤੇ ਨਵੇਂ ਮੁੰਡੇ-ਕੁੜੀਆਂ ਨੂੰ ਮਿੱਤਰ ਬਣਾਂਦੇ ਹਨ ਅਤੇ ਫਿਰ ਉਨ੍ਹਾਂ ਨਾਲ ਅਸ਼ਲੀਲ ਗੱਲਾਂ ਕਰਦੇ ਹਨ। ਜਿਸ ਕਾਰਨ ਉਨ੍ਹਾਂ ਦਾ ਧਿਆਨ ਪੜ੍ਹਾਈ ਤੋਂ ਹੱਟ ਕੇ ਦੂਜੀਆਂ ਗਲਤ ਲੀਹਾਂ ਤੇ ਪੈ ਜਾਂਦਾ ਹੈ। ਏਥੇ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਨੂੰ ਠੀਕ ਅਗਵਾਈ ਦੇਣ ਤਾਂ ਜੋ ਉਨ੍ਹਾਂ ਨੂੰ ਅਜਿਹੀ ਕੋਝੀ ਬਿਮਾਰੀ ਤੋਂ ਬਚਾਇਆ ਜਾ ਸਕੇ।

*('ਕਿਸ਼ੋਰ ਬੱਚਿਆਂ ਦੀ ਮਾਨਸਿਕਤਾ' ਪੁਸਤਕ ਵਿਚੋਂ ਸੰਖੇਪ)*

# ਸੰਕਲਪਾਂ ਦੀ ਗਲਤ ਵਿਆਖਿਆ ਅੰਧਵਿਸ਼ਵਾਸਾਂ ਵਾਂਗ ਹੀ ਨੁਕਸਾਨਦੇਹ

**ਅਵਤਾਰ ਗੋਂਦਾਰਾ**

**ਕੁਦਰਤੀ ਵਰਤਾਰਿਆਂ ਮੀਂਹ, ਅੱਗ, ਭੁਚਾਲ, ਬੀਮਾਰੀਆਂ, ਮਹਾਂਮਾਰੀਆਂ ਬਾਰੇ ਨਾਸਮਝੀ ਕਾਰਣ, ਪੈਦਾ ਹੋਏ ਅੰਧਵਿਸ਼ਵਾਸ਼ਾਂ ਉੱਪਰ ਵਿਗਿਆਨ ਅਤੇ ਤਕਨੀਕ ਦੇ ਵਿਕਾਸ ਨਾਲ, ਕਾਫੀ ਹੱਦ ਤੱਕ ਕਾਬੂ ਪਾ ਲਿਆ ਗਿਐ। ਜਿਵੇਂ ਹੁਣ ਚੇਚਕ, (ਸ਼ੀਤਲਾ ਮਾਤਾ) ਦੀ ਕਰੋਪੀ ਨਹੀਂ ਰਹੀ। ਪਰ ਫਿਲਾਸਫੀ ਅਤੇ ਸਮਾਜਿਕ ਵਰਤਾਰਿਆਂ ਬਾਰੇ ਅੰਧਵਿਸ਼ਵਾਸ਼ ਹਾਲੇ ਅਣਛੋਹੇ ਹਨ, ਬਲਕਿ ਇਨ੍ਹਾਂ ਦੀਆਂ ਗਲਤ ਵਿਆਖਿਆਵਾਂ ਨੂੰ ਜਾਣ ਬੁੱਝ ਕੇ ਪਰਚਾਰਿਆ ਜਾ ਰਿਹਾ ਹੈ। ਇਨ੍ਹਾਂ ਗਲਤ ਵਿਆਖਿਆਵਾਂ ਬਾਰੇ ਚਰਚਾ ਕੀਤੀ ਜਾਣੀ ਚਾਹੀਦੀ ਹੈ ਅਤੇ ਅੰਧਵਿਸ਼ਵਾਸਾਂ ਵਾਂਗ ਇਨ੍ਹਾਂ ਦਾ ਖੰਡਨ ਕੀਤਾ ਜਾਣਾ ਚਾਹੀਦਾ ਹੈ। ਇਸ ਚਰਚਾ ਨੂੰ ਅਰਥਭਰਪੂਰ ਬਣਾਉਣ ਲਈ ਪਾਠਕਾਂ ਦੇ ਹੁੰਗਾਰਿਆਂ ਦੀ ਉਡੀਕ ਰਹੇਗੀ।**

**ਪਿਛੋਕੜ:**

ਵਹਿਮ-ਭਰਮ ਜਾਂ ਅੰਧਵਿਸ਼ਵਾਸ਼ਾਂ ਬਾਰੇ ਇਹ ਮੰਨ ਲਿਆ ਜਾਂਦਾ ਹੈ ਕਿ ਇਹ ਵਰਤਾਰੇ ਸਿਰਫ ਧਾਰਮਿਕ ਹਨ। ਗੈਰ-ਧਾਰਮਿਕ, ਅਕਾਦਮਿਕ, ਜਾਂ ਸਮਾਜਿਕ ਜ਼ਿੰਦਗੀ ਵਿੱਚ ਇਹਨਾਂ ਦੀ ਕੋਈ ਥਾਂ ਨਹੀਂ। ਪਰ ਜਦ ਅਸੀਂ ਦਾਰਸ਼ਨਿਕ ਬਹਿਸਾਂ, ਲਿਖਾਰੀਆਂ ਦੀਆਂ ਲਿਖਤਾਂ ਅਤੇ ਪੜ੍ਹੇ ਲਿਖੇ ਲੋਕਾਂ ਦੀਆਂ ਟਿੱਪਣੀਆਂ ਵਾਚਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਸ ਵਬਾ ਦਾ ਅਸਰ ਸਿਰਫ ਧਰਮ ਜਾਂ ਅਨਪੜ੍ਹਤਾ ਤੱਕ ਸੀਮਿਤ ਨਹੀਂ, ਇਸ ਨੇ ਸਾਡੇ ਬੌਧਿਕ, ਅਕਾਦਮਿਕ, ਸਮਾਜਿਕ ਅਤੇ ਸਿਆਸੀ ਸੰਸਾਰ ਨੂੰ ਵੀ ਗ੍ਰਸਿਆ ਹੋਇਆ ਹੈ। ਕੁਦਰਤੀ ਸ਼ਕਤੀਆਂ ਬਾਰੇ ਅੰਧਵਿਸ਼ਵਾਸ਼ ਤੇ ਵਹਿਮ-ਭਰਮ ਤਾਂ ਸੁਤੇਸਿੱਧ ਅਤੇ ਅਗਿਆਨਤਾ ਵਿੱਚੋਂ ਪੈਦਾ ਹੋਏ ਪਰ ਪਦਾਰਥਵਾਦ, ਜਮਹੂਰੀਅਤ, ਸੱਭਿਆਚਾਰ, ਪ੍ਰਤੀਬੱਧਤਾ, ਸੰਸਥਾਵਾਂ, ਨਾਬਰਾਬਰੀ, ਊਚ-ਨੀਚ, ਨਿਆਂ, ਗਰੀਬੀ, ਬੇਰੁਜ਼ਗਾਰੀ, ਜਾਤ-ਪਾਤ, ਹਿੰਸਾ, ਖੇਡਾਂ, ਵਿਰਸਾ ਆਦਿ ਸਮਾਜ-ਵਿਗਿਆਨਕ ਵਰਤਾਰਿਆਂ ਬਾਰੇ ਗਲਤ ਵਿਆਖਿਆਵਾਂ ਨੂੰ ਵਿਉਂਤਬੱਧ ਤਰੀਕੇ ਨਾਲ ਪ੍ਰਚਲਿਤ ਕੀਤਾ ਜਾ ਰਿਹਾ ਹੈ। ਇਸ ਲੇਖ ਵਿੱਚ ਪਦਾਰਥਵਾਦ ਅਤੇ ਵਿਚਾਰਵਾਦ ਬਾਰੇ ਦਰੁੱਸਤ ਅਤੇ ਗਲਤ ਵਿਆਖਿਆਵਾਂ ਬਾਰੇ ਗੱਲ ਕੀਤੀ ਜਾ ਰਹੀ ਹੈ।

**ਬੁਨਿਆਦੀ ਸੁਆਲ: ਪਦਾਰਥਵਾਦ ਬਨਾਮ ਵਿਚਾਰਵਾਦ**

ਦੁਨੀਆਂ ਕਿਵੇਂ ਹੋਂਦ ਵਿੱਚ ਆਈ, ਸਭ ਵਰਤਾਰੇ ਕਿਵੇਂ ਕੰਮ ਕਰਦੇ ਹਨ ਅਤੇ ਹਰ ਕਿਸਮ ਦੀਆਂ ਤਬਦੀਲੀਆਂ ਕਿਉਂ ਅਤੇ ਕਿਵੇਂ ਹੁੰਦੀਆਂ ਹਨ? ਇਹਨਾਂ ਦੇ ਜੁਆਬ ਲੱਭਣ ਲਈ, ਮਨੁੱਖ ਮੁੱਢ ਤੋਂ ਹੀ ਖੌਝੁਲਦਾ ਆ ਰਿਹਾ ਹੈ।

ਪਦਾਰਥਵਾਦੀ ਮੰਨਦੇ ਹਨ ਕਿ ਕੁਦਰਤ ਸਦਾ ਤੋਂ ਸੀ, ਇਸ ਦਾ ਕੋਈ ਕਾਦਰ ਨਹੀਂ, ਆਪਣੇ ਅੰਦਰਲੀਆਂ ਵਿਰੋਧਤਾਈਆਂ ਕਰਕੇ ਸਦਾ ਗਤੀਸ਼ੀਲ ਰਹਿੰਦਿਆਂ ਇਸ ਵਿੱਚ ਮਿਕਦਾਰੀ ਅਤੇ ਸਿਫਤੀ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਮਨੁੱਖ ਇਸ ਸਵੈ-ਪ੍ਰਕਿਰਿਆ ਦਾ ਸਿਖ਼ਰ ਹੈ। ਮਨੁੱਖ, ਸਮਾਜਿਕ ਆਲੇ ਦੁਆਲੇ ਦੀ ਪੈਦਾਵਾਰ ਹੈ। ਇਸ ਲਈ, ਮਨੁੱਖ ਦੇ ਵਧੀਆ ਬਣਨ ਲਈ ਉਸ ਦੇ ਆਲੇ ਦੁਆਲੇ ਨੂੰ ਵਧੀਆ ਬਣਾਉਣ ਦੀ ਲੋੜ ਹੈ। ਪਹਿਲਾ ਅਤੇ ਅੰਤਮ ਸੱਚ ਪਦਾਰਥ ਹੀ ਹੈ। ਪਦਾਰਥਵਾਦ, ਮਨੁੱਖ ਲਈ ਆਲੇ ਦੁਆਲੇ ਨੂੰ ਵਧੀਆ ਬਣਾਉਣ ਦਾ ਟਾਸਕ ਦਿੰਦਾ ਹੈ, ਜਿਸ ਨੂੰ ਕਿਸੇ ਕਥਿਤ 'ਉਪਰਲੀ' ਸੱਤਾ ਨੇ ਠੀਕ ਨਹੀਂ ਕਰਨਾ।

ਇਸ ਦੇ ਉਲਟ, ਵਿਚਾਰਵਾਦੀਆਂ ਦੀ ਧਾਰਨਾ ਹੈ- ਕੁਦਰਤ ਨੂੰ ਬਣਾਉਣ ਵਾਲਾ ਕਾਦਰ, ਕੋਈ 'ਦੈਵੀ ਚੇਤਨਾ, ਵਿਚਾਰ, ਰੱਬ ਜਾਂ ਅੱਲਾ' ਵਰਗੀ ਸ਼ਕਤੀ ਹੈ। ਇਹ ਕਥਿੱਤ ਸ਼ਕਤੀ ਸਥਿਰ, ਸਰਬਸ਼ਕਤੀਮਾਨ, ਜਾਣੀਜਾਣ, ਸਰਬਵਿਆਪੀ ਹੈ। ਇਸ ਦੀ ਮਰਜ਼ੀ ਨਾਲ ਦੁੱਖ-ਸੁੱਖ, ਅਮੀਰੀ ਗਰੀਬੀ ਆਉਂਦੀ ਹੈ। ਬੰਦੇ ਦੇ ਹੱਥ ਵਿੱਚ ਕੁਝ ਨਹੀਂ। ਪਾਠ ਪੂਜਾ, ਮੰਨਤ, ਜਾਂ ਅਰਦਾਸ ਕਰਕੇ ਉਸ ਦੀ ਮਿਹਰ ਹੋ ਜਾਏ ਤਾਂ ਠੀਕ ਹੈ, ਨਹੀਂ ਭਾਣਾ ਮੰਨੇ, ਸਬਰ ਕਰੇ। ਦਿਸਦਾ ਸੰਸਾਰ ਮਾਇਆ ਹੈ। ਧਾਰਮਿਕ ਪ੍ਰਚਾਰਕ, ਨਿਤ ਦਿਨ ਇਹੀ ਵਿਖਿਆਨ ਦਿੰਦੇ ਆ, "ਬੰਦਿਆ ਤੇਰੇ ਹੱਥ ਵੱਸ ਕੁਝ ਨਹੀਂ, ਸਭ ਕੁਝ ਪਹਿਲਾਂ ਤਹਿ ਹੋ ਚੁੱਕਾ ਹੈ, ਤੂੰ ਤਾਂ ਕੈਸਟ ਵਾਂਗ ਸਿਰਫ ਵੱਜਣਾ ਹੈ।" ਇਹ ਬੰਦੇ ਕੋਲੋਂ ਉਸ ਦੀ ਪਹਿਲਕਦਮੀ ਖੋਹ ਕੇ, ਉਸ ਨੂੰ ਕੱਠਪੁਤਲੀ 'ਚ ਬਦਲ ਦਿੰਦੇ ਹਨ। ਆਪਣੀ ਹੋਣੀ ਦਾ ਮਾਲਕ ਆਪ ਬਣਨ ਦੇ ਰਾਹ ਨਹੀਂ ਪੈਣ ਦਿੰਦੇ। ਵਗੈਰਾ ਵਗੈਰਾ। ਇਹ ਦੋ ਵਿਆਖਿਆਵਾਂ , ਦਰਅਸਲ ਦੋ ਦ੍ਰਿਸ਼ਟੀਕੋਣ ਹਨ, ਜੋ ਸ਼ਾਸ਼ਿਤ (ਪਰਜਾ) ਅਤੇ ਸ਼ਾਸ਼ਕਾਂ (ਹਾਕਮ) ਦੀ ਨੁੰਮਾਇੰਦਗੀ ਕਰਦੀਆਂ ਹਨ।

**ਵਿਚਾਰਵਾਦ ਨਾਲ ਸ਼ਾਸ਼ਕਾਂ ਦਾ ਰਿਸ਼ਤਾ:**

ਵਿਚਾਰਵਾਦ ਅਸਲ ਵਿੱਚ ਸੱਤਾਧਾਰੀਆਂ ਦਾ ਸੰਦ ਹੈ। ਇਤਿਹਾਸ ਗਵਾਹ ਹੈ ਕਿ ਰਾਜਿਆਂ ਨੇ ਆਪਣੇ ਰਾਜ ਦੀ ਵੈਧਤਾ ਲਈ, ਖੁਦ ਨੂੰ ਖ਼ੁਦਾ ਦਾ 'ਪ੍ਰਤੀਨਿਧ' ਐਲਾਨਿਆ ਅਤੇ

ਪਰਜਾ ਨੂੰ ਆਵਦੀ ਜਾਇਦਾਦ। ਹੁਣ ਵੀ ਚੁਣੇ ਹੋਏ ਆਗੂਆਂ ਦਾ, ਗੱਦੀਨਸ਼ੀਨ ਹੁੰਦਿਆਂ, ਪਹਿਲਾ ਕੰਮ ਆਪਣੇ ਇਸ਼ਟ ਦੇ ਚਰਨੀ ਹੱਥ ਲਾਉਣਾ ਹੈ। ਆਪਣੀ ਸੱਤਾ ਨੂੰ, ਲੋਕਾਂ ਤੋਂ ਉਪਰ, ਦੈਵੀ ਛੱਤਰੀ ਹੇਠ ਲਿਆਉਣਾ ਹੈ। ਪਿਛਲੇ ਦੋ ਢਾਈ ਹਜ਼ਾਰ ਸਾਲ ਦਾ ਸਿਲਸਿਲਾ ਦੇਖੀਏ ਤਾਂ ਲੜੀ ਜੁੜਦੀ ਜਾਂਦੀ ਹੈ ਕਿ ਕਿਵੇਂ ਚਰਚ, ਦੁਨੀਆਂ ਭਰ ਵਿੱਚ, ਰਾਜਾਸ਼ਾਹੀ ਅਤੇ ਬਸਤੀਵਾਦ ਦਾ ਅਗਵਾਨੂੰ ਬਣਿਆ। ਇਸਲਾਮ ਦੇ ਹਵਾਲੇ ਨਾਲ ਮੁਸਲਿਮ ਲੀਗ ਨੂੰ ਪਾਕਿਸਤਾਨ ਮਿਲਿਆ। ਪੰਜਾਬੀ ਸੂਬੀ ਵਿੱਚ, ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਹਾਕਿਆਂ ਬੱਧੀ, ਅਕਾਲੀਆਂ ਨੂੰ ਸੱਤਾ 'ਚ ਟਿਕਾਈ ਰੱਖਿਆ। ਇਹੀ ਕੰਮ ਭਾਰਤ ਵਿੱਚ ਹੁਣ ਹਿੰਦੂਤਵਾ ਕਰ ਰਿਹਾ ਹੈ। ਸਮਾਜ-ਵਿਗਿਆਨੀਆਂ ਲਈ ਇਹ ਖੋਜ ਦਾ ਵਿਸ਼ਾ ਹੈ ਕਿ ਚਰਚ, ਇਸਲਾਮ, ਸਿੱਖੀ ਅਤੇ ਹਿੰਦੂਤਵਾ ਕਰਕੇ, ਆਪੋ ਆਪਣੇ ਖਿਤਿਆਂ ਵਿੱਚ ਆਮ ਲੋਕਾਂ ਦੀ ਸਥਿੱਤੀ ਵਿੱਚ ਕੀ ਅਤੇ ਕਿੰਨਾ ਸੁਧਾਰ ਹੋਇਆ?

**ਵਿਚਾਰਵਾਦ, ਪਦਾਰਥਵਾਦ ਨੂੰ ਤਰਕ ਅਤੇ ਦਲੀਲ ਨਾਲ ਮਾਤ ਨਹੀਂ ਦੇ ਸਕਦਾ। ਸੌਖਾ ਇਹੀ ਹੈ ਕਿ ਇਸ ਨੂੰ ਬੱਦੂ ਕਰਕੇ, ਬੰਦੇ, ਸਮਾਜ ਜਾਂ ਦੁਨੀਆਂ ਵਿੱਚ ਵਿਆਪਕ ਬੁਰਾਈਆਂ ਨੂੰ ਪਦਾਰਥਵਾਦ ਸਿਰ ਮੜ ਦਿਓ। ਕਿਸੇ ਵੀ ਪ੍ਰਚਾਰਕ ਜਾਂ ਪ੍ਰੋਫੈਸਰਨੁਮਾ ਬੁਲਾਰੇ ਨੂੰ ਸੁਣ ਲਓ, ਉਹ ਇਹ ਜ਼ਰੂਰ ਆਖੂ, 'ਹਰ ਪਾਸੇ ਆਏ ਨਿਘਾਰ ਦਾ ਕਾਰਣ ਇਹ ਹੈ ਕਿ ਲੋਕ ਪਦਾਰਥਵਾਦੀ ਰੁਚੀਆਂ ਦੇ ਹੋ ਗਏ ਹਨ।'**

ਵਿਚਾਰਵਾਦ, ਆਪਣੇ ਧਾਰਮਿਕ ਰੂਟ ਰਾਹੀਂ, ਪੈਦਾਵਾਰ ਦੇ ਸਾਧਨਾਂ ਉੱਪਰ ਕਾਬਜ਼ ਇੱਕ ਛੋਟੇ ਜਿਹੇ ਧੜੇ ਨੂੰ, ਸੱਤਾ ਵਿੱਚ ਲਿਆਉਣ ਅਤੇ ਟਿਕਾਈ ਰੱਖਣ ਵਿੱਚ ਭਾਗੀਦਾਰ ਬਣਿਆ ਹੈ। ਇਸੇ ਲਈ ਵਿਚਾਰਵਾਦੀ ਅਦਾਰਿਆਂ ਨੂੰ ਸਰਕਾਰੀ ਸ਼ਹਿ ਅਤੇ ਰਿਆਇਤਾਂ ਮਿਲਦੀਆਂ ਹਨ, ਕੋਈ ਆਮਦਨ ਕਰ ਨਹੀਂ। ਇਸੇ ਇਵਜ਼ ਵਿੱਚ ਉਹ ਆਪਣੀਆਂ ਧਾਰਮਿਕ ਹਦਾਇਤਾਂ ਰਾਹੀਂ ਆਮ ਲੋਕਾਂ ਦੀ ਇਨਕਲਾਬੀ ਚਿਣਗ ਬੁਝਾ ਕੇ ਚੰਗੇ ਭਲੇ ਮਨੁੱਖ ਨੂੰ ਲਾਦੂ ਬਣਾ ਦਿੰਦੇ ਹਨ। ਉਹ ਕਦੇ ਕਦਾਈਂ, ਆਪਣੀ ਬਹਾਦਰੀ ਵੀ ਆਜ਼ਾਦ ਹੋਣ ਲਈ ਨਹੀ ਦਿਖਾਉਂਦਾ, ਸਗੋਂ ਆਪਣੇ ਉੱਪਰ ਸਵਾਰ ਹੋਈ ਧਿਰ ਨੂੰ ਖੁਸ਼ ਕਰਨ ਲਈ ਉਸ ਦੀ ਖਿਦਮਤ ਕਰਦਾ ਹੈ। ਇਸੇ ਕਰਕੇ, ਪਦਾਰਥਵਾਦ ਅਤੇ ਵਿਚਾਰਵਾਦ ਦੀ ਸਿਧਾਂਤਕ ਸ਼ਰੀਕੇਬਾਜੀ ਹੈ।

**ਪਦਾਰਥਵਾਦ ਬਾਰੇ ਦੁਰਪ੍ਰਚਾਰ:**

ਅਜੋਕੇ ਸਮਾਜਾਂ ਵਿੱਚ ਵਿਆਪਕ ਕਿਸੇ ਵੀ ਕਿਸਮ ਦੇ ਨੈਤਿਕ ਜਾਂ ਸਮਾਜਿਕ ਨਿਘਾਰ ਦੀ ਜਦੋਂ ਗੱਲ ਹੁੰਦੀ ਹੈ ਤਾਂ ਧਾਰਮਿਕ ਅਤੇ ਵਿਚਾਰਵਾਦੀ (Idealism) ਪ੍ਰਚਾਰਕਾਂ ਵੱਲੋਂ, ਪਦਾਰਥਵਾਦ (Materialism) ਦੇ ਸੰਕਲਪ ਨੂੰ, ਛੁਟਿਆਇਆ ਅਤੇ ਭੰਡਿਆ ਜਾਂਦਾ ਹੈ। ਉਹ ਭਾਵੇਂ ਖਪਤਵਾਦ, ਲਾਲਚ, ਨਸ਼ੇ, ਜਮਾਖ਼ੋਰੀ, ਰਿਸ਼ਵਤ ਜਾਂ ਰਿਸ਼ਤਿਆਂ 'ਚ ਆਇਆ ਨਿਘਾਰ ਹੋਵੇ, ਜਾਂ ਮੁਲਕਾਂ ਦੀਆਂ ਆਪਸੀ ਲੜਾਈਆਂ। ਇਸ ਦਾ ਇੱਕੋ ਇੱਕ ਕਾਰਨ ਦੱਸਿਆ ਜਾਂਦਾ ਹੈ ਕਿ ਲੋਕ **ਪਦਾਰਥਵਾਦੀ ਰੁਚੀਆਂ** ਦੇ ਧਾਰਨੀ ਹੋ ਗਏ ਹਨ। ਹੱਲ ਇਹ ਹੈ ਕਿ ਉਨ੍ਹਾਂ ਨੂੰ ਧਰਮ ਅਤੇ ਅਧਿਆਤਮ ਵੱਲ ਮੋੜਿਆ ਜਾਵੇ। ਧਰਮ, ਵਿਚਾਰਵਾਦ ਦਾ ਹੀ ਕਸ਼ੀਦਿਆਂ ਹੋਇਆ ਰੂਪ ਹੈ।

ਵਿਚਾਰਵਾਦ, ਪਦਾਰਥਵਾਦ ਨੂੰ ਤਰਕ ਅਤੇ ਦਲੀਲ ਨਾਲ ਮਾਤ ਨਹੀਂ ਦੇ ਸਕਦਾ। ਸੌਖਾ ਇਹੀ ਹੈ ਕਿ ਇਸ ਨੂੰ ਬੱਦੂ ਕਰਕੇ, ਬੰਦੇ, ਸਮਾਜ ਜਾਂ ਦੁਨੀਆਂ ਵਿੱਚ ਵਿਆਪਕ ਬੁਰਾਈਆਂ ਨੂੰ ਪਦਾਰਥਵਾਦ ਸਿਰ ਮੜ ਦਿਓ। ਕਿਸੇ ਵੀ ਪ੍ਰਚਾਰਕ ਜਾਂ ਪ੍ਰੋਫੈਸਰਨੁਮਾ ਬੁਲਾਰੇ ਨੂੰ ਸੁਣ ਲਓ, ਉਹ ਇਹ ਜ਼ਰੂਰ ਆਖੂ, 'ਹਰ ਪਾਸੇ ਆਏ ਨਿਘਾਰ ਦਾ ਕਾਰਣ ਇਹ ਹੈ ਕਿ ਲੋਕ ਪਦਾਰਥਵਾਦੀ ਰੁਚੀਆਂ ਦੇ ਹੋ ਗਏ ਹਨ।' ਉਸ ਦੀ ਗੱਲ ਦਾ ਸਾਰ ਇਹੀ ਹੁੰਦੈ ਕਿ ਲੋਕਾਂ ਨੂੰ ਵਿਚਾਰਵਾਦ, ਧਰਮ ਜਾਂ ਅਧਿਆਤਮ ਦੇ ਲੜ ਲਾਇਆ ਜਾਵੇ। ਬਹੁਤ ਹੀ ਜਗਤ ਪ੍ਰਸਿੱਧ ਬੀਮਾਰੀ, ਭ੍ਰਿਸ਼ਟਾਚਾਰ' ਦੀ ਉਦਾਹਰਣ ਲਈ ਜਾ ਸਕਦੀ ਹੈ। ਜੇ ਇਹ ਪਦਾਰਥਵਾਦ ਕਰਕੇ ਹੁੰਦਾ ਤਾਂ ਧਾਰਮਿਕ ਅਦਾਰਿਆਂ, ਗਿਰਜਾ ਘਰਾਂ, ਗੋਲਕ ਚੋਰੀਆਂ ਅਤੇ ਡੇਰਿਆਂ ਵਿੱਚ ਅਨੈਤਿਕ ਕਾਰਵਾਈਆਂ ਕਿਉਂ ਹੁੰਦੀਆਂ।

ਵਿਚਾਰਵਾਦੀਆਂ ਵੱਲੋਂ ਮਨੁੱਖ ਦੇ 'ਮਾੜੇ ਸੁਭਾਅ' ਨੂੰ ਵੀ ਅਕਸਰ ਨਿਸ਼ਾਨਾ ਬਣਾਇਆ ਜਾਂਦਾ ਹੈ। ਮਨੁੱਖ ਵਿੱਚ ਨਿੱਜਵਾਦ ਅਤੇ ਸਹਿਚਾਰ ਦੀਆਂ ਦੋਨੋਂ ਪ੍ਰਵਿਰਤੀਆਂ ਹਨ। ਰੌਲਾ ਇਕੱਲੇ ਸੁਭਾਅ ਦਾ ਨਹੀਂ, ਉਸ ਦੇ ਆਲੇ ਦੁਆਲੇ ਦਾ ਵੀ ਹੈ। ਜੇ ਹਾਲਤਾਂ ਜੋੜਨ ਵਾਲੀਆਂ ਹਨ ਤਾਂ ਨਿੱਜਤਾ ਛਿੱਪੀ ਰਹਿੰਦੀ ਹੈ, ਜੇ ਤੋੜਨ ਵਾਲੀਆਂ ਹੋਣ, ਤਾਂ ਖਿਲਾਰਾ ਪੈ ਜਾਂਦਾ ਹੈ। ਸਿੱਖਿਆ ਅਤੇ ਹਾਲਤਾਂ ਦੇ ਜੋੜਮੇਲ ਨਾਲ ਇੰਨਾਂ ਵਿੱਚੋਂ ਕੋਈ ਵੀ ਭਾਰੂ ਪੈ ਸਕਦੀ ਹੈ। ਬਹਤੀਆਂ ਕੁਰੀਤੀਆਂ ਕਾਣੀ ਵੰਡ ਵਿੱਚੋਂ ਨਿਕਲਦੀਆਂ ਹਨ, ਜੋ ਵਿਅਕਤੀ ਦੇ ਸਵੈ-ਹਿੱਤ (Self-interest) ਅਤੇ ਸਮੂਹਿਕ-ਹਿੱਤ (Common-interests) ਨੂੰ ਇੱਕ ਦੂਏ ਖਿਲਾਫ ਖੜਾ ਦਿੰਦੀ ਹੈ।

ਖ਼ੁਦਗਰਜ਼ੀ, ਲਾਲਚ, ਬੇਵਿਸਾਹੀ, ਮਾਰੋਧਾੜ ਅਤੇ ਯੁੱਧ ਇਸਦਾ ਵਿਸਥਾਰ ਹੀ ਹਨ। ਭਰਮ ਇਹੀ ਸਿਰਜਿਆ ਜਾਂਦੈ ਕਿ ਬਾਕੀ ਤਾਂ ਸਭ ਠੀਕ ਹੈ, ਬੰਦੇ ਹੀ ਮਾੜੇ ਹਨ। ਬੰਦੇ ਇਸ ਕਰਕੇ ਮਾੜੇ ਹਨ, ਕਿਉਂਕਿ ਉਹ ਪਦਾਰਥਵਾਦੀ ਰੁਚੀਆਂ ਦੇ ਹੋ ਗਏ ਹਨ। ਕੋਈ ਵੀ ਭਰਮ, ਇੱਕ ਹੱਦ ਟੱਪਣ ਮਗਰੋਂ, ਅੰਧ-ਵਿਸ਼ਵਾਸ਼ ਬਣ ਜਾਂਦੈ, ਜੋ ਪੜ੍ਹਿਆ ਲਿਖਿਆਂ ਨੂੰ ਵੀ ਆਪਣੀ ਜੱਦ ਵਿੱਚ ਲੈ ਲੈਂਦਾ ਹੈ। ਦਾਰਸ਼ਨਿਕ ਪੱਖੋਂ ਇਹ ਬੌਧਿਕ ਬੇਈਮਾਨੀ ਵੀ ਹੈ। ਇਸ ਦਾ ਅਸਰ ਇਹ ਹੋਇਐ ਕਿ ਅਗਾਂਵਧੂ ਲੋਕ ਵੀ ਆਪਣੇ ਪਦਾਰਥਵਾਦੀ ਹੋਣ ਨੂੰ ਲੁਕੋ ਕੇ ਰੱਖਦੇ ਹਨ ਅਤੇ ਸਮਾਜ ਵਿੱਚ ਵਿਚਰਦਿਆਂ, ਬਹੁ-ਸੰਮਤੀ ਵਾਂਗ 'ਸੱਚੇ ਧਰਮੀ' ਦਿਸਣ ਦਾ ਸਾਂਗ ਕਰਦੇ ਹਨ।

**ਸੁਨੇਹਾ:**

ਤੁਸੀਂ ਭਾਵੇਂ ਅਨਪੜ੍ਹ ਹੋਵੋ ਜਾਂ ਵਿਸ਼ਵਵਿਦਿਆਲੇ ਦੇ ਉਪ-ਕੁਲਪਤੀ, ਜੇ ਤੁਸੀ ਵਿਚਾਰਵਾਦੀ ਹੋ ਤਾਂ ਤੁਹਾਡੀ ਸੋਚ ਸਚਾਈ ਨਾਲ ਮੇਲ ਨਹੀਂ ਖਾਂਦੀ। ਪਦਾਰਥਵਾਦ ਤੁਹਾਨੂੰ ਆਪਣੇ ਆਪ ਦੀ ਸੋਝੀ ਕਰਾਉਂਦਿਆਂ, ਆਲੇ ਦੁਆਲੇ ਅਤੇ ਕੁਲ ਕਾਇਨਾਤ ਨਾਲ ਜੋੜਦਾ ਹੈ। ਪਦਾਰਥਵਾਦ ਦੀ ਵਿਰੋਧ-ਵਿਕਾਸੀ ਵਰਤੋਂ ਮਾਸਟਰ-ਕੁੰਜੀ ਹੈ। ਇਸ ਨਾਲ ਸਮੱਸਿਆਂਵਾਂ ਅਤੇ ਵਰਤਾਰਿਆਂ ਦੀਆਂ ਪਰਤਾਂ ਖੁੱਲ੍ਹਦੀਆਂ ਹਨ। ਪਦਾਰਥਵਾਦੀ ਹੋਣ ਦਾ ਭਾਵ ਹੈ, ਹਰ ਵਰਤਾਰੇ ਅੰਦਰਲੀ ਗਤੀ ਨੂੰ ਸਮਝਣਾ (ਭਾਵ ਉਸ ਨੂੰ ਕੋਈ ਬਾਹਰੋਂ ਨਹੀਂ ਚਲਾ ਰਿਹਾ), ਗਤੀ ਨੂੰ ਚਲਾਉਣ ਵਾਲੇ ਵਿਚਲੇ ਵਿਰੋਧਾਂ ਨੂੰ ਦੇਖਣਾ, ਵਿਰੋਧਾਂ ਦੇ ਦੋਸਤਾਨਾ ਜਾਂ ਦੁਸ਼ਮਣਾਨਾ ਸੁਭਾਅ ਦੀ ਨਿਸ਼ਾਨਦੇਹੀ ਕਰਨੀ, ਇਹ ਵਿਰੋਧ ਕਿਸ ਪੜਾਅ ਤੇ ਪਹੁੰਚਿਆ ਹੈ, ਇਸ ਦਾ ਹੱਲ ਕੀ ਹੋਊ? ਕੋਈ ਗਰੀਬ ਕਿਉਂ ਹੈ, ਪੈਸਾ ਕੁਝ ਹੱਥਾਂ ਵਿੱਚ ਇਕੱਠਾ ਕਿਉਂ ਹੁੰਦਾ ਹੈ, ਲੜਾਈਆਂ ਝਗੜੇ ਕਿਉਂ ਹਨ?

ਪਰਿਵਾਰਾਂ ਦੇ ਟੁੱਟਣ ਦੇ ਵਰਤਾਰੇ ਦੀ ਉਦਾਹਰਣ ਲਈ ਜਾ ਸਕਦੀ ਹੈ। ਪਦਾਰਥਵਾਦੀ ਦੇਖੂ, ਕਿ ਪਰਿਵਾਰ ਦੀ ਸੰਸਥਾ ਹੋਂਦ ਵਿੱਚ ਕਿਵੇਂ ਆਈ? 'ਮਾਂ-ਪ੍ਰਧਾਨ ਪਰਿਵਾਰ', 'ਪਿਤਾ ਪ੍ਰਧਾਨ ਪਰਿਵਾਰ', 'ਸਾਂਝੇ ਪਰਿਵਾਰ', 'ਇਕਹਿਰੇ ਪਰਿਵਾਰ', ਅਤੇ ਹੁਣ 'ਅਣਵਿਆਹੇ ਪਰਿਵਾਰ' ਦਾ ਸਿਲਸਿਲਾ ਕਿਵੇਂ ਸ਼ੁਰੂ ਹੋਇਆ? ਵਿਚਾਰਵਾਦੀ ਲਈ ਰਿਸ਼ਤੇ 'ਧੁਰੋਂ ਜੁੜੇ' ਹੋਏ ਹੁੰਦੇ ਹਨ, ਉਸ ਲਈ ਜ਼ਮੀਨੀ ਹਕੀਕਤਾਂ ਦਾ ਕੋਈ ਮਤਲਬ ਨਹੀਂ। ਉਹ ਕਹਿਣਗੇ, ਬਈ ਪਰਿਵਾਰ ਇਸ ਕਰਕੇ ਟੁੱਟ ਰਿਹੈ, ਕਿ ਲੋਕ 'ਪਦਾਰਥਵਾਦੀ' ਹੋਗੇ, ਉਨ੍ਹਾਂ ਵਿੱਚ 'ਪਿਆਰ' ਨਹੀਂ ਰਿਹਾ, ਉਨ੍ਹਾਂ ਦਾ 'ਲਹੂ ਚਿੱਟਾ' ਹੋ ਗਿਐ। ਜੇ ਬੀਮਾਰੀ ਦੀ ਤਸ਼ਖ਼ੀਸ਼ ਸਹੀ ਨਹੀਂ, ਫਿਰ ਇਲਾਜ ਕਿਵੇਂ ਹੋਊ। ਵਿਚਾਰਵਾਦ, ਵਰਤਾਰਿਆਂ ਨੂੰ ਅੰਦਰੋਂ ਨਹੀਂ ਸਮਝਣ ਦਿੰਦਾ। ਨਿਰਾਧਾਰ ਵਿਆਖਿਆਂਵਾਂ ਅਤੇ ਵਿਚਾਰਾਂ ਦੀਆਂ ਭੁੱਲ-ਭੁਲੱਈਆਂ ਵਿੱਚ ਉਹ ਰੋਲ ਦਿੰਦਾ ਹੈ; 'ਪਿਛਲਾ ਜਨਮ', 'ਮਾੜੀ ਕਿਸਮਤ', 'ਮੱਥੇ ਜਾਂ ਹੱਥਾਂ ਦੀਆਂ ਲਕੀਰਾਂ', 'ਉਪਰਲੇ ਦੀ ਰਜ਼ਾ'। ਵਿਚਾਰਵਾਦ ਬੀਮਾਰੀ ਸਮਝ ਕੇ ਇਲਾਜ ਕਰਨ ਦੀ ਬਜਾਏ, ਬੀਮਾਰ ਨੂੰ ਮਾਰਨ ਵਿੱਚ ਰੁਚਿਤ ਹੁੰਦਾ ਹੈ। ਵਿਚਾਰਵਾਦੀਆਂ/ਈਸ਼ਵਰਵਾਦੀਆਂ ਨੇ ਇਸ ਦੁਨੀਆਂ ਨੂੰ ਸੋਹਣਾ ਬਣਾਉਣ ਬਾਰੇ ਕੀ ਕਰਨੈ, ਜਿੰਨ੍ਹਾਂ ਲਈ ਇਹ ਜਗਤ ਮਾਇਆ ਹੈ। ਉਹ ਤਾਂ ਮਰਨ ਉਪਰੰਤ, 'ਰੱਬ ਦੇ ਚਰਨਾਂ', ਜਾਂ 'ਸੁਰਗਾਂ ਵਿੱਚ' ਥਾਂ ਮਿਲਣ ਦੇ ਫਿਕਰ ਵਿੱਚ ਡੁੱਬੇ ਰਹਿੰਦੇ ਹਨ।

**ਪਦਾਰਥਵਾਦੀ ਹੋਣ ਦਾ ਭਾਵ ਇਹ ਨਹੀਂ ਕਿ ਅਸੀਂ ਵਿਚਾਰਾਂ ਦੇ ਮਹੱਤਵ ਨੂੰ ਨਹੀਂ ਸਮਝਦੇ।** ਅਸੀਂ ਹਰ ਸਹੀ ਵਿਚਾਰ ਨੂੰ ਗਲ ਲਾਉਂਦੇ ਹਾਂ, ਜੋ ਹਕੀਕਤ ਦੀ ਸੱਚੀ ਤਰਜਮਾਨੀ ਕਰਦਾ ਹੈ। ਪਦਾਰਥਵਾਦ ਦਾ ਇਹ ਵਿਰੋਧ-ਵਿਕਾਸੀ ਰੂਪ ਹੈ। ਇਸ ਦੇ ਉਲਟ, ਵਿਚਾਰਵਾਦ, ਵਿਚਾਰਾਂ ਨੂੰ ਹਕੀਕਤ ਨਾਲੋਂ ਤੋੜਦਿਆਂ' ਇਹਨਾਂ ਨੂੰ ਅਸਮਾਨੀ, ਅਤੇ ਆਮ ਜ਼ਿੰਦਗੀ ਤੋਂ ਬਾਹਰੀ, ਅਜ਼ਾਦਾਨਾ ਚੀਜ਼ ਬਣਾ ਦਿੰਦਾ ਹੈ। ਸੱਚੇ ਅਤੇ ਝੂਠੇ ਵਿਚਾਰਾਂ ਵਿਚਲੇ ਫਰਕ ਨੂੰ ਜਾਨਣ ਲਈ, ਸਾਨੂੰ ਪਦਾਰਥਵਾਦੀ ਬਣਨਾ ਪਊ। ਲੋੜ ਇਸ ਗੱਲ ਦੀ ਹੈ ਕਿ ਪਦਾਰਥਵਾਦ ਬਾਰੇ ਵਿਆਖਿਆਏ ਜਾਂਦੇ ਹਰ ਭਰਮ-ਭੁਲੇਖੇ ਅਤੇ ਅੰਧਵਿਸ਼ਵਾਸ਼ ਵਿਰੁੱਧ ਖੁੱਲ੍ਹ ਕੇ ਬੋਲਿਆ ਜਾਵੇ। ਆਪਣੇ ਪਦਾਰਥਵਾਦੀ ਹੋਣ ਬਾਰੇ ਮਾਣ ਕੀਤਾ ਜਾਵੇ। ਲੋੜ ਪੈਣ ਵੇਲੇ ਦੱਸਿਆ ਜਾਵੇ ਕਿ ਇਸ ਦਾ ਵਿਆਪਕ ਕੁਰੀਤੀਆਂ ਨਾਲ ਕੋਈ ਲੈਣਾ ਦੇਣਾ ਨਹੀਂ।

ਇਸ ਲਿਖਤ ਦਾ ਮਨੋਰਥ ਇਹ ਭਰਮ ਪਾਲਣਾ ਨਹੀਂ ਕਿ ਪਦਾਰਥਵਾਦੀ ਬਣਨ ਨਾਲ ਸਾਰੇ ਮਸਲੇ ਹੱਲ ਹੋ ਜਾਣਗੇ। ਪਦਾਰਥਵਾਦੀ ਸੋਚ ਨੂੰ ਸਿਖਦਿਆਂ ਹੋਇਆਂ, ਅਮਲ ਵੀ ਕਰਨਾ ਹੈ। ਸ਼ੁਰੂਆਤ ਤਾਂ ਵਿਚਾਰਵਾਦ ਦੇ ਹਨੇਰੇ ਵਿੱਚ, ਗੀਤਾਂ, ਕਵਿਤਾਵਾਂ, ਲੇਖਾਂ, ਨਾਟਕਾਂ, ਨਾਵਲਾਂ, ਆਪਸੀ ਗੱਲ-ਬਾਤਾਂ ਰਾਹੀਂ ਪਦਾਰਥਵਾਦ ਦੇ ਦੀਵੇ ਜਗਾਉਣ ਦੀ ਹੈ।

ਜੇ ਅਸੀਂ ਲੋਕ ਮਨਾਂ ਵਿੱਚ ਪਦਾਰਥਵਾਦ ਦੇ ਫੁੱਲ ਨਹੀਂ ਬੀਜਾਂਗੇ ਤਾਂ ਇਥੇ ਵਿਚਾਰਵਾਦ/ਈਸ਼ਵਰਵਾਦ ਦੀਆਂ ਝਾੜੀਆਂ ਅਤੇ ਨਦੀਨ ਉੱਗੇਗੀ ਹੀ। ਫਿਰ ਲੜਾਈਆਂ ਵੀ ਲੱਗਣਗੀਆਂ, ਫਿਰਕੇ ਵੀ ਬਣਨਗੇ, ਦੰਗੇ ਵੀ ਹੋਣਗੇ, ਅੱਗਾਂ ਵੀ ਲੱਗਣਗੀਆਂ, ਰੁਜ਼ਗਾਰ ਵੀ ਨਹੀਂ ਮਿਲਣਾ ਅਤੇ ਜ਼ਿੰਦਗੀ ਨੇ ਬਿਹਤਰ ਵੀ ਨਹੀਂ ਹੋਣਾ।

+1(559) 375-2589
Email-gondarasa@gmail.com

# ਸਰਗਰਮੀਆਂ

## ਲੁਧਿਆਣਾ ਵਿਖੇ ਸੈਰ ਕਰਨ ਆਏ ਲੋਕਾਂ ਨਾਲ ਤਰਕਸ਼ੀਲ ਵਿਚਾਰਾਂ ਦੀ ਸਾਂਝ ਪਾਈ

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਵੱਲੋਂ ਪੱਖੋਵਾਲ ਰੋਡ ਨੇੜੇ ਸ਼ਹੀਦ ਭਗਤ ਸਿੰਘ ਨਗਰ ਦੀ ਵੱਡੀ ਪਾਰਕ ਵਿੱਚ ਸੈਰ ਕਰਦੇ ਲੋਕਾਂ ਨਾਲ ਤਰਕਸ਼ੀਲ ਵਿਚਾਰਾਂ ਨਾਲ ਸੰਵਾਦ ਰਚਾਇਆ ਗਿਆ।

ਤਰਕਸ਼ੀਲ ਆਗੂ ਸਤੀਸ਼ ਸੱਚਦੇਵਾ ਦੇ ਅਗਾਊਂ ਯਤਨਾਂ ਨਾਲ ਇਸ ਪ੍ਰੋਗਰਾਮ ਦੌਰਾਨ ਤਰਕਸ਼ੀਲ ਸੁਸਾਇਟੀ ਦੇ ਜ਼ੋਨ ਲੁਧਿਆਣਾ ਮੁਖੀ ਜਸਵੰਤ ਜ਼ੀਰਖ ਅਤੇ ਸੱਭਿਆਚਾਰਕ ਮੁਖੀ ਸ਼ਮਸ਼ੇਰ ਨੂਰਪੁਰੀ ਵੱਲੋਂ ਸੁਸਾਇਟੀ ਬਾਰੇ ਮੁੱਢਲੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੀ ਸਮਝ ਬਾਰੇ ਸਪਸ਼ਟ ਕੀਤਾ। ਉਹਨਾਂ ਇਸ ਮੌਕੇ ਲੋਕਾਂ ਦੇ ਵਿਗੜੇ ਕੰਮਾਂ ਨੂੰ ਦੈਵੀ ਸ਼ਕਤੀਆਂ ਅਤੇ ਪੂਜਾ ਪਾਠਾਂ ਰਾਹੀਂ ਠੀਕ ਕਰਨ ਦੇ ਦਾਅਵੇ ਕਰਕੇ ਵੱਡੀਆਂ ਰਕਮਾਂ ਬਟੋਰਨ ਵਾਲੇ ਬਾਬਿਆਂ, ਜੋਤਿਸ਼ੀਆਂ, ਤਾਂਤਰਿਕਾਂ ਦੇ ਪਾਜ ਉਧੇੜੇ। ਉਹਨਾਂ ਕਰਾਮਾਤੀ ਸਮਝੇ ਜਾਂਦੇ ਕ੍ਰਿਸ਼ਮਿਆਂ ਪਿੱਛੇ ਕੰਮ ਕਰਦੇ, ਵਿਗਿਆਨਿਕ ਕਾਰਣਾਂ ਬਾਰੇ ਸਮਝਾਉਣ ਲਈ ਮੌਕੇ 'ਤੇ ਮੰਤਰਾਂ ਦੇ ਜਾਪ ਰਾਹੀਂ ਅੱਗ ਪੈਦਾ ਕਰਨ ਦੇ ਦਾਅਵੇ ਕਰਨ ਵਾਲਿਆਂ ਦੀ ਪੋਲ ਖੋਲ੍ਹਦਿਆਂ ਲੋਕਾਂ ਸਾਹਮਣੇ ਅੱਗ ਪੈਦਾ ਕਰਕੇ ਉਸ ਦੇ ਕਾਰਣਾਂ ਬਾਰੇ ਸਪਸ਼ਟ ਕੀਤਾ। ਇਸੇ ਤਰ੍ਹਾਂ ਜੀਭ ਉੱਪਰ ਅੱਗ ਬਾਲ ਕੇ ਉਸ ਦੇ ਵਿਗਿਆਨ ਬਾਰੇ ਜਾਣਕਾਰੀ ਸਾਂਝੀ ਕੀਤੀ।

ਜਸਵੰਤ ਜ਼ੀਰਖ ਨੇ ਤਰਕਸ਼ੀਲ ਸੁਸਾਇਟੀ ਵੱਲੋਂ ਹਰ ਤਰ੍ਹਾਂ ਦੀ ਦੈਵੀ ਸ਼ਕਤੀ ਵਿਖਾਉਣ ਦੇ ਦਾਅਵੇਦਾਰਾਂ ਨੂੰ, ਦਿੱਤੀ ਚੁਣੌਤੀ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਉਹਨਾਂ ਤਰਕਸ਼ੀਲ ਪ੍ਰਕਾਸ਼ਨ ਵੱਲੋਂ ਮੁਹੱਈਆ ਕੀਤੇ ਜਾ ਰਹੇ ਉਸਾਰੂ ਸਾਹਿਤ ਅਤੇ ਮੈਗਜ਼ੀਨ ਪੜ੍ਹਨ ਦੀ ਅਪੀਲ ਕਰਦਿਆਂ ਦਰਸ਼ਕਾਂ ਨੂੰ ਉਹਨਾਂ ਦੇ ਡਰ ਕਾਰਣ ਪੈਦਾ ਹੋਏ ਅੰਧਵਿਸ਼ਵਾਸਾਂ ਤੋਂ ਮੁਕਤ ਹੋਣ ਲਈ ਗਿਆਨ ਪ੍ਰਾਪਤ ਕਰਨ ਦਾ ਸੱਦਾ ਦਿੱਤਾ। ਉਹਨਾਂ ਲੋਕਾਂ ਨੂੰ ਕਿਸਮਤ ਵਿੱਚ ਲਿਖਿਆ ਭੋਗਣ ਦੀ ਧਾਰਨਾ ਦਾ ਖੰਡਨ ਕਰਦਿਆਂ ਦੱਸਿਆ ਕਿ ਕਿਸੇ ਵੀ ਮਨੁੱਖ ਦੀ ਕਿਸਮਤ ਕਿਸੇ ਵਿਹੁ ਮਾਤਾ ਜਾਂ ਧਰਮਰਾਜ ਵੱਲੋਂ ਲਿਖਕੇ ਨਹੀਂ ਆਉਂਦੀ, ਸਗੋਂ ਸਾਡੇ ਦੇਸ਼ ਦਾ ਗਲਤ ਰਾਜ-ਪ੍ਰਬੰਧ ਅਤੇ ਇਸਨੂੰ ਚਲਾਉਣ ਵਾਲੇ ਸਾਡੀ ਮਾੜੀ ਹਾਲਤ ਲਈ ਜ਼ੁੰਮੇਵਾਰ ਹਨ।

## ਮਈ ਦਿਵਸ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ

ਤਰਕਸ਼ੀਲ ਸੋਸਾਇਟੀ ਪੰਜਾਬ (ਰਜਿ.)ਇਕਾਈ ਫਗਵਾੜਾ ਨੇ ਲੋਕ ਹਿਤੈਸ਼ੀ ਕਾਫਲਾ ਨਾਲ ਮਿਲ ਕੇ ਮਈ ਦਿਵਸ ਮਨਾਇਆ। ਸੁਖਦੇਵ ਸਿੰਘ, ਕੁਲਦੀਪ ਸਿੰਘ ਕੌੜਾ, ਹੰਸ ਰਾਜ ਬੰਗੜ, ਗੁਰਮੁਖ ਲੋਕ ਪ੍ਰੇਮੀ, ਗੋਪਾਲ ਕ੍ਰਿਸ਼ਨ, ਹਰਚਰਨ ਭਾਰਤੀ, ਜਸਵਿੰਦਰ ਸਿੰਘ ਦੀ ਅਗਵਾਈ ਵਿੱਚ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਟਾਊਨ ਹਾਲ ਫ਼ਗਵਾੜਾ ਦੇ ਪਾਰਕ ਵਿੱਚ ਇਕੱਠੇ ਹੋ ਕੇ ਮਜ਼ਦੂਰ ਦਿਵਸ ਮਨਾਇਆ ਗਿਆ।

ਇਸ ਸਮੇਂ ਲੋਕ ਹਿਤੈਸ਼ੀ ਕਾਫ਼ਲਾ ਦੇ ਮੁੱਖ ਆਗੂਆਂ ਤੋਂ ਇਲਾਵਾ ਜਸਵਿੰਦਰ ਸਿੰਘ, ਪ੍ਰਮੋਦ ਕੁਮਾਰ ਜੋਸ਼ੀ, ਗਿਆਨ ਚੰਦ ਨਈਅਰ, ਹੰਸ ਰਾਜ ਟੀ ਐੱਸ ਯੂ, ਬਲਵੀਰ ਸਿੰਘ ਦੋਸਾਂਝ, ਸੁਰਿੰਦਰ ਪਾਲ ਪੱਦੀ ਜਗੀਰ, ਹੰਸ ਰਾਜ ਬੰਗੜ, ਸੀਤਲ ਰਾਮ ਲੋਈ, ਰਾਜੀਵ ਕੁਮਾਰ, ਪ੍ਰੋਫੈਸਰ ਜਸਕਰਨ, ਵਿਦਿਆਰਥੀ ਆਗੂ ਮਨਪ੍ਰੀਤ ਕੌਰ, ਉੱਘੇ ਲੇਖਕ ਅਤੇ ਵਕੀਲ ਐੱਸ ਐੱਲ ਵਿਰਦੀ ਆਦਿ ਬੁਲਾਰਿਆਂ ਨੇ ਕਿਹਾ ਕਿ 1886 ਵਿੱਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੀ ਹੇਅ ਮਾਰਕੀਟ ਵਿੱਚ ਮਜ਼ਦੂਰਾਂ ਵਲੋਂ ਕੰਮ ਦੇ 8 ਘੰਟੇ ਨਿਸ਼ਚਿਤ ਕਰਵਾਉਣ ਲਈ ਇੱਕ ਵਿਸ਼ਾਲ ਇਕੱਠ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਪ੍ਰਦਰਸ਼ਨ ਉਤੇ ਉਸ ਸਮੇਂ ਦੇ ਹਾਕਮਾਂ ਨੇ ਗੋਲੀਆਂ ਚਲਾਈਆਂ ਜਿਸ ਨਾਲ ਅੱਠ ਮਜ਼ਦੂਰਾਂ ਦੀ ਮੌਤ ਹੋ ਗਈ ਸੀ। ਬੁਲਾਰਿਆਂ ਨੇ ਕਿਹਾ ਕਿ ਕੇਂਦਰ ਦੀ ਮੌਜੂਦਾ ਫਾਸ਼ੀਵਾਦੀ ਹਕੂਮਤ ਵਲੋਂ ਆਪਣੇ ਕਾਰਪੋਰੇਟ ਘਰਾਣਿਆਂ ਦੇ ਮਿੱਤਰਾਂ ਨੂੰ ਲਾਭ ਪਹੁੰਚਾਉਣ ਲਈ ਮਜ਼ਦੂਰਾਂ ਵਿਰੋਧੀ ਬਣਾਏ ਚਾਰ ਕਿਰਤ ਕੋਡਾਂ ਨੂੰ ਰੱਦ ਕਰਵਾਉਣ ਲਈ ਲਗਾਤਾਰ ਸੰਘਰਸ਼ ਕਰਨਾ ਹੀ ਮਈ ਦਿਵਸ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ। ਆਗੂਆਂ ਨੇ ਮੰਗ ਕੀਤੀ ਮਜ਼ਦੂਰਾਂ ਦੇ ਕੰਮ ਕਰਨ ਦੇ ਘੰਟੇ 8 ਤੋਂ 12 ਕਰਨ ਦੀ ਬਜਾਏ, ਕੰਮ ਦੇ 6 ਘੰਟੇ ਨਿਸ਼ਚਿਤ ਕੀਤੇ ਜਾਣ ਤਾਂ ਜੋ ਬੇਰੁਜ਼ਗਾਰ ਨੌਜਵਾਨਾਂ ਨੂੰ ਜ਼ਿੰਦਗੀ ਜਿਊਣ ਯੋਗ ਰੁਜ਼ਗਾਰ ਦੇ ਮੌਕੇ ਮਿਲ ਸਕਣ।

ਇਸ ਮੌਕੇ ਸੀਤਲ ਰਾਮ ਬੰਗਾ, ਮਨਦੀਪ ਮਹਿਰਮ,

ਹਰਚਰਨ ਭਾਰਤੀ ਆਦਿ ਨੇ ਮਜ਼ਦੂਰ ਦਿਵਸ ਨਾਲ ਸਬੰਧਤ ਇਨਕਲਾਬੀ ਕਵਿਤਾਵਾਂ ਬੋਲ ਕੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮੋਹਣ ਸਿੰਘ ਭੱਟੀ, ਮਨੋਹਰ ਲਾਲ, ਰਾਮ ਲੁਭਾਇਆ ਰਿਹਾਣਾ ਜੱਟਾਂ, ਅਮਰਜੀਤ ਮੇਹਲੀ, ਪ੍ਰਿੰਸੀਪਲ ਆਤਮਾ ਰਾਮ, ਪ੍ਰਿੰਸੀਪਲ ਹਰਮੇਸ਼ ਲਾਲ, ਸਤਵੰਤ ਟੂਰਾ, ਮੱਖਣ ਰਾਮ ਰੱਤੂ, ਜਸਵਿੰਦਰ ਢੱਡਾ ਪੱਤਰਕਾਰ,ਅਭਿਨਾਸ਼ ਹਰਦਾਸਪੁਰ, ਕੁਲਵੰਤ ਸਿੰਘ ਬਾਸੀ, ਭੁਪਿੰਦਰ ਸਿੰਘ ਮਾਹੀ, ਹਰਭਜਨ ਲਾਲ ਕੌਲ, ਸਤਪਾਲ ਸਿੰਘ ਖੱਟਕੜ, ਜਤਿੰਦਰ ਕੁਮਾਰ, ਬਲਬੀਰ ਸਿੰਘ ਕੂਨਰ, ਰਤਨ ਸਿੰਘ ਗੁਰਾਇਆ, ਮਲਕੀਤ ਸਿੰਘ, ਲਸ਼ਕਰ ਸਿੰਘ, ਮੋਹਿੰਦਰ ਸਿੰਘ, ਜੰਗਲਾਤ ਵਿਭਾਗ ਤੋਂ ਆਸ਼ਾ ਰਾਣੀ, ਆਂਗਣਵਾੜੀ ਆਗੂ ਊਸ਼ਾ ਰਾਣੀ, ਬਲਜੀਤ, ਮਨਪ੍ਰੀਤ ਅਤੇ ਬਲਵਿੰਦਰ ਕੌਰ ਦੀ ਅਗਵਾਈ ਵਿੱਚ ਮਿਡ ਡੇ ਮੀਲ ਵਰਕਰਾਂ ਦਾ ਕਾਫਲਾ, ਮਨਜੀਤ ਗਾਟ ਅਤੇ ਬਲਵਿੰਦਰ ਪ੍ਰੀਤ ਆਦਿ ਹਾਜ਼ਰ ਹੋਏ.

**- ਸੁਖਦੇਵ ਫਗਵਾੜਾ**

## ਵਿਛੜੇ ਸਾਥੀਆਂ ਦੀ ਯਾਦ ਵਿੱਚ ਨਾਟਕ ਮੇਲਾ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਇਕਾਈ ਰੋਪੜ ਵੱਲੋ ਮਿਤੀ 23.5.26 ਨੂੰ ਗਾਂਧੀ ਮੈਮੋਰੀਅਲ ਨੈਸ਼ਨਲ ਸਕੂਲ ਰੋਪੜ ਵਿਖੇ ਤਰਕਸ਼ੀਲ ਕਾਫਲੇ ਚੋਂ ਵਿਛੜੇ ਸਾਥੀ ਮਾ.ਪ੍ਰੀਤਮ ਕੁਮਾਰ ਜੀ, ਮੋਹਣ ਸਿੰਘ ਡੱਲਾ ਜੀ, ਖੁਮਿੰਦਰ ਸਿੰਘਪੁਰਾ ਜੀ, ਹਰਵਿੰਦਰ ਸਿੰਘ ਪਿਰੋਜ਼ਪੁਰ ਦੀ ਯਾਦ ਵਿੱਚ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਗਾਂਧੀ ਸਕੂਲ ਦੇ ਪ੍ਰਿੰਸੀਪਲ ਸ੍ਰੀ ਰਵੀਸ਼ੰਕਰ ਦੇ ਉਦਘਾਟਨੀ ਸ਼ਬਦਾਂ ਨਾਲ ਨਾਟਕ ਮੇਲੇ ਦੀ ਸ਼ੁਰੂਆਤ ਹੋਈ।

ਜ਼ੋਨ ਮੁਖੀ ਅਜੀਤ ਪ੍ਰਦੇਸੀ ਨੇ ਤਰਕਸ਼ੀਲ ਕਾਫਲੇ ਚੋਂ ਵਿਛੜੇ ਸਾਥੀਆਂ ਵੱਲੋਂ ਇਕਾਈ ਰੋਪੜ ਵਿੱਚ ਪਾਏ ਯੋਗਦਾਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਸਾਥੀ ਤਰਕਸ਼ੀਲ ਵਿਚਾਰਾਂ ਨੂੰ ਲੋਕਾਂ ਨਾਲ ਵਧੀਆ/ਸੁਚੱਜੇ ਢੰਗ ਨਾਲ ਸਾਂਝਾ ਕਰਦੇ ਸੀ ਅਤੇ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਬਾਰੇ ਲੋਕਾਂ ਨੂੰ ਤਰਕ ਨਾਲ ਸਮਝਾਉਂਦੇ ਰਹੇ। ਇਕਾਈ ਮੁਖੀ ਅਸ਼ੋਕ ਕੁਮਾਰ ਨੇ ਕਿਹਾ ਕਿ ਤਰਕਸ਼ੀਲ ਕਹਿਣਾ ਸੌਖਾ ਹੈ ਪਰ ਤਰਕਸ਼ੀਲ ਬਣਨਾ ਬੜਾ ਔਖਾ ਹੈ, ਪਰ ਹੈ ਮਾਣ ਵਾਲੀ ਗੱਲ। ਉਨ੍ਹਾਂ ਕਿਹਾ ਕਿ ਸਦੀਆਂ ਪੁਰਾਣੇ ਰਸਮੋ-ਰਿਵਾਜ਼ ਜਿਨ੍ਹਾਂ ਦਾ ਇਨਸਾਨ ਦੀ ਜ਼ਿੰਦਗੀ ਨਾਲ ਕੋਈ ਵਾਹ-ਵਾਸਤਾ ਨਹੀਂ ਹੈ, ਉਹਨਾਂ ਨੂੰ ਛੱਡ ਦੇਣਾ ਚਾਹੀਦਾ ਹੈ। ਵਾਪਰ ਰਹੀਆਂ ਘਟਨਾਵਾਂ ਪਿੱਛੇ ਕੋਈ ਗੈਬੀ ਸ਼ਕਤੀ ਨਹੀ ਹੁੰਦੀ। ਜਦੋਂ ਤੱਕ ਅਸੀਂ ਤਰਕਸ਼ੀਲ ਨਜ਼ਰੀਏ ਅਨੁਸਾਰ ਬਾਰੀਕੀ ਨਾਲ ਜਾਂਚ ਪੜਤਾਲ ਨਹੀਂ ਕਰਦੇ ਉਦੋ ਤੱਕ ਕਿਸੇ ਨਤੀਜੇ ਤੇ ਪਹੁੰਚਣਾ ਬੇ-ਇਨਸਾਫੀ ਹੋਵੇਗੀ।

ਚੰਡੀਗੜ੍ਹ ਸਕੂਲ ਆਫ ਡਰਾਮਾ ਟੀਮ ਦੇ ਡਾਇਰੈਕਟਰ ਇਕੱਤਰ ਸਿੰਘ ਵੱਲੋਂ ਪੇਸ਼ ਕੀਤੇ ਨਾਟਕ ਮਿੱਟੀ ਰੁਦਨ ਕਰੇ, ਨਾਟਕ ਠੱਗੀ ਅਤੇ ਕੋਰੀਓਗ੍ਰਾਫੀ 'ਦੇਸ ਨੂੰ ਚੱਲੋ' ਦੀ ਪੇਸ਼ਕਾਰੀ ਬਹੁਤ ਕਮਾਲ ਸੀ। ਜਸਪਾਲ ਮਾਜਰੀ ਨੇ ਇਨਕਲਾਬੀ ਗੀਤ ਪੇਸ਼ ਕੀਤਾ। ਸਭਿਆਚਾਰ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ ਨੇ ਸਟੇਜ ਸੰਚਾਲਨ ਦੀ ਭੂਮਿਕਾ ਬਹੁਤ ਸੁਚੱਜੇ ਢੰਗ ਨਾਲ ਨਿਭਾਈ। ਮਾਨਸਿਕ ਸਿਹਤ ਵਿਭਾਗ ਮੁਖੀ ਅਮਰਨਾਥ ਵੱਲੋਂ ਲਗਾਤਾਰ ਤਿੰਨ ਘੰਟੇ ਤੋਂ ਗਰਮੀ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਸਮਾਗਮ ਵਿੱਚ ਹਾਜਰ ਰਹੇ ਮਹਿਮਾਨਾਂ ਦਾ ਸਤਿਕਾਰ ਸਹਿਤ ਧੰਨਵਾਦ ਕੀਤਾ। ਇਸ ਮੌਕੇ ਹਰਜੀਤ ਸਿੰਘ ਐਸ.ਡੀ.ਓ., ਪਵਨ ਰੱਤੋਂ, ਅਨਿਲ ਕੁਮਾਰ ਰਿਟਾਇਰਡ ਰੇਂਜ ਅਫ਼ਸਰ, ਕਾਮਰੇਡ ਪਵਨ ਕੁਮਾਰ ਸਰਪੰਚ ਚੱਕ ਕਰਮਾਂ, ਇਕਬਾਲ ਬੇਲਾ, ਹਰਵਿੰਦਰ ਸੁਖਰਾਮਪੁਰ, ਬਹਾਦਰ ਪੁਰਖਾਲੀ, ਗੁਰਦੇਵ ਬਾਗੀ, ਲਖਵਿੰਦਰ ਕੌਰ, ਸੰਜੀਵ ਕੁਮਾਰ, ਸੁਰਜਨ ਸਿੰਘ, ਅਜੇ ਕੁਮਾਰ ਪਾਵਰ ਕਲੌਨੀ, ਹਰਜਿੰਦਰ ਸਿੰਘ ਆਦਿ ਮੈਂਬਰ ਹਾਜ਼ਰ ਹੋਏ।

**ਹਰਨੇਕ ਚੱਕ ਕਰਮਾਂ**

## ਸਰੀਰਦਾਨ ਦੇ ਭਰੇ ਸਹਿਮਤੀ ਫ਼ਾਰਮ ਅਤੇ ਸਾਦੇ ਸੋਗ ਸਮਾਗਮ ਕਰਾਉਣ ਦੀ ਇੱਛਾ ਕੀਤੀ ਜਾਹਿਰ

"ਮੈਂ ਅਤੇ ਮੇਰੀ ਪਤਨੀ ਅਮਰਜੀਤ ਕੌਰ ਨੇ ਜਿਵੇਂ ਆਪਣੀ ਹੁਣ ਤੱਕ ਦੀ ਜ਼ਿੰਦਗੀ ਨੂੰ ਲੋਕ ਹਿੱਤਾਂ ਅਤੇ ਸਮਾਜ ਵਿੱਚ ਵਿਗਿਆਨਕ ਨਜ਼ਰੀਆ ਵਿਕਸਿਤ ਕਰਨ ਦੇ ਕਾਰਜਾਂ ਲਈ ਲਾਇਆ ਹੋਇਆ ਹੈ, ਅਸੀਂ ਚਾਹੁੰਦੇ ਹਾਂ ਕਿ ਮੌਤ ਉਪਰੰਤ ਵੀ ਇਸੇ ਤਰ੍ਹਾਂ ਸਾਡੇ ਸਰੀਰਾਂ ਦਾ ਮੈਡੀਕਲ ਖੋਜ ਲਈ ਸਦਉਪਯੋਗ ਕੀਤਾ ਜਾਵੇ ਤਾਂ ਕਿ ਅਸੀਂ ਮਰਨ ਉਪਰੰਤ ਵੀ ਵਿਗਿਆਨ ਅਤੇ ਸਮਾਜ ਦੇ ਕੰਮ ਆ ਸਕੀਏ।"

ਇਹ ਸ਼ਬਦ ਤਰਕਸ਼ੀਲ ਸੁਸਾਇਟੀ ਦੀ ਇਕਾਈ ਖਰੜ ਦੇ ਸਭ ਤੋਂ ਪਹਿਲੇ ਪ੍ਰਧਾਨ ਸੁਜਾਨ ਸਿੰਘ ਬਡਾਲਾ ਨੇ ਅੱਜ ਜੱਦੀ ਪਿੰਡ ਬਡਾਲਾ ਵਿਖੇ ਆਪਣੇ ਘਰ ਰੱਖੀ ਇੱਕ ਉਚੇਚੀ ਮੀਟਿੰਗ ਦੌਰਾਨ ਸਾਂਝੇ ਕੀਤੇ । ਮੀਟਿੰਗ ਦੀ ਕਾਰਵਾਈ ਨੂੰ ਸਾਂਝੀ

ਕਰਦਿਆਂ ਮੀਡੀਆ ਇੰਚਾਰਜ ਕਰਮਜੀਤ ਸਕਰੁੱਲਾਂਪੁਰੀ ਨੇ ਦੱਸਿਆ ਕਿ ਭੁਪਿੰਦਰ ਮਦਨਹੇੜੀ ਦੀ ਪ੍ਰਧਾ

ਨਗੀ ਵਿੱਚ ਹੋਈ

ਇਸ ਭਰਵੀਂ ਮੀਟਿੰਗ ਦੌਰਾਨ ਸੁਜਾਨ ਸਿੰਘ ਬਡਾਲਾ ਅਤੇ ਉਹਨਾਂ ਦੀ ਪਤਨੀ ਅਮਰਜੀਤ ਕੌਰ ਨੇ ਮਰਨ ਉਪਰੰਤ ਸਰੀਰਾਂ ਨੂੰ ਮੈਡੀਕਲ ਖੋਜ ਕਾਰਜਾਂ ਲਈ ਪੀ ਜੀ ਆਈ ਵੱਲੋਂ ਨਿਰਧਾਰਿਤ ਫ਼ਾਰਮ ਭਰ ਕੇ ਤਰਕਸ਼ੀਲ ਸੁਸਾਇਟੀ ਵੱਲੋਂ ਸ਼ੁਰੂ ਕੀਤੀ ਇਸ ਲੜੀ ਨੂੰ ਹੋਰ ਅੱਗੇ ਤੋਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਮੌਕੇ ਬੋਲਦਿਆਂ ਜੋਨਲ ਆਗੂ ਪ੍ਰਿੰ. ਗੁਰਮੀਤ ਖਰੜ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਇਕਾਈ ਖਰੜ ਦੇ ਸੀਨੀਅਰ ਆਗੂ ਗੁਰਮੀਤ ਸਹੌੜਾਂ ਨੇ ਵੀ ਆਪਣੀ ਪਤਨੀ ਸਮੇਤ ਸਰੀਰ ਦਾਨ ਕਰਨ ਦੇ ਫ਼ਾਰਮ ਭਰੇ ਹੋਏ ਹਨ। ਇਸ ਤਰ੍ਹਾਂ ਦੇ ਪੂਰਨੇ ਪਾਉਣ ਨਾਲ਼ ਸਮੁੱਚੇ ਪੰਜਾਬ ਵਿੱਚ ਜਿੱਥੇ ਸਰੀਰ ਦਾਨ ਦੀ ਇਸ ਲਹਿਰ ਨੂੰ ਬਲ ਮਿਲਦਾ ਹੈ ਉਥੇ ਹੀ ਵੱਖ-ਵੱਖ ਗੈਰ ਵਿਗਿਆਨਕ ਰਸਮਾਂ ਅਤੇ ਬੇਲੋੜੇ ਖਰਚਿਆਂ ਨੂੰ ਵੀ ਠੱਲ੍ਹ ਪੈਂਦੀ ਹੈ।

ਆਗੂਆਂ ਨਾਲ ਆਪਣੇ ਵਲਵਲੇ ਸਾਂਝੇ ਕਰਦਿਆਂ ਸੁਜਾਨ ਬਡਾਲਾ ਨੇ ਅੱਗੇ ਕਿਹਾ ਕਿ ਮੌਤ ਉਪਰੰਤ ਉਹਨਾਂ ਦੇ ਜੋ ਵੀ ਸੋਗ ਸਮਾਗਮ ਹੋਣਗੇ ਉਹ ਚਾਹੁੰਦੇ ਹਨ ਕਿ ਉਹ ਸਮਾਗਮ ਵੀ ਬਹੁਤ ਹੀ ਸਾਦੇ ਢੰਗ ਨਾਲ਼ ਕੀਤੇ ਜਾਣ। ਇਸ ਲਈ ਉਹ ਸੁਸਾਇਟੀ ਕੋਲ ਇੱਕ ਉੱਕੀ-ਪੁੱਕੀ ਰਾਸ਼ੀ ਵੀ ਜਮਾਂ ਕਰਵਾਉਣਗੇ ਤਾਂ ਜੋ ਸੁਸਾਇਟੀ ਦੀ ਸਮਝ ਮੁਤਾਬਿਕ ਸਮਾਗਮ ਕਰਵਾਏ ਜਾ ਸਕਣ। ਸ਼੍ਰੀ ਬਡਾਲਾ ਦੀ ਇਸ ਸੋਚ ਦੀ ਉਚੇਚੀ ਸਰਾਹਨਾ ਕਰਦਿਆਂ ਸੀਨੀਅਰ ਤਰਕਸ਼ੀਲ ਆਗੂ ਜਰਨੈਲ ਸਹੌੜਾਂ, ਪੀ ਪੀ ਸਿੰਘ, ਰਾਮ ਕ੍ਰਿਸ਼ਨ ਧੁਨਕੀਆ, ਜਸਪਾਲ ਬਡਾਲਾ, ਸਿਕੰਦਰ ਸਿੰਘ ਕੋਰਾ, ਬਿਕਰਮਜੀਤ ਸੋਨੀ, ਜਗਵਿੰਦਰ ਸਿੰਬਲਮਾਜਰਾ ਅਤੇ ਹਰਜਿੰਦਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਾਦ - ਮੁਰਾਦੇ ਸੋਗ ਸਮਾਗਮਾਂ ਦੀ ਪਿਰਤ ਪਾਉਣੀ ਚਾਹੀਦੀ ਹੈ

**ਕਰਮਜੀਤ ਸਕਰੁੱਲਾਂਪੁਰੀ**

**ਵਿਸ਼ੇਸ਼ ਸਰਗਰਮੀ**

ਬਾਈ ਅਵਤਾਰ ਕੈਨੇਡਾ ਜੀ ਦੀ ਯਾਦ ਵਿੱਚ ਅਜੀਤ ਪ੍ਰਦੇਸੀ ਜੀ ਨੇ 57 'ਅੱਗ ਲੱਗਣੋਂ ਬੰਦ ਹੋ ਗਈ' ਪੁਸਤਕਾਂ ਨਕਦ ਰੂਪ ਵਿੱਚ ਪਾਠਕਾਂ ਤੱਕ ਪੁੱਜਦੀਆਂ ਕੀਤੀਆਂ।

**ਇਕਾਈ ਲੌਂਗੋਵਾਲ**

## ਲੋਕਾਂ ਨੂੰ ਵਿਗਿਆਨਕ ਸੋਚ ਅਪਣਾਉਣ ਦਾ ਸੰਦੇਸ਼

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਲੌਂਗੋਵਾਲ ਦੇ ਸਹਿਯੋਗ ਨਾਲ ਸਮਾਜ ਵਿੱਚ ਵੱਧ ਰਹੇ ਵਹਿਮਾਂ-ਭਰਮਾਂ, ਅੰਧਵਿਸ਼ਵਾਸਾਂ ਅਤੇ ਗੈਰ-ਵਿਗਿਆਨਕ ਧਾਰਨਾਵਾਂ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਬਾਬਾ ਫਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਇਟੀ (ਰਜਿ.), ਲੌਂਗੋਵਾਲ ਵੱਲੋਂ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਆਗੂ ਰਾਜਿੰਦਰ ਭਦੌੜ ਨੇ ਕਿਹਾ ਕਿ ਸਮਾਜ ਦੀ ਤਰੱਕੀ ਲਈ ਵਿਗਿਆਨਕ ਸੋਚ ਅਤੇ ਤਰਕਸ਼ੀਲ ਦ੍ਰਿਸ਼ਟੀਕੋਣ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਈ ਪ੍ਰਮਾਣਿਕ ਉਦਾਹਰਣਾਂ ਰਾਹੀਂ ਲੋਕਾਂ ਨੂੰ ਸੁਚੇਤ ਕਰਦਿਆਂ ਅੰਧਵਿਸ਼ਵਾਸ ਫੈਲਾਉਣ ਤਾਕਤਾਂ ਤੋਂ ਬਚਣ ਅਤੇ ਮਿਹਨਤ, ਸਿੱਖਿਆ ਅਤੇ ਗਿਆਨ ਦੇ ਰਾਹ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ।

ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਜੁਝਾਰ ਲੌਂਗੋਵਾਲ ਨੇ ਖ਼ਾਸ ਤੌਰ 'ਤੇ ਔਰਤਾਂ ਦੇ ਅੰਧਵਿਸ਼ਵਾਸਾਂ ਰਾਹੀਂ ਹੋ ਰਹੇ ਸ਼ੋਸ਼ਣ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਫੈਲੀਆਂ ਕਈ ਗਲਤ ਧਾਰਨਾਵਾਂ ਦਾ ਸਭ ਤੋਂ ਵੱਧ ਨੁਕਸਾਨ ਮਹਿਲਾਵਾਂ ਨੂੰ ਝੱਲਣਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਜਾਗਰੂਕ ਕਰਨਾ ਸਮੇਂ ਦੀ ਵੱਡੀ ਲੋੜ ਹੈ। ਸੰਸਥਾ ਦੇ ਪ੍ਰਧਾਨ ਕਮਲਜੀਤ ਸਿੰਘ ਵਿੱਕੀ ਨੇ ਵੀ ਤਰਕਸ਼ੀਲ ਵਿਚਾਰਧਾਰਾ ਨੂੰ ਸਮਿਆਂ ਦੀ ਲੋੜ ਦੱਸਿਆ। ਉਨ੍ਹਾਂ ਸੈਮੀਨਾਰ ਵਿੱਚ ਪਹੁੰਚੇ ਸਾਰੇ ਮਹਿਮਾਨਾਂ, ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਨੂੰ ਅਗਾਂਹਵਧੂ ਸੋਚ ਵੱਲ ਲੈ ਕੇ ਜਾਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਇਸ ਮੌਕੇ ਭੋਲਾ ਸੰਗਰਾਮੀ, ਚਮਕੌਰ ਸਿੰਘ ਸ਼ਾਹਪੁਰ, ਬਲਵਿੰਦਰ ਸਿੰਘ ਐਮ.ਸੀ., ਬਲਵੰਤ ਸਿੰਘ ਬੀਟਾ ਐਮ.ਸੀ., ਕਾਲਾ ਸਿੰਘ ਐਮ.ਸੀ., ਸੀਪੀ ਧੀਮਾਨ, ਗੋਲਾ ਮਿਸਤਰੀ, ਨਛੱਤਰ ਸਿੰਘ, ਮੈਡਮ ਗੁਰਪ੍ਰੀਤ ਕੌਰ, ਰਮਨਦੀਪ ਕੌਰ ਅਤੇ ਚਮਕੌਰ ਸਿੰਘ , ਕਰਮਜੀਤ ਕੌਰ ਐਮ ਸੀ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

**ਜੁਝਾਰ ਲੌਂਗੋਵਾਲ**

## ਜ਼ੋਨ ਬਰਨਾਲਾ ਵਿੱਚ ਵੈਨ ਸਫ਼ਰ

ਜ਼ੋਨ ਬਰਨਾਲਾ ਵਿੱਚ ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ 3-5-26 ਤੋਂ ਜੇ ਜੀ ਪੈਲੇਸ ਸੰਗਰੂਰ ਤੋਂ ਸ਼ੁਰੂ ਹੋਇਆ। ਜ਼ੋਨ ਦੀਆਂ ਵੱਖ ਵੱਖ ਇਕਾਈਆਂ ਵੱਲੋਂ ਵੈਨ ਰਾਹੀਂ ਵਿਦਿਅਕ ਅਦਾਰਿਆਂ ਵਿੱਚ ਪ੍ਰਚਾਰ ਅਤੇ ਵਿਗਿਆਨਕ ਸਾਹਿਤ ਪਹੁੰਚਾਉਣ ਦਾ ਟੂਰ ਇਸ ਪ੍ਰਕਾਰ ਰਿਹਾ:

**ਇਕਾਈ ਸੰਗਰੂਰ**-ਸ.ਸੀ.ਸੈ.ਸ. ਮਹਿਲਾਂ ਅਤੇ ਸ.ਸੀ.ਸੈ.ਸ. ਦੁੱਗਾਂ

**ਇਕਾਈ ਦਿੜਬਾ**- ਬਰਾਈਟ ਸੀ. ਸੈ. ਸਕੂਲ ਦਿੜਬਾ, ਸਰਕਾਰੀ ਹਾਈ ਸਕੂਲ ਦਿੜਬਾ, ਸਰਕਾਰੀ ਹਾਈ ਸਕੂਲ ਰੋਗਲਾ ਤੇ ਸਰਕਾਰੀ ਹਾਈ ਸਕੂਲ ਰਾਮਗੜ੍ਹ ਜਵੰਧਾ।

**ਇਕਾਈ ਛਾਜਲੀ**- ਹੌਲੀ ਹਰਟ ਸੀ.ਸੈ. ਸਕੂਲ ਛਾਜਲੀ ਅਤੇ ਸ.ਸੀ.ਸੈ. ਸਕੂਲ ਛਾਜਲੀ।

**ਇਕਾਈ ਸੁਨਾਮ**- ਸ.ਸੀ.ਸੈ.ਸਕੂਲ (ਲੜਕੀਆਂ) ਅਤੇ ਸ.ਸੀ.ਸੈ.ਸਕੂਲ (ਲੜਕੇ)

**ਇਕਾਈ ਲੌਂਗੋਵਾਲ**- ਸਰਕਾਰੀ ਹਾਈ ਸਕੂਲ ਤੱਕੀਪੁਰ, ਸ. ਹਾਈ ਸਕੂਲ ਸਾਹੋ ਕੇ, ਆਸ਼ੀਰਵਾਦ ਡੇ ਪਬਲਿਕ ਸਕੂਲ ਝਾੜੋਂ, ਸ.ਸੀ.ਸੈ.ਸ. ਨਮੋਲ ਅਤੇ ਸ.ਸੀ.ਸੈ.ਸ. ਬਡਬਰ।

**ਇਕਾਈ ਬਰਨਾਲਾ**- ਸ.ਸੀ.ਸੈ.ਸ. ਖੁੱਡੀ ਕਲਾਂ ਅਤੇ ਸ.ਸੀ.ਸੈ.ਸ. ਬਰਨਾਲਾ।

**ਇਕਾਈ ਭਦੌੜ**- ਸ.ਸੀ.ਸੈ.ਸ. ਮੌੜ, ਸ.ਸੀ.ਸੈ.ਸ. ਬਖਤਗੜ੍ਹ, ਮਾਤਾ ਗੁਜਰੀ ਪਬਲਿਕ ਸਕੂਲ ਭਦੌੜ, ਸਰਕਾਰੀ ਆਈ ਟੀ ਆਈ ਫੂਲ।

3 ਮਈ 2026 ਤੋਂ ਲੈ ਕੇ 19 ਮਈ ਤੱਕ, 17-18 ਦਿਨ, ਦਾ ਜਿਹੜਾ ਵੈਨ ਦਾ ਸਫ਼ਰ ਸੀ, ਬਹੁਤ ਵਧੀਆ ਅਤੇ ਸਫਲ ਰਿਹਾ, ਜਿਸ ਵਿੱਚ ਸਾਰੇ ਇਕਾਈ ਮੁਖੀਆਂ ਅਤੇ ਮੈਂਬਰਾਂ ਨੇ ਵੈਨ ਦਾ ਬਹੁਤ ਸਹਿਯੋਗ ਕੀਤਾ। ਜ਼ੋਨ ਮੁਖੀ ਮਾ. ਪਰਮਵੇਦ ਅਤੇ ਸੂਬਾ ਮੁਖੀ ਰਾਜਿੰਦਰ ਭਦੌੜ ਵੱਲੋਂ ਵਧੀਆ ਅਗਵਾਈ ਦਿੱਤੀ ਗਈ। ਸਕੂਲਾਂ ਕਾਲਜਾਂ ਵਿਚੋਂ ਵਧੀਆ ਹੁੰਗਾਰਾ ਮਿਲਿਆ। ਇਸ ਸਫ਼ਰ ਦੌਰਾਨ ਸੁਸਾਇਟੀ ਦੇ ਪ੍ਰਚਾਰ ਦੇ ਨਾਲ ਨਾਲ 74000 ਰੁਪਏ ਦਾ ਸਾਹਿਤ ਵਿਦਿਆਰਥੀਆਂ, ਅਧਿਆਪਕਾਂ ਅਤੇ ਆਮ ਲੋਕਾਂ ਦੇ ਹੱਥਾਂ ਦੇ ਵਿੱਚ ਪਹੁੰਚਾਇਆ ਗਿਆ।

**ਰਿਪੋਰਟ- ਜਸਵੀਰ ਸੋਨੀ (ਵੈਨ ਸੰਚਾਲਕ)**

**ਸਹਾਇਤਾ ਇਕਾਈ ਬਠਿੰਡਾ**

1. ਗੁਰਮੇਲ ਸਿੰਘ ਘੁੱਦਾ, ਹੈਡਟੀਚਰ ਮੰਡੀ ਖ਼ੁਰਦ ਵੱਲੋਂ ਆਪਣੀ ਸੇਵਾ ਨਵਿਰਤੀ ਦੇ ਮੌਕੇ 'ਤੇ – 1500 ਰੁਪਏ

**ਇਕਾਈ ਸੰਗਰੂਰ**

**ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਸਬੰਧੀ ਸਨਮਾਨ ਸਮਾਰੋਹ**

ਤਰਕਸ਼ੀਲ਼ ਸੁਸਾਇਟੀ ਪੰਜਾਬ ਵਲੋਂ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਕਰਵਾਈ ਗਈ, ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਇਕਾਈ ਸੰਗਰੂਰ ਦੇ ਜੋਨ ਵਿੱਚ ਤੇ ਇਕਾਈ ਦੀ ਮੈਰਿਟ ਸੂਚੀ ਵਿੱਚ ਅਹਿਮ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦਾ ਸਥਾਨਕ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਨਮਾਨ ਸਮਾਰੋਹ ਹੋਇਆ। ਇਕਾਈ ਮੁਖੀ ਸੁਰਿੰਦਰ ਪਾਲ ਤੇ ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ ਵੱਲੋਂ ਹਾਜ਼ਰੀਨ ਦਾ ਸਵਾਗਤ ਕਰਨ ਉਪਰੰਤ ਇਸ ਸਮਾਗਮ ਦੇ ਮੁੱਖ ਬੁਲਾਰੇ ਰਜਿੰਦਰ ਭਦੌੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਬੱਚਿਆਂ ਦਾ ਸੋਚਣ ਦਾ ਨਜ਼ਰੀਆ ਵਿਗਿਆਨਕ ਬਣਾਉਣ ਲਈ ਵਿਸ਼ੇ ਦੇ ਤੌਰ ਤੇ ਸਕੂਲੀ ਸਿਲੇਬਸ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਅਧਿਆਪਕਾਂ ਤੇ ਮਾਪਿਆਂ ਨੂੰ ਕਿਹਾ ਕਿ ਬੱਚਿਆਂ ਨੂੰ ਉਚੇਰੀ ਪੜ੍ਹਾਈ ਕਰਾਉਣ ਦੇ ਨਾਲ ਨਾਲ ਚੰਗੀਆਂ ਕਦਰਾਂ ਕੀਮਤਾਂ ਉਸਾਰਨ ਤੇ ਵਧੇਰੇ ਜ਼ੋਰ ਲਾਉਣਾ ਚਾਹੀਦਾ ਹੈ।

ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਬੋਲਦਿਆਂ ਨਛੱਤਰ ਸਿੰਘ ਬਦੇਸ਼ਾ ਦਾ ਵਿਸ਼ੇਸ਼ ਧੰਨਵਾਦ ਕੀਤਾ ਜੋ ਆਪਣੀ ਸਤਿਕਾਰਯੋਗ ਮਾਤਾ ਭਗਵਾਨ ਕੌਰ ਚੰਨੋ ਦੀ ਯਾਦ ਵਿੱਚ ਇਕਾਈ ਸੰਗਰੂਰ ਦੇ ਇਸ ਸਨਮਾਨ ਸਮਾਗਮ ਲਈ ਕਨੇਡਾ ਤੋਂ ਹਰ ਸਾਲ ਵਿਸ਼ੇਸ਼ ਆਰਥਿਕ ਸਹਿਯੋਗ ਕਰਦੇ ਹਨ।

ਸਨਮਾਨ ਸਮਾਗਮ ਦੌਰਾਨ ਇਕਾਈ ਪੱਧਰ 'ਤੇ ਮੋਹਰੀ ਸਥਾਨ ਹਾਸਲ ਕਰਨ ਵਾਲੇ 70, ਜੋਨ ਵਿੱਚ ਅਹਿਮ ਸਥਾਨ ਪ੍ਰਾਪਤ ਕਰਨ ਵਾਲੇ 5 ਵਿਦਿਆਰਥੀਆਂ ਤੇ ਸਹਿਯੋਗ ਕਰਨ ਵਾਲੇ 30 ਅਧਿਆਪਕ ਤੇ ਪਤਵੰਤਿਆਂ ਨੂੰ ਸਨਮਾਨਿਤ ਕੀਤਾ।

ਇਸ ਮੌਕੇ ਹਰਜੀਤ ਸਿੰਘ, ਧਰਮੀ ਤੁੰਗਾਂ, ਸਹਿਜਪ੍ਰੀਤ ਕੌਰ ਬਾਲੀਆਂ ਪ੍ਰਨੀਤੀ ਤਿਵਾੜੀ ਨੇ ਇਨਕਲਾਬੀ ਗੀਤ/ ਕਵਿਤਾਵਾਂ ਪੇਸ਼ ਕੀਤੇ। ਮਹਿਲਾਂ ਸਕੂਲ ਦੀ ਵਿਦਿਆਰਥਣ ਅਨੂੰ ਰਾਣੀ, ਬਚਪਨ ਇੰਗਲਿਸ਼ ਸਕੂਲ ਦੇ ਬੱਚਿਆਂ ਪਰਮਜੀਤ ਸਿੰਘ, ਪ੍ਰਨੀਤੀ ਤੇ ਭਗਵਾਨ ਸਿੰਘ ਢੰਡੋਲੀ ਕਲਾਂ ਨੇ ਤਰਕਸ਼ੀਲਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਤਰਕਸ਼ੀਲ਼ ਆਗੂ ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ ਕੀਤਾ।

ਮੰਚ ਸੰਚਾਲਨ ਦੀ ਜ਼ਿੰਮੇਵਾਰੀ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਤੇ ਗੁਰਦੀਪ ਸਿੰਘ ਲਹਿਰਾ ਨੇ ਬਾਖੂਬੀ ਨਿਭਾਈ।

***ਸੀਤਾ ਰਾਮ ਬਾਲਦ ਕਲਾਂ***

***ਜ਼ੋਨ ਮੀਡੀਆ ਮੁਖੀ***

## ਦੋ ਦੁਖਦਾਈ ਵਿਛੋੜੇ

**ਪਿਛਲੇ ਮਹੀਨਿਆਂ ਦੌਰਾਨ ਦੋ ਅਜਿਹੀਆਂ ਵੱਡੀਆਂ ਸ਼ਖ਼ਸੀਅਤਾਂ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਲੋਕ ਪੱਖੀ ਸੋਚ ਦੇ ਲੇਖੇ ਲਾਈ ਹੋਈ ਸੀ। ਇਹ ਦੋ ਸ਼ਖ਼ਸੀਅਤਾਂ ਸਨ - ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਸ੍ਰੀ ਸਵਰਨ ਭੰਗੂ। ਦੋਹਾਂ ਦੇ ਕੰਮ ਦੇ ਖੇਤਰ ਅਲੱਗ ਅਲੱਗ ਸਨ ਪਰ ਦੋਹਾਂ ਦੀ ਸੋਚ ਅਤੇ ਕਾਰਗੁਜ਼ਾਰੀ ਸਮਾਜ ਨੂੰ ਚੰਗੀ ਸੇਧ ਦੇਣ ਲਈ ਸਮਰਪਿਤ ਸੀ। ਇਨ੍ਹਾਂ ਦੋਹਾਂ ਵਿਅਕਤੀਆਂ ਬਾਰੇ ਕਾ. ਅਮੋਲਕ ਹੋਰਾਂ ਨੇ ਬਹੁਤ ਭਾਵਪੂਰਤ ਲੇਖ ਲਿਖੇ ਹਨ ਜੋ ਅਸੀਂ ਕੁਝ ਸੰਖੇਪ ਰੂਪ ਵਿੱਚ ਤਰਕਸ਼ੀਲ ਦੇ ਪਾਠਕਾਂ ਲਈ ਪ੍ਰਕਾਸ਼ਿਤ ਕਰ ਰਹੇ ਹਾਂ।**

# ਗ਼ਦਰ ਇਤਿਹਾਸ ਖੋਜ ਦਾ ਬਾਬਾ ਬੋਹੜ : ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ

ਜ਼ਿੰਦਗੀ ਦੇ ਸਫ਼ਰ ਤੇ ਚੱਲਦਿਆਂ ਅਜਿਹੇ ਮੋੜ ਵੀ ਆਉਂਦੇ ਨੇ ਜਦੋਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵਰਗੇ ਇਨਸਾਨ ਆਪਣੇ ਇਰਦ ਗਿਰਦ ਵਾਪਰਦੀਆਂ ਘਟਨਾਵਾਂ ਤੋਂ ਐਨੇ ਹਲੂਣੇ ਜਾਂਦੇ ਹਨ ਕਿ ਉਹ ਅਰੁੱਕ ਅਤੇ ਅਮੁੱਕ ਸਫ਼ਰ ਦੇ ਪਾਂਧੀ ਹੋ ਜਾਂਦੇ ਹਨ। ਉਹ ਆਪਣੀ ਅਕਾਦਮਿਕ ਵਿੱਦਿਆ ਤੋਂ ਅਗਲੇ ਵਿਸ਼ਾਲ ਖੋਜ ਖੇਤਰਾਂ ਵੱਲ ਨਿਕਲ ਤੁਰਦੇ ਹਨ। ਉਹ ਭਾਵੇਂ ਪਹਿਲਾਂ ਹੀ ਇਤਿਹਾਸ ਦੀਆਂ ਪੈੜਾਂ ਨੱਪਣ ਲਈ ਸਫ਼ਰ ਤੇ ਸਨ ਪਰ ਕਈ ਹਲੂਣਵੀਆਂ ਘਟਨਾਵਾਂ ਨੇ ਉਹਨਾਂ ਦੀ ਜ਼ਿੰਦਗੀ ਨੂੰ ਨਵੇਂ ਅਰਥ ਅਤੇ ਖੋਜ ਭਰਪੂਰ ਮਾਰਗ ਦਿੱਤੇ।



ਹੋਇਆ ਇਹ ਕਿ ਉਹ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਪ੍ਰੋਫ਼ੈਸਰ ਸਨ। ਇਸ ਕਾਲਜ ਦਾ ਹੋਣਹਾਰ ਵਿਦਿਆਰਥੀ ਸੀ ਬਖ਼ਸ਼ੀਸ਼ ਸਿੰਘ ਮੋਰ ਕਰੀਮਾਂ। ਜਿਸਦੀ ਮਾਂ ਖੇਤਾਂ ਦੇ ਵੱਟਾਂ ਬੰਨਿਆਂ, ਰਾਹਾਂ ਤੋਂ ਘਾਹ ਖੋਤ ਕੇ ਲਵੇਰਾ ਪਾਲਕੇ ਗੁਜ਼ਾਰਾ ਕਰਦੀ ਅਤੇ ਮਜ਼ਦੂਰ ਪੁੱਤ ਨੂੰ ਇੰਜਨੀਅਰ ਬਣਾਉਣ ਲਈ ਸਖ਼ਤ ਮੁਸ਼ੱਕਤ ਕਰਦੀ ਸੀ। ਇਸ ਮਾਂ ਜਾਇਆ ਬਖਸ਼ੀਸ਼, ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੀਆਂ ਕਲਾਸਾਂ ਛੱਡ ਕੇ ਲੋਕ ਮੁਕਤੀ ਲਹਿਰ ਦੀ ਯੂਨੀਵਰਸਿਟੀ ਵਿੱਚ ਜਾ ਦਾਖਲ ਹੋਇਆ।

ਉਹਨਾਂ ਦਿਨਾਂ 'ਚ ਹਰ ਚੜ੍ਹਦੇ ਸੂਰਜ, ਕੰਮੀਆਂ ਦੇ ਵਿਹੜੇ ਦੇ ਸੂਰਜ ਕਤਲ ਕੀਤੇ ਜਾ ਰਹੇ ਸਨ। ਇਸ ਲੜੀ ਵਿੱਚ ਹੀ ਵਿਦਿਆਰਥੀ ਬਖਸ਼ੀਸ਼ ਮੋਰਕਰੀਮਾਂ ਚੰਦਰੀ ਹਨੇਰੀ ਨੇ ਖੋਹ ਲਿਆ। ਬਖਸ਼ੀਸ਼ ਨੂੰ ਨਵਾਂ ਸ਼ਹਿਰ ਰੇਲਵੇ ਸਟੇਸ਼ਨ 'ਤੇ ਜੱਫਾ ਮਾਰਕੇ ਜਦੋਂ ਪੁਲਸ ਫੜ੍ਹਨ ਲੱਗੀ ਤਾਂ ਉਸਨੇ ਅੱਖ ਝਪਕਣ ਜਿੰਨੇ ਪਲਾਂ ਚ ਹੀ ਆਪਣੇ ਲੱਕ ਨਾਲ ਬੰਨ੍ਹੇਂ ਬੰਬ ਦੀ ਪਿੰਨ ਖਿੱਚ ਦਿੱਤੀ। ਅੱਧੀ ਦਰਜਨ ਦੇ ਕਰੀਬ ਪੁਲਸ ਮੁਲਾਜਮ ਥਾਏਂ ਮਾਰੇ ਗਏ। ਬਖਸ਼ੀਸ਼ ਦੇ ਜਿਸਮ ਦੇ ਚੀਥੜੇ ਉੱਡ ਗਏ। ਇਉਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਵਿਦਿਆਰਥੀ ਬਖਸ਼ੀਸ਼ ਨੇ ਬਬਰ ਅਕਾਲੀ ਲਹਿਰ ਦੇ ਸ਼ਹੀਦ ਧੰਨਾ ਸਿੰਘ ਬਹਿਬਲਪੁਰ (ਹੁਸ਼ਿਆਰਪੁਰ) ਵੱਲੋਂ ਵੀਹਵੀਂ ਸਦੀ ਦੇ ਮੁਢਲੇ ਦੌਰ ਵਿੱਚ ਅਜੇਹੀ ਹੀ ਲਾਸਾਨੀ ਸ਼ਹਾਦਤ ਦੇ ਵਰਕੇ ਤਾਜ਼ਾ ਕਰ ਦਿੱਤੇ।

ਬਖਸ਼ੀਸ਼ ਨੇ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਨੂੰ ਤਾਜ਼ਾ ਕਰਦਿਆਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵਰਗੇ ਬੁੱਧੀਮਾਨ ਚਿੰਤਕਾਂ ਅਤੇ ਲੋਕ ਦਰਦੀਆਂ ਨੂੰ ਗਹਿਰ ਗੰਭੀਰ ਵਿਚਾਰਾਂ ਵਿੱਚ ਪਾ ਦਿੱਤਾ ਕਿ ਇਹ ਸਾਰੇ ਇਤਿਹਾਸਕ ਘਟਨਾ ਕ੍ਰਮ ਦੇ ਡੂੰਘੇ ਪਤਾਲ਼ ਵਿੱਚ ਕਿਹੜੇ ਕਾਰਨ ਕੰਮ ਕਰਦੇ ਹਨ।

ਇਹ ਦੌਰ ਸੀ ਜੋਸ਼ ਅਤੇ ਹੋਸ਼ ਨੂੰ ਸੰਤੁਲਤ ਰੱਖਣਾ ਬਹੁਤ ਹੀ ਜ਼ਰੂਰੀ ਸੀ। ਬੀਤੇ ਇਤਿਹਾਸ ਦੀਆਂ ਕੁਰਬਾਨੀਆਂ ਅਤੇ ਲਹੂ ਸੰਗ ਲਿਖੇ ਇਤਿਹਾਸ ਤੋਂ ਅਮੁੱਲੜੇ ਸਬਕ ਹਾਸਲ ਕਰਕੇ, ਪੱਲੇ ਬੰਨ੍ਹਣਾ ਉਸ ਵੇਲੇ ਦੀ ਲੋੜ ਸੀ। ਇਸ ਉੱਸਲਵੱਟੇ ਲੈਂਦੇ ਅਤੇ ਰੋਹ ਭਰੇ ਵਾਤਾਵਰਣ ਵਿੱਚ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਬੁੱਧੀਮਾਨ ਚਿੰਤਕ, ਸੁਘੜ ਸਿਆਣਾ ਇਤਿਹਾਸਕਾਰ, ਬੌਧਿਕ ਅਤੇ ਇਨਕਲਾਬੀ ਇਤਿਹਾਸ ਦੀ ਟੁੱਟੀ ਤੰਦ ਗੰਢਣ ਵਾਲਾ ਕਾਰੀਗਰ ਕਾਮਾ ਬਣਕੇ ਸਾਹਮਣੇ ਆਇਆ। ਉਸਨੇ ਬਲ਼ਦੇ ਮਾਰੂਥਲ ਅੰਦਰ ਠੰਢੇ ਮਤੇ, ਸੂਝ ਬੂਝ ਅਤੇ ਲੋਕਾਂ ਨੂੰ ਨਾਲ ਲੈਕੇ ਤੁਰਨ ਲਈ ਇਤਿਹਾਸ ਦਾ ਪੱਲਾ ਫੜਨ ਦਾ ਇਮਤਿਹਾਨ ਪਾਸ ਕੀਤਾ। ਉਨ੍ਹਾਂ ਦੇ ਮਨ ਮਸਤਕ 'ਚ ਇਹ ਸੁਆਲ ਸੁਲਘਦੇ, ਬੁਝਦੇ, ਬਲ਼ਦੇ ਰਹਿੰਦੇ ਸਨ ਕਿ ਗ਼ਦਰ ਲਹਿਰ, ਬਬਰ ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਨੌਜਵਾਨ ਭਾਰਤ ਸਭਾ ਲਹਿਰ ਨੇ ਵੀ ਲੋਕ-ਦੋਖੀ ਪ੍ਰਬੰਧ ਨਾਲ਼ ਟੱਕਰਾਂ ਲਈਆਂ। ਅਥਾਹ ਕੁਰਬਾਨੀਆਂ ਕੀਤੀਆਂ ਪਰ ਸਫ਼ਲਤਾ ਨੇ ਇਨਕਲਾਬੀ ਲਹਿਰਾਂ ਦਾ ਮੱਥਾ ਕਿਉਂ ਨਹੀਂ

ਚੁੰਮਿਆਂ? ਉਹ ਔਝੜੇ ਰਾਹਾਂ ਵਿਚੀਂ ਤੁਰਦਿਆਂ ਪਗਡੰਡੀਆਂ ਅਤੇ ਰਾਹਾਂ ਦੀ ਭਾਲ ਕਰਨ ਲਈ ਇਤਿਹਾਸ ਦੀਆਂ ਪੈੜਾਂ ਦਾ ਗਹਿਰਾ ਚਿੰਤਨ ਕਰਨ ਨਿਕਲ ਤੁਰੇ।

ਇੱਕ ਦਿਨ ਅਜੇਹਾ ਆਇਆ ਜਦੋਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਗੁਰੂ ਨਾਨਕ ਇੰਜ਼ਨੀਅਰਿੰਗ ਕਾਲਜ ਦੇ ਹੀ ਵਿਦਿਆਰਥੀ ਪ੍ਰੋ. ਜਗਮੋਹਣ ਸਿੰਘ (ਸ਼ਹੀਦ ਭਗਤ ਸਿੰਘ ਦੇ ਭਾਣਜੇ) ਲੁਧਿਆਣਾ ਤੋਂ ਸਾਇਕਲਾਂ ਤੇ ਹੀ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਭਕਨੇ ਨੂੰ ਸਫ਼ਰ ਤੇ ਨਿੱਕਲ ਪਏ। ਉਹਨਾਂ ਦੇ ਮਨ ਅੰਦਰ ਤੜਫ਼ ਅਤੇ ਗਹਿਰੀ ਨੀਝ ਸੀ ਕਿ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਜਾ ਕੇ ਮਿਲਿਆ ਜਾਵੇ। ਉਹਨਾਂ ਨਾਲ ਵਾਰਤਾਲਾਪ ਕਰਕੇ ਇਹਨਾ ਉਲਝੇ ਸੁਆਲਾਂ ਦੇ ਜਵਾਬ ਤਲਾਸ਼ੇ ਜਾਣ ਕਿ ਜਿਨ੍ਹਾਂ ਕੋਲ ਸਰਵੋਤਮ ਵਿਚਾਰਧਾਰਾ, ਸਮਰਪਣ ਦੀ ਭਾਵਨਾ ਹੈ ਜਿਹੜੇ ਕੁਰਬਾਨੀਆਂ ਦਾ ਇਤਿਹਾਸ, ਆਪਣੇ ਲਹੂ ਸੰਗ ਸਮੇਂ ਸਮੇਂ ਸਿਰਜਦੇ ਰਹਿੰਦੇ ਨੇ ਪਰ ਉਹ ਮੰਜ਼ਲਾਂ ਤੇ ਕਿਉਂ ਨਹੀਂ ਪਹੁੰਚ ਪਾਉਂਦੇ?

ਸਾਈਕਲਾਂ ਤੇ ਜਾਂਦਿਆਂ ਉਹ ਰਾਹ ਵਿੱਚ ਸੋਚਦੇ ਗਏ ਕਿ ਐਡਾ ਵੱਡਾ ਆਗੂ ਸਾਨੂੰ ਮਿਲਣ ਲਈ ਸਮਾਂ ਵੀ ਦੇ ਦੇਵੇਗਾ? ਉਹਨਾਂ ਕੋਲ਼ ਤਾਂ ਮਿਲਣ ਵਾਲਿਆਂ ਦਾ ਮੇਲਾ ਲੱਗਾ ਹੋਵੇਗਾ। ਪਰ ਜੋ ਉਹਨਾਂ ਜਾ ਕੇ ਅੱਖੀਂ ਡਿੱਠਾ ਉਹਨਾਂ ਦੀਆਂ ਕਿਆਸ ਅਰਾਈਆਂ ਨਾਲੋਂ ਹਕੀਕਤ ਕੁੱਝ ਹੋਰ ਹੀ ਸੀ। ਬਾਬਾ ਸੋਹਣ ਸਿੰਘ ਭਕਨਾ ਕੁੱਲੀ ਨੁਮਾ ਰਿਹਾਇਸ਼ ਵਿੱਚ ਕੱਲ-ਮ-'ਕੱਲਾ ਸੀ। ਬਾਬੇ ਨੇ ਆਪ ਹੀ ਦੁੱਧ ਗਰਮ ਕਰਕੇ ਇਹਨਾਂ ਨੌਜਵਾਨਾਂ ਨੂੰ ਦਿੱਤਾ। ਇਹ ਸਾਰਾ ਦ੍ਰਿਸ਼ ਇਹਨਾਂ ਬੁੱਧੀਮਾਨਾਂ ਲਈ ਇਤਿਹਾਸ ਅਤੇ ਲਹਿਰਾਂ ਦੀ ਝੰਜੋੜਵੀਂ ਝਲਕ ਸੀ ਕਿ ਇਸ ਮੁਲਕ ਅੰਦਰ ਮੂੜ ਮੱਤ ਅਤੇ ਪੁੱਠੀਆਂ ਪੱਟੀਆਂ ਪੜ੍ਹਾਉਣ ਵਾਲੇ ਬਾਬਿਆਂ ਦੇ ਜਿਉਂਦੇ ਜੀਅ ਅਤੇ ਮੋਇਆਂ ਤੇ ਮੇਲੇ ਲੱਗਦੇ ਨੇ ਉੱਥੇ ਦੇਸ਼ ਭਗਤਾਂ ਦੀ ਜਿੰਦਗੀ 'ਚ ਇਹ ਇਕੱਲਤਾ, ਕਿਸੇ ਵਿਅਕਤੀ ਦੀ ਇਕੱਲਤਾ ਦੀ ਕਹਾਣੀ ਨਹੀਂ, ਇਹ ਲਹਿਰ ਦੀ ਇਕੱਲਤਾ ਨੂੰ ਸਮਝਣ ਦਾ ਗਹਿਰਾ ਸੁਆਲ ਹੈ। ਇਹਨਾਂ ਸੁਆਲਾਂ ਦੇ ਝੁਰਮਟ ਨੇ ਪ੍ਰੋਫ਼ੈਸਰ ਹੋਰਾਂ ਦੇ ਮਨ ਅੰਦਰ ਹਲਚਲ ਪੈਦਾ ਕਰ ਦਿੱਤੀ।

ਉਸ ਉਪਰੰਤ ਹੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਮਨ ਹੀ ਮਨ ਜ਼ਿੰਦਗੀ ਦੇ ਵੱਡੇ ਫੈਸਲੇ ਲਏ। ਬਾਬਾ ਸੋਹਣ ਸਿੰਘ ਭਕਨਾ ਨਾਲ਼ ਪਿੰਡ ਭਕਨਾ ਮੁਲਾਕਾਤ ਉਪਰੰਤ ਤਾਂ ਉਹ ਪਿੰਡ ਬੱਦੋਵਾਲ, ਨਾਰੰਗਵਾਲ, ਸਰਾਭਾ, ਚਮਿੰਡਾ, ਗ਼ਦਰੀ ਬਾਬਿਆਂ, ਕੂਕਾ ਲਹਿਰ, ਬੱਬਰ ਅਕਾਲੀਆਂ ਦੇ ਪਿੰਡਾਂ, ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਸੰਗਰਾਮੀ ਪੈੜਾਂ ਦੀ ਖ਼ੋਜ ਕਰਨ ਨਿਕਲ ਤੁਰੇ। ਉਹਨਾਂ ਨੇ ਕਾਲਜ ਪ੍ਰੋਫੈਸਰ ਦੀਆਂ ਸੇਵਾਵਾਂ ਤੋਂ ਵਿਦਾਇਗੀ ਉਪਰੰਤ ਵਕਾਲਤ ਕੀਤੀ। ਉਹਨਾਂ ਨੇ ਵਕਾਲਤ ਧੰਨ ਦੌਲਤ ਇਕੱਠੀ ਕਰਨ ਲਈ ਨਹੀਂ ਸਗੋਂ ਆਪਣੀ ਇਤਿਹਾਸਕ ਖੋਜ ਦੇ ਕਾਰਜ ਲਈ ਇਸਨੂੰ ਜ਼ਰੂਰੀ ਸਮਝਿਆ। ਇਤਿਹਾਸ ਦੇ ਅਣਛੋਹੇ ਵਰਕੇ ਖੋਜਣ ਲਈ ਉਹਨਾਂ ਨੇ ਵਕਾਲਤ ਦੇ ਇਸ ਪ੍ਰੋਜੈਕਟ ਨੂੰ ਹੱਥ ਲਿਆ। ਕਾਨੂੰਨੀ ਨੁਕਤਾ ਨਜ਼ਰ ਤੋਂ ਮੁਕੱਦਮਿਆਂ, ਕੇਸਾਂ, ਫਾਂਸੀਆਂ, ਜੇਲ੍ਹਾਂ , ਉਮਰ ਕੈਦ, ਜੂਹ ਬੰਦੀਆਂ, ਕੁਰਕੀਆਂ ਅਤੇ ਇਤਿਹਾਸ ਅੰਦਰ ਇਨਕਲਾਬੀ ਲਹਿਰਾਂ ਨੂੰ ਮਾਣਮੱਤਾ ਸਥਾਨ ਦਿਵਾਉਣ ਲਈ, ਹਾਈਕੋਰਟ ਦੇ ਚੱਕਰ ਕੱਟਣ, ਕੇਸ ਲੜਨ, ਕੂਕਾ ਲਹਿਰ, ਗ਼ਦਰ ਲਹਿਰ, ਕਾਮਾਗਾਟਾ ਮਾਰੂ ਲਹਿਰ, ਬਜਬਜ ਘਾਟ, ਜਲ੍ਹਿਆਂਵਾਲਾ ਬਾਗ, ਆਜ਼ਾਦ ਹਿੰਦ ਫੌਜ ਆਦਿ ਦੇ ਸ਼ਹੀਦਾਂ ਨੂੰ ਸ਼ਹੀਦੀ ਰੁਤਬਾ ਦਿਵਾਉਣਾ, ਸ਼ਹੀਦਾਂ ਭਗਤ ਸਿੰਘ ਅਤੇ ਸਾਥੀਆਂ ਨੂੰ ਕੌਮੀ ਸ਼ਹੀਦਾ ਦਾ ਮਾਣ ਮੱਤਾ ਸਥਾਨ ਦਿਵਾਉਣ ਲਈ ਦ੍ਰਿੜਤਾ ਨਾਲ ਲੜੇ। ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਵਰਗੇ ਅਨੇਕਾਂ ਦੀ ਜਮੀਨ ਜਾਇਦਾਦ ਦੀ ਕੁਰਕੀ ਰੱਦ ਕਰਾਉਣ ਨਿਕਲ ਪਏ। ਗ਼ਦਰੀ ਬਾਬਾ ਹਰਨਾਮ ਸਿੰਘ ਕਾਲ਼ਾ ਸੰਘਿਆ ਦੀ ਜਮੀਨ ਜਾਇਦਾਦ ਦੀ ਕੁਰਕੀ ਰੱਦ ਕਰਵਾ ਲੈਣ ਦੇ ਹਵਾਲੇ ਨਾਲ ਅਦਾਲਤ ਨੂੰ ਇਹ ਪ੍ਰਵਾਨ ਕਰਨਾ ਪਿਆ ਕਿ ਮੁਲਕ ਵਿੱਚ ਹੋਰ ਜਿੱਥੇ ਵੀ ਅਜੇਹੇ ਕੇਸ ਹਨ ਸਭ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ ਅਤੇ ਜਾਇਦਾਦ ਵਾਰਸਾਂ ਹਵਾਲੇ ਕੀਤੀ ਜਾਏ ।

ਆਮ ਤੌਰ 'ਤੇ ਸਾਡੇ ਸਮਾਜ ਵਿੱਚ ਕਿਹਾ ਜਾਂਦਾ ਹੈ ਕਿ ਬਰੋਟੇ ਹੇਠਾਂ ਹੋਰ ਬੂਟੇ ਨਹੀਂ ਹੋ ਸਕਦੇ। ਗ਼ਦਰੀ ਬਾਬਿਆਂ ਦੇ ਇਤਿਹਾਸ ਦੇ ਖੋਜੀ ਵਿਦਵਾਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਜੇਹੇ ਸਥਾਪਤ ਬਰੋਟੇ ਸਨ ਜਿਨ੍ਹਾਂ ਦੀ ਛਾਵੇਂ ਅਨੇਕਾਂ ਹੀ ਬੂਟੇ ਉੱਗੇ, ਮੌਲਰੇ ਅਤੇ ਉਹਨਾਂ ਨੂੰ ਲੋੜੀਂਦੀ ਖਾਧ ਖੁਰਾਕ ਮੁਹੱਈਆ ਕਰਨ ਲਈ ਪ੍ਰੋ. ਮਲਵਿੰਦਰਜੀਤ ਜੀ ਨੇ ਅਥਾਹ ਲਗਨ ਨਾਲ ਇਤਿਹਾਸਕ ਮਾਲੀ ਦਾ ਕੰਮ ਕੀਤਾ।

ਇਸ ਲਿਖਤ ਵਿੱਚ ਕਿਤਾਬਾਂ ਦੇ ਲੰਮੇਂ ਵਿਸਥਾਰ ਵਿੱਚ ਨਾ ਜਾਂਦੇ ਹੋਏ ਸਿਰਫ਼ ਐਨਾ ਹੀ ਕਹਾਂਗਾ ਕਿ ਉਹਨਾਂ ਨੇ 62 ਤੋਂ ਵੱਧ ਕਿਤਾਬਾਂ, ਦਸ ਹਜ਼ਾਰ ਸਫ਼ਾ ਦਸਤਾਵੇਜ਼ੀ ਰੂਪ ਛਾਪਕੇ ਪਾਠਕਾਂ ਦੀ ਝੋਲੀ ਪਾਇਆ ।

ਉਨ੍ਹਾਂ ਦਾ ਖੋਜ ਭਰਪੂਰ ਇਤਿਹਾਸਕ ਸਾਹਿਤਕ ਕਾਰਜ, ਲਹਿਰਾਂ ਨੂੰ ਤੱਤੇ, ਠੰਢੇ ਹਰ ਮੌਸਮ ਵਿਚ ਔਝੜੇ ਰਾਹਾਂ ਅੰਦਰ ਗਹਿਰ ਗੰਭੀਰ ਵਿਚਾਰਵਾਨ ਅਤੇ ਸਿਰੜੀ ਕਾਮੇਂ ਬਣ ਕੇ ਤੁਰਨ ਲਈ ਚਾਨਣ ਮੁਨਾਰਾ ਬਣਕੇ ਕੰਮ ਕਰਦਾ ਰਹੇਗਾ।

*98778-68710*

# ਗੰਧਲੇ ਪਾਣੀਆਂ 'ਚ ਤਰੰਗ ਛੇੜਦੀ-ਸਵਰਨ ਭੰਗੂ ਦੀ ਵਸੀਅਤ

**ਅਮੋਲਕ ਸਿੰਘ**

ਅਜੋਕੇ ਗੰਧਲੇ ਸਮਾਜੀ ਮੌਸਮ ਵਿੱਚ ਵੀ ਜੋ ਸ਼ਖਸੀਅਤਾਂ ਮਾਨਵਤਾ, ਕੁਦਰਤ, ਸਮਾਜਿਕ ਸਰੋਕਾਰਾਂ, ਬਚਪਨ ਅਤੇ ਜਵਾਨੀ ਦੇ ਬੌਧਿਕ ਵਿਕਾਸ ਦਾ ਵਿਸ਼ੇਸ਼ ਧਿਆਨ ਰੱਖ ਕੇ ਸਫ਼ਰ ਤੇ ਰਹਿੰਦੀਆਂ ਹਨ, ਜਿਨ੍ਹਾਂ ਦੀਆਂ ਪੈੜਾਂ ਕਿਸੇ ਭੀੜ 'ਚ ਨਹੀਂ ਗੁਵਾਚਦੀਆਂ, ਜਿਹੜੇ ਆਪਣਾ ਵਿਲੱਖਣ ਸਿਰਨਾਵਾਂ ਸਮੇਂ ਦੇ ਮੱਥੇ ਤੇ ਉਕਰ ਜਾਂਦੇ ਨੇ, ਅਜਿਹੀਆਂ ਸ਼ਖਸੀਅਤਾਂ ਵਿਸ਼ੇਸ਼ ਸਤਿਕਾਰ ਦੀਆਂ ਪਾਤਰ ਹੋਇਆ ਕਰਦੀਆਂ ਨੇ।



ਚੰਦ ਦਿਨ ਪਹਿਲਾਂ ਸਾਥੋਂ ਵਿਛੜੀ ਸ਼ਖ਼ਸੀਅਤ ਸਵਰਨ ਸਿੰਘ ਭੰਗੂ, ਵਿਦਿਅਕ, ਸਮਾਜਕ, ਸਾਹਿਤਕ, ਤਰਕਸ਼ੀਲ, ਜਮਹੂਰੀ, ਲੋਕ- ਪੱਖੀ ਅਤੇ ਅਗਾਂਹ-ਵਧੂ ਕਾਫ਼ਲੇ ਦੀ ਅਜਿਹੀ ਸ਼ਖ਼ਸੀਅਤ ਹੈ, ਜਿਸ ਦੀ ਸਮਾਜ ਅੰਦਰ ਮਾਣ-ਮੱਤੀ ਨਿਵੇਕਲੀ ਪਹਿਚਾਣ ਹੈ। ਸਵਰਨ ਭੰਗੂ ਸਾਡੇ ਕੋਲੋਂ ਉਸ ਮੌਕੇ ਕੁਵੇਲੇ ਵਿਦਾ ਹੋਇਆ ਹੈ, ਜਦੋਂ ਸਮਾਂ ਸਵਰਨ ਵਰਗਿਆਂ ਦੇ ਲੰਮੇਰੇ ਕਾਫ਼ਲੇ ਦੀ ਮੰਗ ਕਰਦਾ ਹੈ।

ਲੋਕਾਂ ਦਾ ਦਰਦੀ, ਵਿਗਿਆਨਕ ਸੋਚ ਨੂੰ ਪ੍ਰਣਾਇਆ ਅਤੇ ਸੁਹਾਵਣੀ ਬਸੰਤ ਰੁੱਤ ਦਾ ਚਾਹਵਾਨ ਸਵਰਨ, ਉਹਨਾਂ ਨਾਜ਼ੁਕ ਮੋੜਾਂ ਤੇ ਸਦੀਵੀ ਵਿਛੋੜਾ ਦੇ ਗਿਆ ਜਦੋਂ ਸਮਾਂ ਇਹ ਤਿੱਖੀ ਚੁਣੌਤੀ ਲੈ ਕੇ ਆ ਰਿਹਾ ਹੈ ਕਿ ਬੰਦੇ ਨੂੰ ਬੰਦਾ ਨਹੀਂ, ਕਲਪੁਰਜਾ ਅਤੇ ਬਾਜ਼ਾਰ ਵਿਕੇਂਦੀ ਵਸਤ ਬਣਾ ਕੇ ਛੱਡਣਾ ਹੈ। ਅਜੋਕੀ ਵਿਵਸਥਾ ਦਾ ਨਿਸ਼ਾਨਾ ਸੰਵੇਦਨਹੀਣਤਾ ਅਤੇ ਆਪਣੀ ਮੌਤ ਆਪੇ ਸਹੇੜਨ ਦਾ ਜ਼ਿੰਮੇਂਵਾਰ ਵੀ ਲੋਕਾਂ ਨੂੰ ਹੀ ਸਾਬਤ ਕਰਨ ਦਾ ਵਾਤਾਵਰਣ ਸਿਰਜਣਾ ਹੈ।

ਦੁਨੀਆਂ ਭਰ ਦੇ ਸਮਾਜ ਸ਼ਾਸਤਰੀਆਂ, ਸਿੱਖਿਆ ਸ਼ਾਸਤਰੀਆਂ, ਵਿਗਿਆਨੀਆਂ, ਤਰਕਸ਼ੀਲਾਂ ਦੀ ਅਦੁੱਤੀ ਦੇਣ ਨੂੰ ਪੂਰੇ ਅਦਬ ਨਾਲ ਆਪਣੀ ਜੀਵਨ ਸ਼ੈਲੀ ਵਿਚ ਅਪਣਾਉਂਦਿਆਂ ਸਵਰਨ ਭੰਗੂ ਨੇ ਵਿਸ਼ੇਸ਼ ਤੌਰ ਤੇ ਸਿਖਿਆਰਥੀਆਂ ਨੂੰ ਜ਼ਿੰਦਗੀ ਦੀ ਉਚੇਰੀ ਪਰਵਾਜ਼ ਭਰਨ ਲਈ ਪ੍ਰੇਰਿਤ ਕੀਤਾ ਹੈ। ਉਹ ਸਮਾਜਿਕ ਮੁਰਦੇਹਾਣੀ ਦੇ ਖੜੋਤੇ ਗੰਧਲੇ ਪਾਣੀਆਂ ਚ ਤਰੰਗਾਂ ਛੇੜਨ ਲਈ ਸਦਾ ਹੀ ਯਤਨਸ਼ੀਲ ਰਿਹਾ। ਉਸਨੇ 'ਮੇਰੀ ਆਵਾਜ਼ ਸੁਣੋ' ਅਤੇ ' ਚੰਗੇ ਵਿਦਿਆਰਥੀ ਦੀ ਸਿਰਜਣਾ' ਵਰਗੀਆਂ ਖ਼ੂਬਸੂਰਤ ਕਿਤਾਬਾਂ ਸਾਡੇ ਲੋਕਾਂ ਦੀ ਝੋਲੀ ਪਾਈਆਂ ਹਨ। ਉਹ ਵਿਸ਼ੇਸ਼ ਤੌਰ ਤੇ ਜਿੱਥੇ ਪੁੰਗਰਦੀ ਪਨੀਰੀ ਨੂੰ ਵਿਗਿਆਨ, ਸਾਹਿਤ, ਰੰਗ ਮੰਚ ਅਤੇ ਵਿਦਿਅਕ ਖੇਤਰ ਅੰਦਰ ਮੱਲਾਂ ਮਾਰਨ ਲਈ ਪ੍ਰੇਰਦੇ ਰਹੇ ਉਥੇ ਸਮਾਜ ਦੇ ਹਾਸ਼ੀਏ ਤੋਂ ਵੀ ਬਾਹਰ ਧੱਕੇ ਗਏ ਦੱਬੇ ਕੁਚਲੇ ਲੋਕਾਂ ਦੇ, ਆਰਥਿਕ ਤੰਗੀਆਂ ਦੇ ਝੰਬੇ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਸੂਰਜਾਂ ਦੇ ਹਮਸਫ਼ਰ ਬਣਾਉਣ ਲਈ ਸਦਾ ਹੀ ਤਤਪਰ ਰਹੇ।

ਸਵਰਨ ਭੰਗੂ ਦੀ ਜੀਵਨ ਸਾਥਣ ਗੁਰਪ੍ਰੀਤ ਭੰਗੂ ਜੋ ਲੰਮਾਂ ਸਮਾਂ ਗੁਰਸ਼ਰਨ ਭਾਅ ਜੀ ਦੇ ਲਾਏ ਬੂਟੇ, ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੇ ਸੂਬਾ ਕਮੇਟੀ ਮੈਂਬਰ ਰਹੇ। ਪਲਸ ਮੰਚ ਦੇ ਸੂਬਾਈ ਸਮਾਗਮਾਂ, ਗਦਰੀ ਬਾਬਿਆਂ ਦੇ ਮੇਲੇ ਅਤੇ ਇਸ ਮੇਲੇ ਮੌਕੇ ਹੋਣ ਵਾਲੇ ਸੰਗੀਤ ਨਾਟ ਓਪੇਰੇ ਝੰਡੇ ਦੇ ਗੀਤ ਅਤੇ ਨਾਟਕਾਂ ਵਿੱਚ ਸ਼ੁਮਾਰ ਰਹੇ ਹਨ। ਗੁਰਪ੍ਰੀਤ ਦਾ ਕਹਿਣਾ ਹੈ ਕਿ ਸਵਰਨ ਭੰਗੂ ਦੇ ਵਿਛੋੜੇ ਦਾ ਸੱਲ ਭਾਵੇਂ ਬੇਹੱਦ ਗਹਿਰਾ ਅਤੇ ਪੀੜਾਦਾਇਕ ਹੈ ਪਰ ਉਸਦਾ ਆਦਰਸ਼ਕ ਜੀਵਨ ਸਾਥੋਂ ਆਸ ਕਰਦਾ ਹੈ ਕਿ ਅਜੇਹੇ ਸਮਿਆਂ ਅੰਦਰ ਵੀ ਜੀਣਾ ਹੋਏਗਾ। ਆਪਣੇ ਸਫ਼ਰ ਤੇ ਤੁਰਨਾ ਹੋਏਗਾ। ਸਵਰਨ ਭੰਗੂ ਦੇ ਵਿਗਿਆਨਕ ਵਿਚਾਰਾਂ ਦੀ ਮਸ਼ਾਲ ਲੈ ਕੇ ਹੋਰ ਵੀ ਸਿਰੜ ਨਾਲ ਆਪਣੇ ਲੋਕਾਂ ਨੂੰ ਜਾਗਰੂਕ ਕਰਨ ਲਈ ਤੁਰਨਾ ਹੋਏਗਾ।

ਸਵਰਨ ਭੰਗੂ ਅਤੇ ਗੁਰਪ੍ਰੀਤ ਭੰਗੂ ਦਾ ਸਪੁੱਤਰ ਬਾਗੀ ਭੰਗੂ ਆਪਣੇ ਬਾਬਲ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਿਜਦਾ ਕਰਦੇ ਹੋਏ ਵਿਸ਼ਾਲ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸਾਫ ਸ਼ਬਦਾਂ ਵਿੱਚ ਕਹਿੰਦਾ ਸੁਣਿਆ ਗਿਆ ਕਿ-

' 'ਮੇਰੇ ਬਾਪ ਨੂੰ ਇਸ ਗੰਦੇ ਨਿਜ਼ਾਮ ਦੇ ਨਾਲੇ ਨੇ ਸਾਥੋਂ ਖੋਹ ਲਿਆ। ਸਾਡਾ ਫਰਜ਼ ਹੈ ਕਿ ਅਜੇਹੇ ਨਾਲ਼ੇ ਨੂੰ ਪੂਰਨ ਲਈ

ਪੂਰੀ ਵਾਹ ਲਾਈਏ ਤਾਂ ਜੋ ਹੋਰ ਕੋਈ ਵੀ ਧਰਤੀ ਦਾ ਲਾਲ ਇਸ ਆਰਥਿਕ ਸਮਾਜਿਕ ਨਾਲ਼ੇ ਦਾ ਸ਼ਿਕਾਰ ਨਾ ਹੋਵੇ। ਇਹ ਨਾਲਾ ਕਿਸੇ ਪਾਣੀਆਂ ਦਾ ਹੀ ਨਹੀਂ ਇਹ ਸਾਡੇ ਆਰਥਿਕ ਸਮਾਜਿਕ ਤੇ ਬੋਅ ਮਾਰਦੇ ਨਿਜ਼ਾਮ ਦੇ ਰਖੈਲਾਂ ਦੀ ਉਤਪਤੀ ਹੈ। ਇਸਨੂੰ ਜਿੰਨੀ ਜਲਦੀ ਅਸੀਂ ਸਮਝ ਲਵਾਂਗੇ ਓਨਾ ਹੀ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਵਿੱਚ ਡੁੱਬਣ ਤੋਂ ਬਚਾ ਲਵਾਂਗੇ।'

ਇੱਕ ਦੂਜੇ ਦੇ ਗਲ਼ ਫੁੱਲਾਂ ਦੇ ਹਾਰ ਪਾ ਕੇ ਵਿਆਹ ਕਰਵਾਉਣ, ਅਨੇਕਾਂ ਹੀ ਮੁਸੀਬਤਾਂ ਵਿੱਚੀਂ ਸਫ਼ਰ ਜਾਰੀ ਰੱਖਣ ਵਾਲ਼ੀ ਸਵਰਨ ਭੰਗੂ ਅਤੇ ਗੁਰਪ੍ਰੀਤ ਭੰਗੂ ਦੀ ਜੋੜੀ ਨੇ ਇੱਕ ਦੂਜੇ ਦੀ ਸੰਗੀ ਸਾਥੀ ਵਾਲ਼ੀ ਜ਼ਿੰਦਗੀ ਦੀ ਖ਼ੂਬਸੂਰਤ ਉਦਾਹਰਣ ਪੈਦਾ ਕੀਤੀ ਹੈ।

ਉਹ ਸਾਡੇ ਲਈ ਬਹੁਤ ਪਹਿਲਾਂ ਹੀ 8 ਸਤੰਬਰ 2023 ਨੂੰ ਲਿਖੀ ਆਪਣੀ ਵਸੀਅਤ ਛੱਡ ਗਏ। ਕੁਝ ਲੋਕਾਂ ਦੀ ਜਾਇਦਾਦ ਕਦੇ ਵੀ ਜਰੀਬਾਂ ਦੇ ਨਾਲ ਜਾਂ ਏ.ਟੀ.ਐਮ. ਦੇ ਵਿੱਚ ਪਏ ਨੋਟਾਂ ਦੀਆਂ ਗੁੱਥੀਆਂ ਨਾਲ਼ ਨਹੀਂ ਨਾਪੀ ਜਾਂਦੀ। ਉਹਨਾਂ ਦੀ ਜਾਇਦਾਦ ਉਹਨਾਂ ਦੇ ਅੱਖਰਾਂ ਦੀ ਵਰਣ ਮਾਲਾ, ਉਹਨਾਂ ਦੇ ਸੁਪਨਿਆਂ ਦੀ ਚੰਨ ਚਾਨਣੀ ਰਾਤ ਵਿੱਚੋਂ ਵੇਖਣੀ ਪੈਂਦੀ ਹੈ। ਕਿੰਨੀਆਂ ਹੀ ਖ਼ੂਬਸੂਰਤ ਗੱਲਾਂ ਤਿੰਨ ਵਰ੍ਹੇ ਪਹਿਲਾਂ ਹੀ ਆਪਣੇ ਸਵੈ-ਅਨੁਭਵ ਦੇ ਸਹਾਰੇ ਕਾਗਜ਼ ਤੇ ਉਤਾਰ ਜਾਣਾ ਤੇ ਆਪਣੇ ਲੋਕਾਂ ਦੇ ਨਾਮ ਵਸੀਅਤ ਛੱਡ ਜਾਣਾ ਪੜ੍ਹਿਆਂ ਹੀ ਪਤਾ ਲੱਗਦਾ ਹੈ ਕਿ ਅਸੀਂ ਕਿਹੋ ਜਿਹਾ ਅਨਮੋਲ ਹੀਰਾ ਗੁਆ ਲਿਆ।

## ਵਸੀਅਤ

*ਮੈਨੂੰ ਆਪਣੇ ਨਾਲ ਹੀ ਨਹੀਂ ਸਗੋਂ ਧਰਤੀ ਦੇ ਜੀਵਨ ਨਾਲ ਬਹੁਤ ਹੀ ਮੋਹ ਹੈ। ਕੁਦਰਤ ਦੀ ਕਰੋੜਾਂ ਵਰ੍ਹਿਆਂ ਦੀ ਸਿਰਜਣਾ ਨੂੰ ਮੈਂ ਸ਼ਿੱਦਤ ਨਾਲ ਮਹਿਸੂਸ ਕਰਦਾ ਹਾਂ। ਇਸ ਧਰਤੀ ਤੇ ਹਰੇਕ ਨੂੰ ਕੁਦਰਤੀ ਉਮਰ ਤੱਕ ਜੀਣ ਦਾ ਮੌਕਾ ਮਿਲਣਾ ਚਾਹੀਦਾ ਹੈ।*

*ਮੈਂ ਜਦੋਂ ਵੀ ਮਨੁੱਖੀ ਜੀਵਨ ਉਮਰੋਂ ਪਹਿਲਾਂ ਹੀ ਖੋਹੇ ਜਾਣ ਬਾਰੇ ਕਦੇ ਪੜ੍ਹਿਆ ਸੁਣਿਆਂ, ਮੈਂ ਟੁੱਟਦਾ ਰਿਹਾ ਹਾਂ। ਇਸ ਧਰਤੀ ਦੇ ਨਾਇਕ ਨੁਮਾਂ ਲੋਕਾਂ, ਦੇਸ਼ ਭਗਤਾਂ, ਸ਼ਹੀਦਾਂ, ਵਿਗਿਆਨੀਆਂ, ਦਰਦਾਂ ਨੂੰ ਬਿਆਨ ਕਰਨ ਵਾਲੇ ਲੋਕਾਂ, ਸਾਹਿਤਕਾਰਾਂ, ਪਰਬਤੋਂ ਭਾਰੇ ਗੁਣੀ ਗਿਆਨੀ ਲੋਕਾਂ, ਮਨੁੱਖੀ ਸਮਾਜ ਨੂੰ ਮੁਕਤੀ ਦਾ ਸਿਧਾਂਤ ਦੇਣ ਵਾਲਿਆਂ, ਧਰਤੀ 'ਤੇ ਸਵਰਗ ਸਿਰਜਣ ਦੀ ਮਿਸਾਲ ਪੈਦਾ ਕਰਨ ਵਾਲਿਆਂ ਨੂੰ ਮੈਂ ਹਮੇਸ਼ਾ ਸਿਜਦਾ ਕਰਦਾ ਹਾਂ। ਹਾਸਲ ਸਮਝ ਦੀ ਕਥਨੀ ਅਤੇ ਕਰਨੀ ਦਾ ਸੁਮੇਲ ਬਣਾਉਂਦਿਆਂ ਮੈਂ ਵੀ ਆਪਣੇ ਆਪ ਨੂੰ ਇਹਨਾਂ ਦੇ ਪੈਰਾਂ ਕੋਲ ਬੈਠਿਆਂ ਪਾਇਆ ਹੈ।*

*ਹੁਣ ਮੈਂ ਤੁਹਾਡੀ ਸੱਥ ਵਿੱਚੋਂ ਤੁਰ ਗਿਆ ਹਾਂ ਇਸ ਧਰਤੀ ਤੋਂ ਤੁਰ ਜਾਣ ਵਾਲਾ ਪਿੱਛੇ ਮੁੜ ਕੇ ਤਾਂ ਆਉਂਦਾ ਨਹੀਂ ਪਰ ਤੁਹਾਨੂੰ ਸਭ ਨੂੰ ਮੇਰੀ ਨਿਮਰ ਜਿਹੀ ਅਪੀਲ ਹੈ ਕਿ ਮੇਰੀ ਮੌਤ ਤੋਂ ਬਾਅਦ ਕਿਸੇ ਕਿਸਮ ਦੀ ਧਾਰਮਿਕ ਰਸਮ ਨਾ ਕੀਤੀ ਜਾਵੇ ਕਿਉਂਕਿ ਹਾਸਲ ਵਿਗਿਆਨਕ ਸਮਝ ਤੋਂ ਬਾਅਦ ਮੈਂ ਸਮਝਿਆ ਹੈ ਕਿ ਰੱਬ ਨਾਂਅ ਦੀ ਕਿਸੇ ਵੀ ਸੰਸਥਾ ਵਿੱਚ ਮੇਰਾ ਕੋਈ ਵਿਸ਼ਵਾਸ ਨਹੀਂ ਰਿਹਾ।*

*ਮੇਰੇ ਰਿਸ਼ਤਿਓ, ਮੇਰਾ ਤੁਹਾਡੀ ਸੱਥ ਵਿੱਚੋਂ ਚਲੇ ਜਾਣਾ ਕੁਦਰਤੀ ਹੈ। ਮੈਂ ਇਸ ਧਰਤੀ ਦਾ ਅਦਨਾ ਵਿਅਕਤੀ ਹੁਣ ਮੋਇਆਂ ਵਿੱਚ ਸ਼ਾਮਿਲ ਹੋ ਗਿਆ ਹਾਂ। ਮੈਂ ਆਪਣੀ ਹਾਸਲ ਸਮਝ ਸਮਰੱਥਾ ਮੁਤਾਬਕ ਸਾਥੀਆਂ ਦੇ ਸਹਿਯੋਗ ਨਾਲ ਇੱਕ ਸਵਾਲ ਰਹਿਤ ਸੰਸਥਾ ਹੋਂਦ ਵਿੱਚ ਲਿਆਂਦੀ ਹੈ। ਸਮਾਜਿਕ ਮੁਰਦੇ ਹਾਣੀ ਦੇ ਖੜ੍ਹੇ ਪਾਣੀਆਂ ਵਿੱਚ ਕੰਕਰ ਮਾਰਦਿਆਂ ਤਰੰਗਾਂ ਪੈਦਾ ਕੀਤੀਆਂ ਹਨ। ਬੱਸ ਇਹੋ ਜਿਹੀ ਮੇਰੇ ਜੀਵਨ ਦੀ ਦਾਸਤਾਂ ਹੈ। ਮੈਂ ਆਪਣੀ ਘਾਲਣਾਂ ਤੇ ਮਾਣ ਕਰਦਾ ਹਾਂ। ਅਜਿਹਾ ਹੋਣ ਕਰਕੇ ਹਮੇਸ਼ਾ ਮਾਣ ਨਾਲ ਭਰਿਆ ਰਿਹਾ ਹਾਂ। ਪਿੰਡ ਬਸੀ ਗੁਜਰਾਂ ਦੀ ਸ੍ਰੀ ਗੁਰਦੇਵ ਸਿੰਘ ਕੰਗ ਯਾਦਗਾਰੀ ਦੇਹਾਤੀ ਸਿੱਖਿਆ ਸੰਸਥਾ ਉਹ ਸੰਸਥਾ ਹੈ ਜਿਸ ਵਿੱਚ ਲੱਗੀ ਇੱਕ ਇੱਕ ਇੱਟ ਮੇਰੇ ਮੂਹਰਿਓਂ ਲੰਘੀ ਹੈ। ਮੈਂ ਇਸ ਦੇ ਨਿਰਮਾਣ ਅਤੇ ਸਮੁੱਚੇ ਪ੍ਰਬੰਧ ਦੇ ਨਾਲ ਨਾਲ ਰਿਹਾ ਹਾਂ। ਇਸ ਤਰਜ਼ ਤੇ ਹੁਣ ਡਰੀਮ ਲੈਂਡ ਪਬਲਿਕ ਸਕੂਲ ਇਸ ਦਾ ਹਿੱਸਾ ਬਣ ਚੁੱਕਾ ਹੈ। ਇਸ ਸਾਰੇ ਕੁਝ ਵਿੱਚ ਸਹਿਯੋਗ ਲਈ ਮੇਰਾ ਸਿਜਦਾ ਹੈ। ਸੰਸਥਾ ਦੀ ਪ੍ਰਬੰਧਕੀ ਕਮੇਟੀ ਨੂੰ ਸੰਸਥਾ ਵਿੱਚ ਪੜ੍ਹ ਰਹੇ ਅਤੇ ਪੜ੍ਹਦੇ ਰਹੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਜਿਨ੍ਹਾਂ ਨੇ ਹਮੇਸ਼ਾ ਹੀ ਇਹ ਜੋਤ ਜਗਦੀ ਰੱਖੀ ਹੈ। ਅਸੀਂ ਪ੍ਰਤਿਭਾ ਪ੍ਰੀਖਿਆ ਰਾਹੀਂ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਹਰ ਤਰ੍ਹਾਂ ਦੀ ਮੱਦਦ ਦੇਣ ਦੀ ਖ਼ੁਸ਼ੀ ਮਾਣਦੇ ਰਹੇ ਹਾਂ।*

*ਮੇਰੇ ਪਿਆਰੇ ਰਿਸ਼ਤਿਓ! ਮੈਂ ਦੱਸਣਾ ਚਾਹੁੰਦਾ ਹਾਂ ਕਿ ਕੁਦਰਤੀ ਮੌਤ ਦੀ ਹਾਲਤ ਵਿੱਚ ਮੈਂ ਆਪਣਾ ਸਰੀਰ ਪੀ.ਜੀ.ਆਈ. ਚੰਡੀਗੜ੍ਹ ਨੂੰ ਦੇਣ ਦੀ ਆਪਣੀ ਵਸੀਅਤ ਕੀਤੀ ਹੋਈ ਹੈ।*

*ਸਵਰਨ ਸਿੰਘ ਭੰਗੂ*
*8 ਸਤੰਬਰ 2023*

ਮਾਤਾ ਦਰਸ਼ਨਾ ਦੇਵੀ ਦੀ ਯਾਦ ਵਿੱਚ

# ਬਗੈਰ ਧਾਰਮਿਕ ਰਸਮਾਂ ਦੇ ਸਤਿਕਾਰ ਸਮਾਗਮ



ਤਰਕਸ਼ੀਲ ਸੋਸਾਇਟੀ ਪੰਜਾਬ ਦੇ ਸਹਿਯੋਗੀ, ਮਨੋਰੋਗ ਮਾਹਿਰ ਡਾਕਟਰ ਰਾਜ ਕੁਮਾਰ ਬਾਂਸਲ ਜੀ ਦੇ ਮਾਤਾ ਦਰਸ਼ਨਾ ਦੇਵੀ ਮਿਤੀ 13 ਮਈ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ ਯਾਦ ਵਿੱਚ 21 ਮਈ ਨੂੰ ਸਤਿਕਾਰ ਸਮਾਗਮ ਬਿਨਾਂ ਕਿਸੇ ਧਾਰਮਿਕ ਰਸਮਾਂ ਅਤੇ ਕਰਮਕਾਂਡਾਂ ਤੋਂ ਸਾਦੇ ਢੰਗ ਨਾਲ ਉਨ੍ਹਾਂ ਦੇ ਅਵਸ਼ੇਸ਼ਾਂ ਨੂੰ ਸ਼ੁੱਧ ਪਾਣੀ ਦੇ ਸ੍ਰੋਤ ਵਿੱਚ ਮਿਲਾਉਣ ਦੀ ਬਜਾਏ ਜ਼ਮੀਨ ਵਿੱਚ ਦਬਾ ਕੇ ਅਤੇ ਇਹਨਾਂ ਉੱਪਰ ਫਲਦਾਰ ਪੌਦੇ ਲਗਾਉਣ ਨਾਲ ਸ਼ੁਰੂ ਹੋਇਆ ਜਿਸ ਵਿੱਚ ਪਰਿਵਾਰ ਦੇ ਰਿਸ਼ਤੇਦਾਰ, ਦੋਸਤ, ਗੁਆਂਢੀ, ਸੱਜਣ ਸਨੇਹੀ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮੈਂਬਰ ਅਤੇ ਆਗੂ ਹਾਜਰ ਹੋਏ।

ਸਭ ਤੋਂ ਪਹਿਲਾਂ ਡਾ. ਰਾਜ ਕੁਮਾਰ ਜੀ ਨੇ ਉਨ੍ਹਾਂ ਨਾਲ ਦੁੱਖ ਸਾਂਝਾ ਕਰਨ ਅਤੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਆਏ ਸਮੂਹ ਸਨੇਹੀਆਂ ਦਾ ਧੰਨਵਾਦ ਕੀਤਾ ਅਤੇ ਮਾਤਾ ਜੀ ਬਾਰੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਮਾਤਾ ਜੀ ਪਹਿਲਾਂ ਹੀ ਤਰਕਸ਼ੀਲ ਅਤੇ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਸਨ ਜਿਨ੍ਹਾਂ ਸਦਕਾ ਸਾਡੀ ਸੋਚ ਵੀ ਤਰਕਵਾਦੀ ਬਣੀ ਅਤੇ ਬਾਅਦ ਵਿੱਚ ਤਰਕਸ਼ੀਲ ਅਤੇ ਵਿਗਿਆਨਕ ਵਿਚਾਰਾਂ ਵਾਲੀਆਂ ਕਿਤਾਬਾਂ ਪੜਕੇ ਸੂਝ ਹੋਰ ਪਰਪੱਕ ਹੋਈ।

ਇਸ ਉਪਰੰਤ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਰਾਜਪਾਲ ਸਿੰਘ ਅਤੇ ਡਾਕਟਰ ਅਜੀਤਪਾਲ ਸਿੰਘ (ਜਮਹੂਰੀ ਅਧਿਕਾਰ ਸਭਾ ਬਠਿੰਡਾ) ਵੱਲੋਂ ਵਿਚਾਰ ਸਾਂਝੇ ਕੀਤੇ ਗਏ। ਰਾਮ ਸਵਰਨ ਲੱਖੇਵਾਲੀ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਗਈ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਜੀ ਨੇ ਪਰਿਵਾਰ ਵਲੋਂ ਅਜਿਹੇ ਮੌਕੇ ਕੀਤੇ ਜਾਂਦੇ ਧਾਰਮਿਕ ਰਸਮੋਂ ਰਿਵਾਜਾਂ ਅਤੇ ਕਰਮਕਾਂਡਾਂ ਨੂੰ ਛੱਡ ਕੇ ਵਿਗਿਆਨਕ ਵਿਚਾਰਾਂ ਅਨੁਸਾਰ ਮਾਤਾ ਦਰਸ਼ਨਾ ਦੇਵੀ ਜੀ ਦੀ ਯਾਦ ਵਿੱਚ ਸ਼ੋਕ ਅਤੇ ਸਤਿਕਾਰ ਸਭਾ ਕਰਨ ਦੀ ਸ਼ਲਾਘਾ ਕੀਤੀ। ਉਨ੍ਹਾਂ ਅੱਜ ਦੇ ਸਮੇਂ ਵਿੱਚ ਵੇਲਾ ਵਿਹਾ ਚੁੱਕੀਆਂ ਅੰਧਵਿਸ਼ਵਾਸੀ ਅਤੇ ਤਰਕਹੀਣ ਧਾਰਨਾਵਾਂ ਨੂੰ ਤਿਆਗ ਕੇ ਵਿਗਿਆਨਕ ਯੁੱਗ ਦੇ ਹਾਣੀ ਬਣਨ ਲਈ ਅਜਿਹੇ ਵਿਗਿਆਨਕ ਵਿਚਾਰਾਂ ਵਾਲੇ ਪ੍ਰੋਗਰਾਮ ਕਰਨ ਦੀ ਜ਼ਰੂਰਤ ਉੱਤੇ ਜ਼ੋਰ ਦਿੱਤਾ ਜਿਹੜੇ ਸਮਾਜ ਨੂੰ ਉਸਾਰੂ ਸੇਧ ਦੇਣ।

---

ਇਸ 4 ਜੂਨ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਮੋਹਨ ਬਡਲਾ ਜੀ ਦੇ ਪਿਤਾ ਸ਼੍ਰੀ ਹਰਪਾਲ ਸਿੰਘ ਸਦੀਵੀ ਵਿਛੋੜਾ ਦੇ ਗਏ। ਪਰਿਵਾਰ ਨੇ ਇਸ ਦੁੱਖ ਦੀ ਘੜੀ ਵਿੱਚ ਵਿਗਿਆਨਕ ਸੋਚ 'ਤੇ ਅਮਲ ਕਰਦਿਆਂ ਉਨ੍ਹਾਂ ਦੀਆਂ ਅੱਖਾਂ ਪੁਨਰਜੋਤ ਆਈ ਬੈਂਕ ਸੁਸਾਇਟੀ ਲੁਧਿਆਣਾ ਅਤੇ ਉਨ੍ਹਾਂ ਦਾ ਸਰੀਰ ਮੈਡੀਕਲ ਖੋਜ ਕਾਰਜਾਂ ਲਈ ESIC ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ ਨੂੰ ਪ੍ਰਦਾਨ ਕੀਤਾ ਗਿਆ।

ਤਰਕਸ਼ੀਲ ਸੁਸਾਇਟੀ ਪੰਜਾਬ ਉਨ੍ਹਾਂ ਦੇ ਦੁੱਖ ਵਿੱਚ ਸ਼ਾਮਲ ਹੁੰਦੀ ਹੋਈ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕਰਦੀ ਹੈ।



ਆਪਣੇ ਪਿਤਾ ਜੀ ਦੀ ਯਾਦ ਵਿੱਚ ਮੋਹਨ ਬਡਲਾ ਵੱਲੋਂ ਤਰਕਸ਼ੀਲ ਸੁਸਾਇਟੀ ਨੂੰ ਹੇਠ ਲਿਖੀ ਸਹਾਇਤਾ ਦਿੱਤੀ ਗਈ

| | |
|---|---|
| 1. ਸੂਬਾ ਕਮੇਟੀ ਨੂੰ- | 30,000 ਰੁਪਏ |
| 2. ਜ਼ੋਨ ਕਮੇਟੀ ਨੂੰ- | 10,000 ਰੁਪਏ |
| 3. ਇਕਾਈ ਨੂੰ- | 10,000 ਰੁਪਏ |

# ਪ੍ਰਤੀਕਰਮ

ਗੁਰਮੇਲ ਗਿੱਲ ਦੁਆਰਾ ਲਿਖਿਆ ਲੇਖ, "ਅਪਰਾਧ-ਭਾਵਨਾ ਦਾ ਅਹਿਸਾਸ ਕਰਵਾ ਕੇ ਲੁੱਟਦਾ ਹੈ ਧਾਰਮਿਕ ਲਾਣਾ"। ਇਹ ਲੇਖ ਧਰਮ ਦੇ ਸੰਸਥਾਗਤ ਰੂਪ, ਮਾਨਸਿਕ ਗੁਲਾਮੀ, ਆਰਥਿਕ ਲੁੱਟ-ਖਸੁੱਟ ਅਤੇ ਇਸਦੇ ਮੁਕਾਬਲੇ ਵਿਗਿਆਨਕ ਤੇ ਪਦਾਰਥਵਾਦੀ ਸੋਚ ਦੀ ਮਹੱਤਤਾ ਉੱਤੇ ਇੱਕ ਤਿੱਖਾ ਅਤੇ ਵਿਚਾਰਸ਼ੀਲ ਵਿਸ਼ਲੇਸ਼ਣ ਪੇਸ਼ ਕਰਦਾ ਹੈ।

**1. ਮੁੱਖ ਵਿਚਾਰਧਾਰਕ ਪੱਖ: ਆਦਰਸ਼ਵਾਦ ਬਨਾਮ ਪਦਾਰਥਵਾਦ**

ਲੇਖਕ ਨੇ ਬਹੁਤ ਹੀ ਸਰਲ ਅਤੇ ਸਪੱਸ਼ਟ ਤਰੀਕੇ ਨਾਲ ਦੋ ਮੁੱਖ ਦਾਰਸ਼ਨਿਕ ਧਾਰਾਵਾਂ ਦੀ ਤੁਲਨਾ ਕੀਤੀ ਹੈ:

ਵਿਚਾਰਵਾਦੀ (Idealist) ਫਿਲਾਸਫੀ: ਜੋ ਮੰਨਦੀ ਹੈ ਕਿ ਚੇਤਨਾ ਜਾਂ ਰੱਬ ਪਹਿਲਾਂ ਆਇਆ ਅਤੇ ਉਸਨੇ ਸਾਰੀ ਕਾਇਨਾਤ ਸਾਜੀ। ਲੇਖਕ ਅਨੁਸਾਰ ਇਹ ਧਾਰਨਾ ਅੰਧ-ਵਿਸ਼ਵਾਸ ਅਤੇ 'ਅੱਖਾਂ ਬੰਦ ਕਰਕੇ ਮੰਨਣ' 'ਤੇ ਟਿਕੀ ਹੋਈ ਹੈ, ਜੋ ਸਵਾਲ ਕਰਨ ਦੀ ਆਜ਼ਾਦੀ ਖੋਹ ਲੈਂਦੀ ਹੈ।

ਪਦਾਰਥਵਾਦੀ (Materialist/Scientific) ਫਿਲਾਸਫੀ: ਜੋ 'ਕਿਉਂ, ਕਿੱਥੇ, ਕਿਵੇਂ' ਵਰਗੇ ਵਿਗਿਆਨਕ ਸਵਾਲਾਂ 'ਤੇ ਆਧਾਰਿਤ ਹੈ। ਇਹ ਮੰਨਦੀ ਹੈ ਕਿ ਪਦਾਰਥ (Matter) ਹਮੇਸ਼ਾ ਤੋਂ ਸੀ, ਜਿਸਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ, ਸਿਰਫ਼ ਰੂਪ ਬਦਲਿਆ ਜਾ ਸਕਦਾ ਹੈ (ਜਿਵੇਂ ਊਰਜਾ)। ਇਹ ਸਿਧਾਂਤ ਕਿਸੇ ਅਦ੍ਰਿਸ਼ ਸ਼ਕਤੀ ਦੀ ਬਜਾਏ ਕੁਦਰਤ ਦੇ ਨਿਯਮਾਂ ਨੂੰ ਮੁੱਖ ਮੰਨਦਾ ਹੈ।

**2. ਧਰਮ ਦਾ ਬਦਲਦਾ ਰੂਪ ਅਤੇ ਸੰਸਥਾਗਤ ਲੁੱਟ**

ਲੇਖ ਦਾ ਸਭ ਤੋਂ ਮਜ਼ਬੂਤ ਪੱਖ ਧਰਮ ਦੇ ਇਤਿਹਾਸਕ ਵਿਕਾਸ ਅਤੇ ਉਸ ਵਿੱਚ ਆਈ ਗਿਰਾਵਟ ਨੂੰ ਉਜਾਗਰ ਕਰਨਾ ਹੈ। ਲੇਖਕ ਦੱਸਦਾ ਹੈ ਕਿ:

ਸ਼ੁਰੂਆਤੀ ਦੌਰ ਵਿੱਚ ਧਰਮ ਸਮਾਜਿਕ ਬੁਰਾਈਆਂ ਖ਼ਿਲਾਫ਼ ਇੱਕ 'ਬਗਾਵਤ' ਵੱਜੋਂ ਪੈਦਾ ਹੋਇਆ ਸੀ ਅਤੇ ਇਸਦਾ ਰੂਪ ਅਗਾਂਹਵਧੂ ਸੀ। ਪਰ ਹੌਲੀ-ਹੌਲੀ ਇਹ ਸੰਗਠਿਤ ਸੰਸਥਾ (Institution) ਬਣ ਗਿਆ ਅਤੇ ਇਸ ਉੱਤੇ ਪੰਡਿਤ, ਪੁਜਾਰੀ, ਮੁੱਲਾਂ, ਪਾਦਰੀ ਅਤੇ ਬਾਬਿਆਂ ਵਰਗੇ 'ਧਾਰਮਿਕ ਲਾਣੇ' ਦਾ ਕਬਜ਼ਾ ਹੋ ਗਿਆ।

ਸਭ ਤੋਂ ਅਹਿਮ ਨੁਕਤਾ ਇਹ ਹੈ ਕਿ ਧਾਰਮਿਕ ਆਗੂਆਂ ਅਤੇ ਹਾਕਮ ਜਮਾਤ (ਸਿਆਸਤਦਾਨਾਂ/ਅਮੀਰਾਂ) ਦਾ ਗੱਠਜੋੜ ਹੋ ਗਿਆ। ਦੋਵਾਂ ਨੇ ਮਿਲ ਕੇ ਆਮ ਲੋਕਾਂ ਦੀ ਆਰਥਿਕ ਅਤੇ ਮਾਨਸਿਕ ਲੁੱਟ ਕੀਤੀ। ਅਮੀਰੀ-ਗ਼ਰੀਬੀ ਨੂੰ 'ਕਿਸਮਤ' ਜਾਂ 'ਪਿਛਲੇ ਜਨਮ ਦੇ ਕਰਮ' ਦੱਸ ਕੇ ਕਿਰਤੀ ਲੋਕਾਂ ਨੂੰ ਅਸਲ ਲੁਟੇਰਿਆਂ (ਕਾਰਖਾਨੇਦਾਰਾਂ, ਜਗੀਰਦਾਰਾਂ) ਖ਼ਿਲਾਫ਼ ਆਵਾਜ਼ ਚੁੱਕਣ ਤੋਂ ਰੋਕਿਆ ਗਿਆ।

**3. ਬਰਟਰੈਂਡ ਰਸਲ ਦਾ ਹਵਾਲਾ ਅਤੇ 'ਡਰ' ਦੀ ਰਾਜਨੀਤੀ**

ਲੇਖ ਵਿੱਚ ਪ੍ਰਸਿੱਧ ਫਿਲਾਸਫਰ ਬਰਟਰੈਂਡ ਰਸਲ ਦੇ ਕਥਨ ਨੂੰ ਬਹੁਤ ਸਹੀ ਢੰਗ ਨਾਲ ਵਰਤਿਆ ਗਿਆ ਹੈ। ਰਸਲ ਅਨੁਸਾਰ ਧਰਮ ਦੀ ਬੁਨਿਆਦ ਡਰ ਉੱਤੇ ਟਿਕੀ ਹੋਈ ਹੈ।

ਅਪਰਾਧ-ਭਾਵਨਾ (Guilt-Trip): ਆਮ ਇਨਸਾਨ ਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਉਹ ਪਾਪੀ ਹੈ, ਅਤੇ ਉਸਦੀ ਗ਼ਰੀਬੀ, ਬੀਮਾਰੀ ਜਾਂ ਦੁੱਖ ਉਸਦੇ ਆਪਣੇ ਪਾਪਾਂ ਦਾ ਨਤੀਜਾ ਹਨ।

ਨਰਕ-ਸੁਰਗ ਦਾ ਪ੍ਰਪੰਚ: ਇੱਕ ਪਾਸੇ ਅਗਲੇ ਜਨਮ ਵਿੱਚ ਨਰਕ ਦਾ ਡਰ ਦਿਖਾਇਆ ਜਾਂਦਾ ਹੈ ਅਤੇ ਦੂਜੇ ਪਾਸੇ ਸੁਰਗ ਦੀ ਇੱਕ ਕਾਲਪਨਿਕ ਅਤੇ ਲੁਭਾਉਣੀ ਤਸਵੀਰ (ਦੁੱਧ ਦੀਆਂ ਨਦੀਆਂ, ਪਰੀਆਂ ਆਦਿ) ਵੇਚੀ ਜਾਂਦੀ ਹੈ। ਇਸ ਡਰ ਅਤੇ ਲਾਲਚ ਦੇ ਜਾਲ ਵਿੱਚ ਫਸ ਕੇ ਲੋਕ ਆਪਣੀ ਮਿਹਨਤ ਦੀ ਕਮਾਈ ਧਾਰਮਿਕ ਸਥਾਨਾਂ 'ਤੇ ਚੜ੍ਹਾਵੇ ਵਜੋਂ ਲੁਟਾ ਦਿੰਦੇ ਹਨ।

**4. 'ਕੋਲਤਾਰ ਸੁੱਟਣ ਵਾਲੀ' ਕਹਾਣੀ ਦੀ ਪ੍ਰਸੰਗਿਕਤਾ**

ਲੇਖ ਵਿੱਚ ਦਿੱਤੀ ਗਈ ਦੋ ਨੌਜਵਾਨਾਂ ਦੀ ਕਹਾਣੀ (ਜਿੱਥੇ ਇੱਕ ਰਾਤ ਨੂੰ ਬੂਹੇ-ਬਾਰੀਆਂ 'ਤੇ ਕੋਲਤਾਰ ਸੁੱਟਦਾ ਹੈ ਅਤੇ ਦੂਜਾ ਸਵੇਰੇ ਉਸਨੂੰ ਸਾਫ਼ ਕਰਨ ਦੇ ਪੈਸੇ ਲੈਂਦਾ ਹੈ) ਇੱਕ ਬਹੁਤ ਹੀ ਵਧੀਆ ਪ੍ਰਤੀਕਾਤਮਕ (Symbolic) ਉਦਾਹਰਨ ਹੈ।

ਇਹ ਕਹਾਣੀ ਸਿੱਧੇ ਤੌਰ 'ਤੇ ਇਹ ਸਮਝਾਉਂਦੀ ਹੈ ਕਿ ਕਿਵੇਂ ਧਾਰਮਿਕ ਆਗੂ ਪਹਿਲਾਂ ਖੁਦ ਮਾਨਸਿਕ ਤੌਰ 'ਤੇ ਡਰ ਅਤੇ ਪਾਪ (ਕੋਲਤਾਰ) ਦਾ ਬੋਝ ਪਾਉਂਦੇ ਹਨ, ਅਤੇ ਫਿਰ ਉਸੇ ਪਾਪ ਨੂੰ ਧੋਣ ਲਈ ਦਾਨ-ਪੁੰਨ, ਤੀਰਥ ਯਾਤਰਾਵਾਂ ਅਤੇ ਪੂਜਾ-ਪਾਠ ਦੇ ਰੂਪ ਵਿੱਚ ਆਪਣੀ 'ਦੁਕਾਨਦਾਰੀ' ਚਲਾਉਂਦੇ ਹਨ।

**5. ਐਪੀਕਿਊਰੀਅਸ ਦੇ ਵਿਚਾਰ ਅਤੇ ਸਮਾਪਤੀ**

ਲੇਖ ਦਾ ਅੰਤ ਯੂਨਾਨੀ ਫਿਲਾਸਫਰ ਐਪੀਕਿਊਰੀਅਸ (2250 ਸਾਲ ਪਹਿਲਾਂ) ਦੇ ਵਿਚਾਰਾਂ ਨਾਲ ਹੁੰਦਾ ਹੈ, ਜੋ ਇਹ ਸਾਬਤ ਕਰਦਾ ਹੈ ਕਿ ਧਰਮ ਦੇ ਇਸ ਅੰਧ-ਵਿਸ਼ਵਾਸ ਖ਼ਿਲਾਫ਼ ਮਨੁੱਖੀ ਚੇਤਨਾ ਸਦੀਆਂ ਪੁਰਾਣੀ ਹੈ।

ਗਿਆਨ ਦਾ ਅਸਲ ਮਕਸਦ ਮਨੁੱਖ ਨੂੰ ਵਹਿਮਾਂ-ਭਰਮਾਂ, ਦੇਵੀ-ਦੇਵਤਿਆਂ ਦੇ ਡਰ ਅਤੇ ਮੌਤ ਦੇ ਭੈਅ ਤੋਂ ਮੁਕਤ ਕਰਕੇ ਇੱਕ ਸੁਖੀ ਜੀਵਨ ਦੇਣਾ ਹੈ।

ਇਹ ਲੇਖ ਅੱਜ ਦੇ ਦੌਰ ਵਿੱਚ ਬਹੁਤ ਪ੍ਰਸੰਗਿਕ ਹੈ, ਜਿੱਥੇ ਧਰਮ ਦੇ ਨਾਂ 'ਤੇ ਵਪਾਰੀਕਰਨ ਅਤੇ ਸਿਆਸਤ ਸਿਖ਼ਰਾਂ 'ਤੇ ਹੈ। ਲੇਖਕ ਪਾਠਕ ਨੂੰ "ਤਰਕਸ਼ੀਲ ਅਤੇ ਵਿਗਿਆਨਕ ਸੋਚ" ਅਪਣਾਉਣ ਦਾ ਸੱਦਾ ਦਿੰਦਾ ਹੈ, ਜੋ ਮਨੁੱਖ ਦੇ ਮਨੋਬਲ ਨੂੰ ਵਧਾਉਂਦੀ ਹੈ ਅਤੇ ਉਸਨੂੰ ਖੁਦ 'ਤੇ ਵਿਸ਼ਵਾਸ ਕਰਨਾ ਸਿਖਾਉਂਦੀ ਹੈ।

ਇਹ ਲੇਖ ਅੰਧ-ਭਗਤੀ ਦੀਆਂ ਪੱਟੀਆਂ ਲਾਹ ਕੇ ਮਨੁੱਖ ਨੂੰ ਸਵਾਲ ਕਰਨ ਦੀ ਆਜ਼ਾਦੀ ਵੱਲ ਮੋੜਦਾ ਹੈ। ਸ਼ਬਦਾਂ ਦੀ ਚੋਣ ਤਿੱਖੀ, ਸਪਸ਼ਟ ਅਤੇ ਦਲੀਲ ਭਰਪੂਰ ਹੈ, ਜੋ ਪਾਠਕ ਨੂੰ ਡੂੰਘਾਈ ਨਾਲ ਸੋਚਣ ਲਈ ਮਜਬੂਰ ਕਰਦੀ ਹੈ।

**ਜਸਪਾਲ ਬਾਸਰਕਾ**
**ਜਿਲ੍ਹਾ ਅੰਮ੍ਰਿਤਸਰ**

### ਮੇਰੀ ਰਾਏ

ਤਰਕਸ਼ੀਲ ਮੈਗਜ਼ੀਨ (ਮਈ-ਜੂਨ 26) ਅੰਕ ਦੇ ਮੈਟਰ ਵਿੱਚ ਮੈਨੂੰ  ਕੁੱਝ ਕਮੀ ਪੇਸ਼ੀ ਨਹੀਂ ਮਿਲੀ, ਸਗੋਂ ਇਹ ਕਹਿਣ ਵਿੱਚ ਮੈਨੂੰ ਫ਼ਖ਼ਰ ਮਹਿਸੂਸ ਹੁੰਦਾ ਹੈ ਕਿ ਮੈਗਜ਼ੀਨ ਵਿਚਲੀਆਂ ਲਿਖਤਾਂ ਸ਼ਲਾਘਾਯੋਗ, ਪ੍ਰੇਰਨਾਦਾਇਕ, ਦਿਲਚਸਪ ਤੇ ਬਹੁਤ ਹੀ ਗਿਆਨ- ਭਰਪੂਰ ਹਨ ਜੋ ਇੱਕ ਨਾਵਲ ਦੀ ਤਰ੍ਹਾਂ ਪਾਠਕਾਂ ਨੂੰ ਆਪਣੇ ਨਾਲ ਨਾਲ ਤੋਰੀਂ ਰੱਖਦੀਆਂ ਹਨ। ਬਹੁਤ ਕਮਾਲ ਦੀਆਂ ਲਿਖਤਾਂ ਹਨ। ਮੈਂ ਉਸ ਦਿਨ ਦੀ ਉਡੀਕ ਕਾਫ਼ੀ ਸਮੇਂ ਤੋਂ ਕਰਦਾ ਆ ਰਿਹਾ ਹਾਂ ਕਿ ਲੇਖਕਾਂ ਦਾ ਸਨਮਾਨ ਦਿਵਸ ਕਦੋਂ ਆਵੇਗਾ। ਸੰਪਾਦਕੀ ਬੋਰਡ ਤੇ ਲੇਖਕਾਂ ਨੂੰ ਸਲੂਟ।

ਕੁੱਝ ਨਿੱਕੇ ਸੁਝਾਅ ਵੀ ਹਨ:

ਮੇਰੀ ਸਮਝ ਮੁਤਾਬਿਕ ਅੰਦਰ ਪੜ੍ਹੋ ਦੇ ਸਿਰਲੇਖ ਹੇਠ ਲਿਖੇ ਅਨੁਸਾਰ ਹੁੰਦੇ ਤਾਂ ਸ਼ਾਇਦ ਮੈਗਜ਼ੀਨ ਦਾ ਮੁੱਖ ਪੰਨਾ ਹੋਰ ਵੀ ਵਧੇਰੇ ਖਿੱਚ ਭਰਪੂਰ ਹੋ ਸਕਦਾ ਸੀ।

-'ਐਪਸਟੀਨ ਫ਼ਾਈਲਾਂ ਦਾ ਕਾਲਾ ਸੱਚ' ਦੀ ਥਾਂ ਇਹ ਲਿਖਿਆ ਜਾਂਦਾ:

ਰਾਜਨੀਤਕਾਂ ਅਤੇ ਅਰਬਪਤੀ ਸ਼ਾਹੂਕਾਰਾਂ ਦੇ ਕਾਲੇ ਕਾਰਨਾਮੇ-ਐਪਸਟੀਨ ਫ਼ਾਈਲਾਂ ਦਾ ਕਾਲਾ ਸੱਚ।

ਇੱਕ ਸਿਰਲੇਖ ਇਹ ਵੀ ਲਿਖ ਦੇਣਾ ਚਾਹੀਦਾ ਸੀ ਕਚੀਲ ਦੀ ਚਿੱਠੀ- ਇੱਕ ਕੇਸ ਰਿਪੋਰਟ

ਬਹੁਤ ਸਲਾਹੁਣਯੋਗ ਹੈ ਮੈਗਜੀਨ।ਸ਼ਾਬਾਸ਼!

**- ਅਜੀਤ ਪ੍ਰਦੇਸੀ ਰੋਪੜ**

ਲੱਗੇ ਗੋਲਕਾਂ ਨੂੰ ਜਿੰਦੇ ਪਏ ਦੱਸਦੇ,
ਭਰੋਸਾ ਕੀਹਨੂੰ ਕਿੰਨਾ ਰੱਬ 'ਤੇ।  **- ਰੋਮੀ ਘੜਾਮੇਂ ਵਾਲਾ**

## ਫ਼ਰਕ ਤਾਂ ਹੁੰਦੈ

ਇਨ੍ਹਾਂ ਮੁਸ਼ਕਿਲ ਸਮਿਆਂ ਵਿੱਚ, ਜਿੱਥੇ ਬਾਜ਼ਾਰਾਂ ਉੱਤੇ ਪੂੰਜੀਪਤੀਆਂ ਦਾ ਦਬਦਬਾ ਹੈ ਅਤੇ ਦੁਨੀਆ ਲਗਾਤਾਰ ਜੰਗਾਂ ਨਾਲ ਭਰੀ ਹੋਈ ਹੈ, ਇਰਾਨੀ ਲੋਕਾਂ ਦੀ ਭਾਵਨਾ ਇੱਕ ਪ੍ਰੇਰਨਾਦਾਇਕ ਉਦਾਹਰਣ ਵਜੋਂ ਖੜ੍ਹੀ ਹੈ।

ਮੀਨਾਬ ਵਿੱਚ ਹੋਏ ਹਮਲੇ ਤੋਂ ਬਾਅਦ-ਜਿਸ ਵਿੱਚ 168 ਨੌਜਵਾਨ ਕੁੜੀਆਂ ਦੀ ਜਾਨ ਗਈ ਸੀ-ਇਰਾਨ ਆਪਣੇ ਲੋਕਾਂ ਨਾਲ ਜਿਸ ਤਰ੍ਹਾਂ ਇੱਕਜੁੱਟ ਹੋ ਕੇ ਖੜ੍ਹਾ ਹੈ, ਉਹ ਸੱਚਮੁੱਚ ਸ਼ਾਨਦਾਰ ਹੈ।ਜਦੋਂ ਇਰਾਨ ਨੇ ਪਹਿਲੀ ਵਾਰ ਸ਼ਾਂਤੀ ਵਾਰਤਾ ਵਿੱਚ ਹਿੱਸਾ ਲਿਆ, ਤਾਂ ਉਹ ਉਨ੍ਹਾਂ 168 ਪੀੜਤਾਂ ਦੇ ਖ਼ੂਨ ਨਾਲ ਲੱਥਪੱਥ ਬੈਗ, ਜੁੱਤੇ ਅਤੇ ਤਸਵੀਰਾਂ ਆਪਣੇ ਨਾਲ ਲੈ ਕੇ ਆਏ, ਇਹ ਯਕੀਨੀ ਬਣਾਉਣ ਲਈ ਕਿ ਦੁਨੀਆਂ ਉਨ੍ਹਾਂ ਦੀ ਸ਼ਹਾਦਤ ਨੂੰ ਨਾ ਭੁੱਲੇ।

ਹੁਣ ਚੱਲ ਰਹੇ ਫੀਫਾ ਵਿਸ਼ਵ ਕੱਪ ਦੇ ਤਿਉਹਾਰਾਂ ਦੇ ਜੋਸ਼ ਦੇ ਵਿਚਕਾਰ ਵੀ-ਫੁੱਟਬਾਲ ਨਾਲ ਮੋਹਿਤ ਦੁਨੀਆਂ ਦੇ ਨਾਲ-ਇਰਾਨੀ ਖਿਡਾਰੀਆਂ ਨੇ ਨਿਊਜ਼ੀਲੈਂਡ ਦੇ ਵਿਰੁੱਧ ਮੁਕਾਬਲਾ ਕਰਦੇ ਹੋਏ, ਪ੍ਰਤੀਕਾਤਮਕ ਤੌਰ ਤੇ ਉਨ੍ਹਾਂ ਬੱਚਿਆਂ ਦੇ ਬੈਗਾਂ ਨੂੰ ਫੜ ਕੇ ਦੁਨੀਆਂ ਨੂੰ ਯਾਦ ਦਿਵਾਇਆ ਕਿ ਉਹ ਨਿਹੱਕੀ ਜੰਗ ਵਿੱਚ ਮਾਰ ਮੁਕਾ ਦਿੱਤੀਆਂ ਆਪਣੀਆਂ ਜਵਾਨ ਕੁੜੀਆਂ ਦੀਆਂ ਮੌਤਾਂ ਨੂੰ ਨਹੀਂ ਭੁੱਲੇ ਹਨ।

ਇਸਦੇ ਉਲਟ, ਸਾਡੇ ਆਪਣੇ ਆਪ ਨੂੰ ਵਿਸ਼ਵ ਗੁਰੂ ਕਹਾਉਂਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਜੀ-7 ਸੰਮੇਲਨ ਵਿੱਚ ਤਿੰਨ ਨਾਗਰਿਕਾਂ ਦੀਆਂ ਮੌਤਾਂ ਨੂੰ ਸੰਬੋਧਨ ਕਰਦੇ ਹੋਏ ਵੀ ਮੁਸਕਰਾਉਂਦੇ ਹਨ ਜੋ ਬੇਸ਼ਰਮੀ ਦਾ ਪ੍ਰਦਰਸ਼ਨ ਹੈ।

**(ਨਿਧੀ ਮਸਾਣੀ ਦੀ ਫੇਸਬੁੱਕ ਵਾਲ ਤੋਂ)**

### ਸੂਬਾ ਕਮੇਟੀ ਨੂੰ ਸਹਾਇਤਾ

1. ਡਾ. ਰਾਜ ਕੁਮਾਰ ਵੱਲੋਂ ਆਪਣੀ ਮਾਤਾ ਸ਼੍ਰੀਮਤੀ ਦਰਸ਼ਨਾ ਦੇਵੀ ਦੀ ਯਾਦ ਵਿੱਚ- 11000 ਰੁਪਏ

### ਮੈਗਜ਼ੀਨ ਸਹਾਇਤਾ

1. ਤਰਕਸ਼ੀਲ ਦੇ ਪਾਠਕ ਛੱਜੂ ਰਾਮ ਘਈ ਸ਼ਹਿਣਾ ਨੇ ਆਪਣੇ ਦੋਹਤੇ ਰੁਦਰਮ ਪੁੱਤਰ ਸਾਗਰ ਬਾਤਿਸ਼ ਦੇ ਦਸਵੀਂ ਕਲਾਸ ICSE ਬੋਰਡ ਦੇ ਇਮਤਿਹਾਨ 'ਚੋਂ 96.4% ਅੰਕ ਪ੍ਰਾਪਤ ਕਰਨ ਦੀ ਖ਼ੁਸ਼ੀ ਵਜੋਂ- 1000 ਰੁਪਏ
2. ਮੂਲ ਰਾਜ, ਇਕਾਈ ਬਠਿੰਡਾ ਵੱਲੋਂ - 500 ਰੁਪਏ

# ਲੇਖ ਰਚਨਾ ਮੁਕਾਬਲਾ-6

**ਇਸ ਵਾਰ ਦੇ ਲੇਖ ਰਚਨਾ ਮੁਕਾਬਲੇ ਦਾ ਵਿਸ਼ਾ ਸੀ - 'ਸਮਾਜ ਵਿੱਚ ਫਿਰਕੂ ਭਾਵਨਾਵਾਂ ਭੜਕਣ ਨੂੰ ਠੱਲ੍ਹ ਕਿਵੇਂ ਪਾਈ ਜਾਵੇ?' ਇਸ ਮੁਕਾਬਲੇ ਲਈ ਆਈਆਂ ਰਚਨਾਵਾਂ ਵਿਚੋਂ ਪਿੰਡ ਗੁਰੂਸਰ ਤੋਂ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਦੀ ਵਿਦਿਆਰਥਣ ਅੰਮ੍ਰਿਤਪਾਲ ਕੌਰ ਪੁਤਰੀ ਸੁਖਦੇਵ ਸਿੰਘ ਨੇ ਪਹਿਲਾ ਸਥਾਨ ਅਤੇ ਮਨਮੋਹਨ ਸਿੰਘ ਨਾਭਾ ਨੇ ਦੂਸਰਾ ਸਥਾਨ ਹਾਸਲ ਕੀਤਾ ਹੈ।**

(1)

ਫਿਰਕੂਪੁਣਾ ਕਿਸੇ ਵੀ ਸਮਾਜ ਲਈ ਉਸ ਘੁਣ ਵਾਂਗ ਹੈ ਜੋ ਸਮਾਜ ਦੇ ਦਰਖਤ ਰੂਪੀ ਭਾਈਚਾਰੇ ਨੂੰ ਅੰਦਰੋਂ ਅੰਦਰੀ ਖਾ ਜਾਂਦਾ ਹੈ। ਇਹ ਕੋਈ ਆਧੁਨਿਕ ਜਾਂ ਥੋੜ੍ਹ ਚਿਰੀ ਸਮੱਸਿਆ ਨਹੀਂ ਹੈ ਬਲਕਿ ਇਹ ਤਾਂ ਸਮਾਜ ਦੀ ਹੋਂਦ ਤੋਂ ਹੀ ਚਲੀ ਆ ਰਹੀ ਭਿਆਨਕ ਬੁਰਾਈ ਹੈ, ਜੋ ਘਟਣ ਦੀ ਬਜਾਏ ਹੋਰ ਜਿਆਦਾ ਵਿਕਰਾਲ ਰੂਪ ਲੈ ਰਹੀ ਹੈ। ਦੁਨੀਆਂ ਵਿੱਚ ਬਹੁਤ ਸਾਰੀਆਂ ਜੰਗਾਂ ਵੀ ਫਿਰਕੂ ਭਾਵਨਾਵਾਂ ਨੂੰ ਭੜਕਾਉਣ ਨਾਲ ਹੀ ਸ਼ੁਰੂ ਹੋਈਆਂ ਹਨ।

ਹਰ ਤਰ੍ਹਾਂ ਦੇ ਸਮਾਜ ਵਿੱਚ ਫਿਰਕਾਪ੍ਰਸਤੀ ਮੌਜੂਦ ਹੁੰਦੀ ਹੈ, ਕਿਤੇ ਜਿਆਦਾ ਅਤੇ ਕਿਤੇ ਘੱਟ। ਪਰ ਸਾਡੇ ਭਾਰਤੀ ਸਮਾਜ ਵਿੱਚ ਫਿਰਕੂਪੁਣਾ ਭੜਕਣ ਉੱਤੇ ਜਰਾ ਵੀ ਦੇਰ ਨਹੀਂ ਲੱਗਦੀ। ਜਿਸ ਦੀ ਇੱਕ ਵੱਡੀ ਵਜ੍ਹਾ ਹੈ ਅਨਪੜ੍ਹਤਾ ਅਤੇ ਜਾਗਰੂਕਤਾ ਦੀ ਕਮੀ।

ਕਿਸੇ ਵੀ ਦੇਸ਼ ਦਾ ਭਵਿੱਖ ਉਸਦੇ ਨੌਜਵਾਨਾਂ ਦੀ ਸੂਝ ਬੂਝ ਉੱਤੇ ਨਿਰਭਰ ਕਰਦਾ ਹੈ। ਸਾਡੀ ਵੱਡੀ ਨੌਜਵਾਨ ਆਬਾਦੀ ਬੇਰੁਜ਼ਗਾਰੀ ਦੀ ਮਾਰ ਹੇਠ ਹੈ ਜਿਸ ਦਾ ਸਰਕਾਰ ਅਤੇ ਹਾਕਮ ਜਮਾਤਾਂ ਹਮੇਸ਼ਾ ਗਲਤ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਬਹੁਤੀਆਂ ਸਿਆਸੀ ਪਾਰਟੀਆਂ ਸੱਤਾ ਵਿੱਚ ਰਹਿਣ ਲਈ ਜਾਂ ਸੱਤਾ ਹਾਸਲ ਕਰਨ ਲਈ ਫਿਰਕੂਪੁਣੇ ਦੀ ਚਿੰਗਾਰੀ ਆਮ ਲੋਕਾਂ ਵਿੱਚ ਸੁੱਟਦੀਆਂ ਹਨ। ਇਹ ਆਮ ਲੋਕਾਂ ਦੀ ਸੂਝ ਉੱਤੇ ਨਿਰਭਰ ਕਰਦਾ ਹੈ ਕਿ ਉਹ ਇਸ ਚਿੰਗਾਰੀ ਸੁੱਟਣ ਪਿੱਛੇ ਪਏ ਮਕਸਦਾਂ ਨੂੰ ਸਮਝਦੇ ਹਨ ਜਾਂ ਇਸ ਦਾ ਸ਼ਿਕਾਰ ਹੋ ਜਾਂਦੇ ਹਨ।

ਸਾਡੇ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਅਨਪੜ੍ਹਤਾ ਅਤੇ ਗਰੀਬੀ ਦੇ ਕਲਾਵੇ ਵਿੱਚ ਹੈ ਜਿਸ ਕਰਕੇ ਉਹ ਇਨ੍ਹਾਂ ਸਾਜਿਸ਼ਾਂ ਨੂੰ ਸਮਝ ਸਕਣ ਵਿੱਚ ਅਸਫਲ ਰਹਿੰਦੇ ਹਨ। ਸਰਕਾਰ ਵੀ ਇਹੀ ਚਾਹੁੰਦੀ ਹੈ ਕਿ ਵੱਖ ਵੱਖ ਧਰਮਾਂ ਦੇ ਲੋਕ ਇਕੱਠੇ ਨਾ ਹੋ ਸਕਣ ਕਿਉਂਕਿ ਇਸ ਨਾਲ ਉਹਨਾਂ ਦੀ ਕੁਰਸੀ ਨੂੰ ਖਤਰਾ ਹੋਣ ਦਾ ਡਰ ਪੈਦਾ ਹੋ ਜਾਂਦਾ ਹੈ। ਇਸੇ ਕਰਕੇ ਸਰਕਾਰਾਂ ਆਪਣੀ ਜਨਤਾ ਨੂੰ ਅਨਪੜ੍ਹ, ਗਰੀਬ ਅਤੇ ਰਾਜਨੀਤਿਕ ਸੂਝ ਤੋਂ ਸੱਖਣੇ ਹੀ ਰੱਖਣਾ ਚਾਹੁੰਦੀਆਂ ਹਨ। ਇਸ ਦਾ ਟਾਕਰਾ ਕਰਨ ਲਈ ਸਮਾਜ ਦੇ ਸੂਝਵਾਨ ਅਤੇ ਪੜ੍ਹੇ ਲਿਖੇ ਵਰਗ ਨੂੰ ਲੋਕਾਂ ਨੂੰ ਇੱਕ ਜੁੱਟ ਕਰਨ ਲਈ ਅੱਗੇ ਆਉਣਾ ਪਵੇਗਾ।

ਭਾਰਤ ਪਾਕਿਸਤਾਨ ਦੀ ਵੰਡ ਵੀ ਇਸ ਫਿਰਕੂਪਣੇ ਦੀ ਅੱਗ ਦਾ ਹੀ ਸਿੱਟਾ ਸੀ। ਹਾਲ ਹੀ ਵਿੱਚ ਪੱਛਮੀ ਬੰਗਾਲ ਚੋਣਾਂ ਵਿੱਚ ਜੋ ਕੁਝ ਵੇਖਣ ਨੂੰ ਮਿਲਿਆ ਉਹ ਵੀ ਫਿਰਕੂ ਰਾਜਨੀਤੀ ਦਾ ਨਮੂਨਾ ਹੀ ਸੀ। ਭਗਵਾਂ ਪਾਰਟੀ ਵੱਲੋਂ ਵੰਡ ਸਮੇਂ ਵਸੇ ਮੁਸਲਮਾਨਾਂ ਅਤੇ ਹਿੰਦੂਆਂ ਦੇ ਵਿੱਚ ਈਰਖਾ ਦੀ ਭਾਵਨਾ ਨੂੰ ਭੜਕਾਇਆ ਗਿਆ। ਫਿਰਕਾਪ੍ਰਸਤੀ ਸਮਾਜ ਦੀ ਉਸਾਰੂ ਸੋਚ ਨੂੰ ਢਾਹ ਲਾਉਂਦੀ ਹੈ।

ਹਾਲ ਵਿੱਚ ਹੀ ਉੱਚ ਅਦਾਲਤ ਦੇ ਮੁੱਖ ਜੱਜ ਵੱਲੋਂ ਨੌਜਵਾਨਾਂ ਬਾਰੇ ਕੀਤੀ ਘਟੀਆ ਟਿੱਪਣੀ ਨੇ ਇੱਕ ਬਹੁਤ ਵੱਡਾ ਵਿਵਾਦ ਪੈਦਾ ਕਰ ਦਿੱਤਾ ਹੈ। ਬੇਰੁਜ਼ਗਾਰ ਨੌਜਵਾਨਾਂ ਨੂੰ ਪਰਜੀਵੀ ਅਤੇ ਕਾਕਰੋਚ ਕਹਿਣ ਦੇ ਖਿਲਾਫ ਉੱਠੀ ਲਹਿਰ ਨੂੰ ਲੱਖਾਂ ਲੋਕਾਂ ਦਾ ਸਮਰਥਨ ਮਿਲ ਗਿਆ ਹੈ। ਹੋ ਸਕਦਾ ਹੈ ਕਿ ਇਹ ਅੱਗੇ ਚੱਲ ਕੇ ਵੱਡੀ ਨੌਜਵਾਨ ਲਹਿਰ ਦਾ ਰੂਪ ਲੈ ਲਵੇ। ਇਹੋ ਜਿਹੀਆਂ ਲਹਿਰਾਂ ਹੀ ਸਮਾਜ ਨੂੰ ਫਿਰਕੂ ਰਾਜਨੀਤੀ ਤੋਂ ਬਚਾ ਸਕਦੀਆਂ ਹਨ।

ਸਮਾਜ ਦਾ ਸਿੱਖਿਅਤ ਹੋਣਾ ਹੀ ਫਿਰਕਾਪ੍ਰਸਤੀ ਨੂੰ ਰੋਕਣ ਵਿੱਚ ਯੋਗਦਾਨ ਪਾ ਸਕਦਾ ਹੈ। ਪਰ ਮੌਜੂਦਾ ਸਰਕਾਰ ਨੇ ਸਿੱਖਿਆ ਦੇ ਹਾਲਾਤ ਇਹ ਬਣਾ ਦਿੱਤੇ ਹਨ ਕਿ ਸਿੱਖਿਆ ਦਾ ਮਿਆਰ ਦਿਨੋ ਦਿਨ ਡਿਗਦਾ ਜਾ ਰਿਹਾ ਹੈ, ਰੁਜਗਾਰ ਦੇ ਵਸੀਲੇ ਘਟਦੇ ਜਾ ਰਹੇ ਹਨ, ਲੋਕਾਂ ਨੂੰ ਮੁਫਤ ਦੀਆਂ ਰਿਉੜੀਆਂ ਵੰਡ ਕੇ ਪਰਚਾਇਆ ਜਾ ਰਿਹਾ ਹੈ। ਇਹਨਾਂ ਹਾਲਤਾਂ ਵਿੱਚ ਫਿਰਕੂਵਾਦ ਨੂੰ ਹੁਲਾਰਾ ਮਿਲਣਾ ਸੁਭਾਵਿਕ ਹੈ। ਪਿਛਲੇ ਸਾਲ ਇੱਕ ਰਾਜ ਵਿੱਚ ਮੁਹਿੰਮ ਚੱਲੀ ਸੀ ਕਿ ਦੁਕਾਨਦਾਰਾਂ ਅਤੇ ਰੇਹੜੀ ਵਾਲਿਆਂ ਨੂੰ ਆਪਣਾ ਪੂਰਾ ਨਾਮ ਅਤੇ ਧਰਮ ਬਾਰੇ ਲਿਖਣਾ ਪਵੇਗਾ। ਇਹ ਵੀ ਲੋਕਾਂ ਵਿੱਚ ਫਿਰਕੂ ਪਾੜ੍ਹਾ ਪਾਉਣ ਲਈ ਬਹੁਤ ਘਟੀਆ ਕਦਮ ਸੀ। ਅਜਿਹਾ ਨਾ ਕਰਨ ਤੇ ਇੱਕ ਬਜ਼ੁਰਗ ਮੁਸਲਿਮ ਦੁਕਾਨਦਾਰ ਨੂੰ ਬਜਰੰਗ ਦਲ ਦੇ ਗੁੰਡਿਆਂ ਵੱਲੋਂ ਧਮਕਾਇਆ ਗਿਆ ਅਤੇ

ਮਾਰਨ ਕੁੱਟਣ ਦੀ ਕੋਸ਼ਿਸ਼ ਵੀ ਕੀਤੀ ਗਈ। ਇਸ ਦੌਰਾਨ ਇੱਕ ਨੌਜਵਾਨ ਦੀਪਕ ਵੱਲੋਂ ਬਜ਼ੁਰਗ ਦਾ ਬਚਾਅ ਕੀਤਾ ਗਿਆ। ਸਾਡੇ ਦੇਸ਼ ਨੂੰ ਇਸ ਨੌਜਵਾਨ ਦੀ ਉਦਾਹਰਨ ਉੱਤੇ ਅਮਲ ਕਰਨ ਵਾਲੇ ਹਜ਼ਾਰਾਂ ਹੋਰ ਨੌਜਵਾਨਾਂ ਦੀ ਲੋੜ ਹੈ ਤਦ ਹੀ ਫਿਰਕੂ ਗੁੰਡਿਆਂ ਨੂੰ ਨੱਥ ਪਾਈ ਜਾ ਸਕੇਗੀ।

ਪਿਛਲੇ 12 ਸਾਲਾਂ ਤੋਂ ਦੇਸ਼ ਵਿੱਚ ਅਣਐਲਾਨੀ ਐਮਰਜੈਂਸੀ ਲੱਗੀ ਹੋਈ ਹੈ। ਮੋਦੀ ਸਰਕਾਰ ਨੇ ਭਾਰਤ ਨੂੰ ਮੁਸਲਿਮ ਵਿਰੋਧੀ ਬਣਾਉਣ ਦੀ ਮੁਹਿੰਮ ਵਿੱਢੀ ਹੋਈ ਹੈ, ਉਨ੍ਹਾਂ ਦੇ ਧਾਰਮਿਕ ਸਥਾਨਾਂ ਨੂੰ ਢਾਹ ਕੇ ਮੰਦਰਾਂ ਵਿੱਚ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਸ਼ਹਿਰਾਂ ਦੇ ਨਾਮ ਤੱਕ ਬਦਲ ਦਿੱਤੇ ਗਏ। ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਜੇਕਰ ਇਸ ਜ਼ਹਿਰੀਲੀ ਮੁਹਿੰਮ ਨੂੰ ਰੋਕਣਾ ਹੈ ਤਾਂ ਸਮਾਜ ਦੇ ਹਰ ਵਰਗ ਨੂੰ ਇੱਕ ਜੁੱਟ ਹੋਣਾ ਪਵੇਗਾ।

**ਅੰਮ੍ਰਿਤਪਾਲ ਕੌਰ ਪੁਤਰੀ ਸ. ਸੁਖਦੇਵ ਸਿੰਘ**
**ਪਿੰਡ ਗੁਰੂਸਰ (ਮੁਕਤਸਰ)**

(2)

ਸਮਾਜ ਵਿੱਚ ਧਰਮ, ਜਾਤ, ਭਾਸ਼ਾ ਦੇ ਆਧਾਰ 'ਤੇ ਉਠਦੀਆਂ ਫਿਰਕੂ ਭਾਵਨਾਵਾਂ ਨੂੰ ਠੱਲ੍ਹ ਪਾਉਣ ਲਈ, ਜ਼ਿੰਦਗੀ ਨਾਲ ਜੁੜੇ ਅਹਿਮ ਮੁੱਦਿਆਂ ਉੱਤੇ ਵਿਚਾਰ ਵਟਾਂਦਰਾ ਕਰਕੇ ਉਹਨਾਂ ਮੁੱਦਿਆਂ ਨੂੰ ਕੇਂਦਰ ਵਿੱਚ ਲਿਆਉਣਾ ਚਾਹੀਦਾ ਹੈ। ਸਮਾਜ ਵਿੱਚ ਸਿੱਖਿਆ ਨੂੰ ਲੈ ਕੇ ਬਹੁਤ ਵੱਡਾ ਪਾੜਾ ਹੈ। ਪੜ੍ਹੇ ਲਿਖੇ ਵਰਗ, ਜਿਵੇਂ ਅਧਿਆਪਕ, ਪ੍ਰੋਫੈਸਰ, ਲੇਖਕ ਅਤੇ ਹੋਰ ਬੁੱਧੀਜੀਵੀਆਂ ਦੀ ਨੈਤਿਕ ਜ਼ਿੰਮੇਂਵਾਰੀ ਬਣਦੀ ਹੈ ਕਿ ਉਹ ਅਜਿਹੀਆਂ ਸੰਵੇਦਨਸ਼ੀਲ ਥਾਵਾਂ 'ਤੇ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ, ਉਨ੍ਹਾਂ ਦੀਆਂ ਸਮੱਸਿਆਵਾਂ ਦੇ ਅਸਲ ਕਾਰਨਾਂ ਬਾਰੇ ਦੱਸਣ, ਉਨ੍ਹਾਂ ਦੇ ਹੱਕਾਂ ਅਤੇ ਅਧਿਕਾਰਾਂ ਬਾਰੇ ਦੱਸਣ ਤਾਂ ਜੋ ਉਹ ਗਲਤ ਅਨਸਰਾਂ ਦੇ ਹੱਥਾਂ ਵਿੱਚ ਜਾ ਕੇ ਅਸ਼ਾਂਤੀ ਨਾ ਫੈਲਾਉਣ।

ਆਮ ਜਨਤਾ ਦੀ ਵੀ ਜ਼ਿੰਮੇਂਵਾਰੀ ਬਣਦੀ ਹੈ ਕਿ ਉਹ ਅਜਿਹੇ ਅਨਸਰਾਂ ਦੇ ਪਿੱਛੇ ਲੱਗ ਕੇ ਅੱਗੇ ਤੋਂ ਅੱਗੇ ਪ੍ਰਚਾਰ ਨਾ ਕਰਨ ਅਤੇ ਅਫਵਾਹਾਂ ਨਾ ਫੈਲਾਉਣ, ਨਾ ਹੀ ਅਫਵਾਹਾਂ ਉੱਪਰ ਖੁਦ ਯਕੀਨ ਕਰਨ। ਦੇਖਣ ਵਿੱਚ ਆਇਆ ਹੈ ਕਿ ਕਈ ਅਜਿਹੇ ਪੇਚੀਦਾ ਮਾਮਲਿਆਂ ਵਿੱਚ ਫਿਰਕੂ ਦੰਗਿਆਂ ਵੇਲੇ ਪ੍ਰਸ਼ਾਸਨ ਇੰਟਰਨੈਟ ਅਤੇ ਸੋਸ਼ਲ ਮੀਡੀਆ ਉੱਤੇ ਪਾਬੰਦੀ ਲਗਾ ਦਿੰਦਾ ਹੈ ਜਾਂ ਇਸ ਨੂੰ ਕੁਝ ਦਿਨਾਂ ਲਈ ਬੰਦ ਕਰ ਦਿੱਤਾ ਜਾਂਦਾ ਹੈ। ਪਰ ਇਸ ਨਾਲ ਵੀ ਅਫਵਾਹਾਂ ਨੂੰ ਠੱਲ੍ਹ ਨਹੀਂ ਪੈਂਦੀ।

ਇਸ ਦੇ ਨਾਲ ਨਾਲ ਮੀਡੀਆ ਦੀ ਵੀ ਵੱਡੀ ਜ਼ਿੰਮੇਂਵਾਰੀ ਬਣਦੀ ਹੈ ਕਿ ਉਹ ਸਹੀ ਨੂੰ ਸਹੀ ਅਤੇ ਗਲਤ ਨੂੰ ਗਲਤ ਦੱਸਣ। ਇੱਕਪਾਸੜ ਪ੍ਰਚਾਰ ਚਲਾ ਕੇ ਅਜਿਹੀਆਂ ਕਾਰਵਾਈਆਂ ਨੂੰ ਭੜਕਾਉਣ ਤੋਂ ਗੁਰੇਜ ਕਰਨ। ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆ ਮੀਡੀਆ ਨੂੰ ਤੱਥਾਂ ਅਤੇ ਦਲੀਲਾਂ ਦੇ ਅਧਾਰ ਉਤੇ ਆਪਣੀ ਰਿਪੋਰਟ ਪੇਸ਼ ਕਰਨੀ ਚਾਹੀਦੀ ਹੈ। ਅਜਿਹੀਆਂ ਰਿਪੋਰਟਾਂ ਪੇਸ਼ ਕਰਨੀਆਂ ਚਾਹੀਦੀਆਂ ਹਨ ਜੋ ਲੋਕਾਂ ਵਿੱਚ ਮਿਲਵਰਤਨ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਨ।

ਅਜੋਕੇ ਸਮੇਂ ਵਿੱਚ ਫਿਰਕੂ ਨਫਰਤ ਦੀ ਭਾਵਨਾਵਾਂ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਪਿਆਰ, ਸਮਝਦਾਰੀ, ਮਿਲਵਰਤਨ ਨਾਲ ਕੰਮ ਕਰਨ ਦਾ ਹੈ। ਅਸੀਂ ਆਪਸੀ ਏਕੇ ਨਾਲ ਹੀ ਵਧੀਆ ਸਮਾਜ ਉਸਾਰ ਸਕਦੇ ਹਾਂ। ਅਸੀਂ ਸਭ ਤੋਂ ਪਹਿਲਾਂ ਇਨਸਾਨ ਹਾਂ, ਫਿਰ ਕਿਸੇ ਵਰਗ ਨਾਲ ਸਬੰਧਤ ਹਾਂ।

**ਮਨਮੋਹਨ ਸਿੰਘ ਨਾਭਾ**
**98155 04086**

## ਸਹਾਇਤਾ

**ਇਕਾਈ ਮੋਹਾਲੀ**

ਇੰਦਰਜੀਤ ਸਿੰਘ, ਫੇਜ-5, ਮੋਹਾਲੀ ਵੱਲੋਂ ਬੇਟੀ ਦੇ ਵਿਆਹ ਦੀ ਖੁਸ਼ੀ ਵਿੱਚ- 5000 ਰੁਪਏ

**ਇਕਾਈ ਰੋਪੜ**

ਇਕਾਈ ਰੋਪੜ ਵੱਲੋਂ ਤਰਕਸ਼ੀਲ ਲਹਿਰ ਦੇ ਕਾਫਲੇ ਚੋਂ ਵਿਛੜੇ ਸਾਥੀਆਂ : ਮਾ. ਪ੍ਰੀਤਮ ਕੁਮਾਰ, ਮੋਹਣ ਡੱਲਾ, ਖਮਿੰਦਰ ਸਿੰਘਪੁਰਾ ਅਤੇ ਹਰਵਿੰਦਰ ਸਿੰਘ ਫਿਰੋਜ਼ਪੁਰ ਬੇਲਾ ਦੀ ਯਾਦ ਵਿੱਚ ਮਿਤੀ 23 ਮਈ 2026 ਨੂੰ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਇਸ ਪ੍ਰੋਗਰਾਮ ਲਈ ਆਈ ਆਰਥਿਕ ਸਹਾਇਤਾ ਦਾ ਵੇਰਵਾ।

| | |
|---|---|
| 1. ਸੰਜੀਵ ਕੁਮਾਰ ਪੁੱਤਰ ਮਾਸਟਰ ਪ੍ਰੀਤਮ ਕੁਮਾਰ- | 20000 ਰੁਪਏ |
| 2. ਅਨਿਲ ਕੁਮਾਰ ਰਿਟਾਇਰ ਰੇਂਜ ਅਫ਼ਸਰ- | 2500 ਰੁਪਏ |
| 3. ਅਜੀਤ ਪ੍ਰਦੇਸੀ ਜੋਨ ਮੁਖੀ- | 1000 ਰੁਪਏ |
| 4. ਕੁਲਦੀਪ ਕੌਰ ਪਤਨੀ ਮੋਹਣ ਡੱਲਾ- | 2100 ਰੁਪਏ |
| 5. ਪ੍ਰਿੰਸੀਪਲ ਰਾਮਪਾਲ ਕਟਾਰੀਆ- | 1000 ਰੁਪਏ |
| 6. ਇਕਬਾਲ ਬੇਲਾ- | 1000 ਰੁਪਏ |
| 7. ਸ਼ੈਲਿੰਦਰ ਸੁਹਾਲੀ ਜੋਨ ਵਿਤ ਮੁਖੀ- | 500 ਰੁਪਏ |
| 8. ਕਾਮਰੇਡ ਗੁਰਦੇਵ ਬਾਗੀ- | 100 ਰੁਪਏ |
| **ਕੁੱਲ** | = 28200=00 |

ਇਸ ਤੋਂ ਇਲਾਵਾ ਅਮਰਨਾਥ, ਮੁਖੀ ਮਾਨਸਿਕ ਵਿਭਾਗ ਵੱਲੋਂ ਇਕਾਈ ਨੂੰ 2500 ਰੁਪਏ ਅਤੇ ਰਾਜੇਸ਼ ਕੁਮਾਰ ਸ਼ਰਮਾ ਜੰਗਲਾਤ ਬਲਾਕ ਅਫ਼ਸਰ ਨੰਗਲ ਵੱਲੋਂ 2000 ਰੁਪਏ ਸਹਾਇਤਾ ਦਿੱਤੀ ਗਈ

# ਵਿਗਿਆਨ, ਵਿਗਿਆਨੀ ਤੇ ਵਿਗਿਆਨਕ ਸੋਚ

-ਜਸਵੰਤ ਮੋਹਾਲੀ

ਅਜਿਹੇ ਸੱਜਣ ਤੁਹਾਨੂੰ ਵੀ ਮਿਲਦੇ ਹੋਣਗੇ ਜੋ ਵਿਗਿਆਨ ਨੂੰ ਕੋਸਦੇ ਰਹਿੰਦੇ ਹਨ। ਉਹ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਵਿਗਿਆਨ ਨੂੰ ਮੰਨਦੇ ਹਨ- ਜਿਵੇਂ ਪ੍ਰਦੂਸ਼ਣ, ਜੰਗਾਂ, ਬਿਮਾਰੀਆਂ ਆਦਿ। ਇਹ ਦੱਸਣ ਦੀ ਲੋੜ ਨਹੀਂ ਕਿ ਅਜਿਹੇ ਸੱਜਣ ਸਵੇਰੇ ਉੱਠਣ ਤੋਂ ਲੈਕੇ ਰਾਤੀਂ ਸੌਣ ਤੱਕ ਪਲ-ਪਲ ਵਿਗਿਆਨ ਦੀ ਵਰਤੋਂ ਕਰਦੇ ਹਨ। ਅਜਿਹੇ ਇੱਕ ਸੱਜਣ ਦੀ ਦਲੀਲ ਸੀ ਕਿ ਵਿਗਿਆਨ ਦੀਆਂ ਸਹੂਲਤਾਂ ਤਾਂ ਚੰਗੀ ਗੱਲ ਹੈ ਪਰ ਕਿਉਂਕਿ ਇਸਨੇ ਸਾਡੇ ਸਿਰ ਤੇ ਐਟਮ ਬੰਬਾਂ ਦਾ ਖਤਰਾ ਖੜਾ ਕੀਤਾ ਹੈ, ਇਸ ਲਈ ਬੁਰੀ ਹੈ। ਜਦੋਂ ਡਰੋਨਾਂ, ਮਿਜ਼ਾਈਲਾਂ ਦਾ ਖਤਰਾ ਨਹੀਂ ਸੀ, ਰਾਜੇ ਤੀਰਾਂ ਤਲਵਾਰਾਂ ਨਾਲ ਲੜਦੇ ਸਨ, ਉਦੋਂ ਵੀ ਹਜ਼ਾਰਾਂ ਦੀ ਗਿਣਤੀ ਵਿਚ ਸੈਨਿਕ ਤੇ ਆਮ ਲੋਕ ਮਰਦੇ ਸਨ। ਤੀਰ ਤਲਵਾਰਾਂ ਵੀ ਵਿਗਿਆਨ ਦੇ ਉਸ ਸਮੇਂ ਦੇ ਪੱਧਰ ਦੇ ਹਥਿਆਰ ਸਨ। ਦਰਅਸਲ ਕੁੱਝ ਸੱਜਣਾਂ ਨੂੰ ਜਹਾਜ਼ ਤਾਂ ਵਿਗਿਆਨ ਦੀ ਦੇਣ ਲਗਦਾ ਹੈ, ਗੱਡਾ ਨਹੀਂ। ਇਸ ਤੋਂ ਅੱਗੇ ਉਸ ਸੱਜਣ ਨੇ ਗੱਲ ਕੀਤੀ ਕਿ ਸਾਇੰਸ ਸਾਡੇ ਵੱਸ ਵਿੱਚ ਤਾਂ ਹੈ ਨਹੀਂ, ਇਹ ਐਟਮ ਬੰਬਾਂ ਦਾ ਕੰਟਰੋਲ ਤਾਂ ਟਰੰਪ, ਪੁਤਿਨ, ਮਨੀਰ ਤੇ ਮੋਦੀ ਵਰਗਿਆਂ ਕੋਲ ਹੈ। ਕੀ ਪਤਾ ਕਿਸੇ ਦਿਨ ਦਿਮਾਗ ਕਿੱਧਰ ਨੂੰ ਚੱਲ ਪਵੇ। ਹਾਂ, ਇਹ ਗੱਲ ਕੁੱਝ ਬਦਲਵੇਂ ਰੂਪ ਵਿਚ ਠੀਕ ਹੈ ਕਿ ਸਾਧਨਾਂ ਉੱਤੇ, ਵਿਗਿਆਨ ਅਤੇ ਟੈਕਨੋਲੋਜੀ 'ਤੇ ਕਾਬਜ਼ ਧਿਰਾਂ ਹੀ ਵਿਗਿਆਨ ਦੀ ਵਰਤੋਂ / ਕੁਵਰਤੋਂ ਤੈਅ ਕਰਦੀਆਂ ਹਨ।

ਅਜਿਹੇ ਸੱਜਣ ਵੀ ਹਨ ਜੋ ਕਿਸੇ ਵਿਗਿਆਨੀ ਜਾਂ ਸਪੇਸ ਸੰਸਥਾ ਇਸਰੋ ਦੀ ਟੀਮ ਦੇ ਕਰਮਕਾਂਡ ਦੀ ਮਿਸਾਲ ਦੇਣਗੇ, ਆਪਣੇ ਕਰਮਕਾਂਡਾਂ ਨੂੰ ਢਕਣ ਲਈ। ਇਹ ਵਿਗਿਆਨੀ ਆਦਿ ਵੀ ਉਸੇ ਸਮਾਜ ਦਾ ਹਿੱਸਾ ਹਨ ਜਿੱਥੇ ਨੌਕਰੀ ਲਈ ਇੰਟਰਵਿਊ ਦੇਣ ਜਾਂ ਇਮਤਿਹਾਨ ਦੇਣ ਜਾ ਰਹੇ ਕੁੱਝ ਨੌਜਵਾਨ ਘਰੋਂ ਮੱਥਾ ਟੇਕ ਕੇ ਤੁਰਦੇ ਹਨ। ਖੇਡ ਦੇ ਮੈਦਾਨ ਵਿੱਚ ਜਾਣ ਤੋਂ ਪਹਿਲਾਂ ਕੁੱਝ ਖਿਡਾਰੀ ਵੀ ਇਹੀ ਕਰਦੇ ਹਨ। ਇਸਰੋ ਟੀਮ ਦਾ ਵੀ ਰਾਕਟ ਛੱਡਣ ਵਾਲੇ ਦਿਨ ਇਮਤਿਹਾਨ ਹੀ ਹੁੰਦਾ ਹੈ ਅਤੇ ਉਹ ਵੀ ਉਸੇ ਤਰ੍ਹਾਂ ਪੂਜਾ-ਪਾਠ ਕਰਦੇ ਹਨ। ਜਿਵੇਂ ਪੂਜਾ-ਪਾਠ ਕਰਨ ਦੇ ਬਾਵਜੂਦ ਵੀ ਵਿਦਿਆਰਥੀ ਫੇਲ੍ਹ ਹੋ ਜਾਂਦੇ ਹਨ, ਉਸੇ ਤਰ੍ਹਾਂ ਇਸੇ ਸਾਲ ਜਨਵਰੀ ਮਹੀਨੇ ਛੱਡਿਆ ਗਿਆ ਰਾਕਟ, ਵਿਗਿਆਨੀਆਂ ਦੀ ਟੀਮ ਦੁਆਰਾ ਤਿਰੁਮਾਲਾ ਵੈਂਕਟੇਸ਼ਵਰ ਮੰਦਰ ਵਿੱਚ ਪੂਜਾ ਕਰਨ ਦੇ ਬਾਵਜੂਦ ਵੀ ਫੇਲ੍ਹ ਹੋ ਗਿਆ ਅਤੇ ਨਾਲ ਹੀ 16 ਉਪਗ੍ਰਹਿ ਵੀ ਮੰਜ਼ਿਲ ਤੇ ਨਾ ਪਹੁੰਚੇ। ਇਹ ਪੂਜਾ ਅਰਚਨਾ ਕਿਸੇ ਕੰਮ ਨਹੀਂ ਆਈ, ਨਾ ਆਉਂਦੀ ਹੈ। ਫਿਰ ਵੀ ਲੋਕ ਕਰਮ-ਕਾਂਡ ਕਿਉਂ ਕਰਦੇ ਹਨ? ਕਾਰਣ- ਫੇਲ੍ਹ ਹੋਣ ਦਾ ਡਰ, ਆਤਮ ਵਿਸ਼ਵਾਸ ਦੀ ਘਾਟ, ਚਲੀ ਆ ਰਹੀ ਪਰੰਪਰਾ ਆਦਿ।

ਸਿਰਫ ਵਿਗਿਆਨਕ ਨਜ਼ਰੀਆ ਰੱਖਣ ਵਾਲਾ ਵਿਅਕਤੀ ਹੀ ਅਜਿਹੇ ਕਰਮਕਾਂਡਾਂ ਤੋਂ ਬਚ ਸਕਦਾ ਹੈ। ਮਿਸਾਲ ਵਜੋਂ ਦੇਸ਼ ਵਿਦੇਸ਼ ਵਿੱਚ 21 ਸਤੰਬਰ 1995 ਨੂੰ ਗਣੇਸ਼ ਦੀ ਮੂਰਤੀ ਨੂੰ ਦੁੱਧ ਪਿਲਾਉਣ ਲਈ ਜੁੜੀਆਂ ਕਤਾਰਾਂ ਵਿੱਚ ਆਮ ਸਧਾਰਨ ਬੰਦੇ ਹੀ ਨਹੀਂ ਸਗੋਂ ਬੈਂਕਾਂ ਦੇ ਅਫਸਰ, ਇੰਜੀਨੀਅਰ, ਡਾਕਟਰ ਆਦਿ ਦੇਖੇ ਗਏ। ਦੂਜੇ ਪਾਸੇ ਟੀਵੀ ਉਤੇ ਪ੍ਰਮੁੱਖਤਾ ਨਾਲ ਖਬਰ ਦਿੱਤੀ ਗਈ ਜਿਸ ਵਿੱਚ ਇੱਕ ਮੋਚੀ ਬਿਲਕੁਲ ਉਸੇ ਤਰ੍ਹਾਂ ਆਪਣੀ ਤਿਪਾਈ (ਜੁੱਤੀਆਂ ਗੰਢਣ ਵਾਲਾ ਉਸਦਾ ਔਜ਼ਾਰ) ਨੂੰ ਦੁੱਧ ਪਿਲਾ ਕੇ ਦਿਖਾ ਰਿਹਾ ਸੀ, ਜਿਸ ਤਰ੍ਹਾਂ ਗਣੇਸ਼ ਦੀ ਮੂਰਤੀ ਦੁੱਧ ਪੀ ਰਹੀ ਸੀ। ਜਦੋਂ ਪੜ੍ਹੇ-ਲਿਖੇ ਲੋਕ ਦੁੱਧ ਪਿਲਾਉਣ ਲਈ ਕਤਾਰਾਂ ਵਿੱਚ ਲੱਗੇ ਹੋਏ ਸਨ, ਉਦੋਂ ਇਹ ਮੋਚੀ ਜਿਸ ਨੇ ਵਿਗਿਆਨ ਦੀ ਕੋਈ ਪੜ੍ਹਾਈ ਨਹੀਂ ਕੀਤੀ ਸੀ, ਇਸ ਨੂੰ ਅੰਧ ਵਿਸ਼ਵਾਸ ਅਤੇ ਲਾਈਲੱਗਤਾ ਦੱਸ ਰਿਹਾ ਸੀ। ਮੋਚੀ ਕੋਲ ਵਿਗਿਆਨਕ ਨਜ਼ਰੀਆ ਸੀ ਘਟਨਾਵਾਂ ਨੂੰ ਦੇਖਣ ਦਾ। ਜ਼ਰਾ ਵਿਚਾਰੋ ਤਾਂ ਸਹੀ ਕਿ ਗੈਰ ਵਿਗਿਆਨਕ ਸੋਚ ਨੇ ਟਨਾਂ ਦੇ ਹਿਸਾਬ ਨਾਲ ਦੁੱਧ ਨਾਲੀਆਂ ਵਿੱਚ ਰੋੜ੍ਹ ਦਿੱਤਾ। ਕਿਤੇ ਤੁਸੀਂ ਵੀ ਆਪਣੀ ਸੋਚ ਕਰਕੇ ਆਪਣਾ, ਪਰਿਵਾਰ ਤੇ ਸਮਾਜ ਦਾ ਕੋਈ ਨੁਕਸਾਨ ਤਾਂ ਨਹੀਂ ਕਰ ਰਹੇ, ਜਰੂਰ ਸੋਚਿਓ!

ਸੋਚਿਓ ਤੇ ਪੁੱਛਿਓ - ਸਾਡਾ ਦੇਸ਼ ਲਕਸ਼ਮੀ ਅਤੇ ਕੁਬੇਰ ਦੀ ਪੂਜਾ ਕਰਨ ਦੇ ਬਾਵਜੂਦ ਗਰੀਬ ਦੇਸ਼ਾਂ ਵਿੱਚ ਕਿਉਂ ਆਉਂਦਾ ਹੈ? ਪ੍ਰਧਾਨ ਸੇਵਕ ਕਿਉਂ ਕਹਿੰਦਾ ਹੈ ਕਿ ਮੈਨੂੰ ਯਕੀਨ ਹੈ ਮੈਂ ਬਾਓਲੋਜੀਕਲੀ ਪੈਦਾ ਨਹੀਂ ਹੋਇਆ, ਰੱਬ ਦਾ ਭੇਜਿਆ ਹੋਇਆ ਹਾਂ? ਰੱਖਿਆ ਮੰਤਰੀ ਰਾਜਨਾਥ ਸਿੰਘ ਦੇਸ਼ ਦੀ ਰੱਖਿਆ ਲਈ ਖਰੀਦੇ ਰਾਫੇਲ ਜਹਾਜ ਦੀ ਰੱਖਿਆ ਲਈ ਉਸ ਉੱਪਰ ਨਿੰਬੂ ਮਿਰਚਾਂ ਕਿਉਂ ਬੰਨਦਾ ਹੈ? ਲੜੀ ਵਾਲੇ ਪਟਾਕਿਆਂ ਵਾਂਗ ਜੇ ਇਨ੍ਹਾਂ ਸੁਆਲਾਂ ਦੀ ਅਮੁੱਕ ਲੜੀ ਤੁਹਾਡੇ ਦਿਮਾਗ ਵਿਚ ਚੱਲ ਪੈਂਦੀ ਹੈ ਤਾਂ ਸਮਾਜ ਵਿਚ ਕੁਝ ਚੰਗਾ ਹੋਣ ਦੀ ਆਸ ਬਣ ਗਈ ਹੈ।

ਤਰਕਸ਼ੀਲ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਜਿਲਦ ਨੰ. 27 ਰਜਿ. ਨੰ. PUNPUN/2000/05393 ਅੰਕ : 4

# ਤਰਕਸ਼ੀਲ ਪੁਸਤਕ ਮੇਲਾ

## ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਵੱਲੋਂ
## ਡਾ. ਨਰਿੰਦਰ ਦਬੋਲਕਰ ਦੀ ਯਾਦ ਨੂੰ ਸਮਰਪਿਤ

# ਤਿੰਨ ਰੋਜ਼ਾ ਪੁਸਤਕ ਮੇਲਾ



ਡਾ. ਨਰਿੰਦਰ ਦਬੋਲਕਰ ਮਹਾਂਰਾਸ਼ਟਰ ਦੇ ਤਰਕਸ਼ੀਲ ਆਗੂ ਸਨ, ਜਿਨ੍ਹਾਂ ਨੂੰ ਕੱਟੜ ਹਿੰਦੂਤਵੀ ਤਾਕਤਾਂ ਵੱਲੋਂ 20 ਅਗਸਤ 2013 ਨੂੰ ਸ਼ਹੀਦ ਕਰ ਦਿੱਤਾ ਗਿਆ ਸੀ।

**ਮਿਤੀ 21-22-23 ਅਗਸਤ 2026 ਨੂੰ**
**ਤਰਕਸ਼ੀਲ ਭਵਨ, ਬਰਨਾਲਾ ਵਿਖੇ ਲਗਾਇਆ ਜਾ ਰਿਹਾ ਹੈ।**

ਆਪ ਸਭ ਨੂੰ ਇਸ ਵਿੱਚ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

ਇਸ ਪੁਸਤਕ ਮੇਲੇ ਵਿੱਚ:

- ਨਾਮਵਰ ਪ੍ਰਕਾਸ਼ਕਾਂ ਵੱਲੋਂ ਤਰਕਸ਼ੀਲ, ਮਾਨਵਵਾਦੀ, ਅਗਾਂਹਵਧੂ ਸਾਹਿਤ ਦੀਆਂ ਸਟਾਲਾਂ ਲਗਾਈਆਂ ਜਾਣਗੀਆਂ।
- ਸਾਹਿਤ, ਵਿਗਿਆਨਕ ਸੋਚ ਅਤੇ ਪੱਤਰਕਾਰੀ ਬਾਰੇ ਸੈਮੀਨਾਰ ਹੋਣਗੇ।
- ਨੁੱਕੜ ਨਾਟਕ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਹੋਣਗੇ।

**ਸੰਪਰਕ: 98767-10809, 95010-06626, 98728-74620**

ਨੋਟ-ਤਰਕਸ਼ੀਲ ਭਵਨ, ਤਰਕਸ਼ੀਲ ਚੌਂਕ ਬਰਨਾਲਾ ਦੇ ਬਿਲਕੁਲ ਨਜ਼ਦੀਕ ਸਥਿਤ ਹੈ।

Scan Me
For Location




If undelivered please return to :
Tarksheel
Tarksheel Bhawan, Tarksheel Chowk,
Sanghera By Pass, BARNALA-148101
Post Box No. 55
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ..................................................

..................................................

..................................................